ਸੰਤ

ਬਾਬਾ ਬੀਰ ਸਿੰਘ ਜੀ

- ਨੌਰੰਗਾਬਾਦ -



ਲੇਖਕ:- ਪ੍ਰਤਾਪ ਸਿੰਘ ਗਿਆਨੀ

ਜੀਵਨ

ਸੰਤ ਬਾਬਾ ਬੀਰ ਸਿੰਘ ਜੀ

(ਨੌਰੰਗਾਬਾਦ)

ਸਹਿਤ

ਬਾਬਾ ਮਹਾਰਾਜ ਸਿੰਘ

ਲੇਖਕ–

ਪ੍ਰਤਾਪ ਸਿੰਘ 'ਗਿਆਨੀ'

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,
ਐਡੀਟਰ "ਗਿਆਨ ਅੰਮ੍ਰਿਤ" ਸ੍ਰੀ ਅੰਮ੍ਰਿਤਸਰ

ਪ੍ਰਕਾਸ਼ਕ–

ਖਾਲਸਾ ਬ੍ਰਦਰਜ਼

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।

ਚੌਥੀ ਵਾਰ 1996 ਮੂਲ 30–00

2

੧ ਓ ਸਤਿਗੁਰ ਪ੍ਰਸਾਦਿ

ਮੁਖ ਬੰਦ

ਇਹ ਪੁਸਤਕ ਸਿਖ ਇਤਿਹਾਸ ਦਾ ਇਕ ਸਿਖਿਆ ਦਾਇਕ ਅਤੇ ਦਰਦਨਾਕ ਕਾਂਡ ਹੈ। ਇਸ਼ ਵਿਚ ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਦੇ ਸਮੇਂ ਹੋਏ ਮਹਾਂਪੁਰਸ਼ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾ-ਬਾਦ ਵਾਲਿਆਂ ਦਾ ਜੀਵਨ ਚਰਿਤ੍ਰ ਪੇਸ਼ ਕੀਤਾ ਗਿਆ ਹੈ।

ਬਾਬਾ ਜੀ ਬੜੇ ਭਜਨੀਕ, ਤਪਸਵੀ, ਸੂਰਬੀਰ, ਜਤੀ ਸਤੀ, ਲੋਕ ਸੇਵਕ, ਸੁਧਾਰਕ ਅਤੇ ਆਤਮਿਕ ਤੌਰ ਤੇ ਬਲਵਾਨ ਪੁਰਸ਼ ਹੋਏ ਹਨ। ਆਪ ਦਾ ਜਨਮ ਨਗਰ ਗਗੋਬੂਆ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪਦੇ ਪਿਤਾ ਸ: ਸੇਵਾ ਸਿੰਘ ਜੀ ਸਿਖ ਫੌਜ 'ਚ ਸਨ ਉਹ ਮੁਲਤਾਨ ਦੀ ਲੜਾਈ ਵਿਚ ਮਾਰੇ ਗਏ। ਉਨ੍ਹਾਂ ਦੇ ਪਿਛੋਂ ਬਾਬਾ ਬੀਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚ ਭਰਤੀ ਹੋਏ। ਕਸ਼ਮੀਰ, ਪਸ਼ੌਰ ਤੇ ਤੀਰਾਹ ਵਿਚ ਲੜਦੇ ਰਹੇ।

ਫੌਜ ਦੀ ਨੌਕਰੀ ਕਰਦਿਆਂ ਆਪ ਦੇ ਮਨ ਵਿਚ ਭਗਤੀ ਤੇ ਵੈਰਾਗ ਉਤਪੰਨ ਹੋਇਆ। ਸੰਤ ਭਾਗ ਸਿੰਘ ਜੀ ਕੁਰੀ ਜ਼ਿਲਾ ਰਾਵਲ ਪਿੰਡੀ ਵਾਲਿਆਂ ਪਾਸੋਂ ਉਪਦੇਸ਼ ਲੈ ਕੇ ਆਪ ਨੇ ਭਜਨ ਸਿਮਰਨ ਤੇ ਅਤੁਟ ਸੇਵਾ ਅਤੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਦੀ ਸੰਗਤ ਵਿਚ ਰਹਿਕੇ ਆਪ ਨੇ ਬੜੀ ਆਤਮਿਕ ਉਨਤੀ ਕੀਤੀ। ਫਿਰ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਵਿਚ ਡੇਰਾ ਕਾਇਮ ਕਰਕੇ ਭਜਨ, ਸਿਮਰਨ, ਸਤਿਸੰਗ ਅਤੇ ਸੇਵਾ ਦਾ ਪ੍ਰਵਾਹ ਚਲਾਇਆ, ਜਿਸ ਕਰਕੇ ਆਪ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਦੇ ਨਾਂ ਤੋਂ ਪ੍ਰਸਿਧ ਹੋਏ। ਆਪ ਬੜੇ ਅਨੁਭਵੀ, ਕਰਮ ਯੋਗੀ ਤੇ ਮਰਯਾਦਾ ਪੁਰਸ਼ੋਤਮ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ

ਅਤੇ ਉਸ ਤੋਂ ਪਿਛੋਂ ਵੀ ਸਿੱਖੀ ਅਤੇ ਪੰਜਾਬ ਉਤੇ ਆਪ ਦਾ ਬਹੁਤ ਡੂੰਘਾ ਪ੍ਰਭਾਵ ਰਿਹਾ ਹੈ।

ਪੰਡਤ ਸ਼ੇਰ ਸਿੰਘ ਨੇ "ਬੀਰ ਮ੍ਰਿਗੇਸ਼" ਵਿਚ ਲਿਖਿਆ ਹੈ ਕਿ ਬਾਬਾ ਬੀਰ ਸਿੰਘ ਜੀ ਦੇ ਲੰਗਰ ਵਿਚ ਵੀਹ ਵੀਹ ਹਜ਼ਾਰ ਆਦਮੀ ਪ੍ਰਸ਼ਾਦ ਛਕਦੇ ਸਨ। ਸਤ ਸੌ ਮਣ ਆਟਾ ਤੇ ਢਾਈ ਸੌ ਮਣ ਦਾਲ ਰੋਜ਼ਾਨਾ ਖਰਚ ਹੁੰਦੀ ਸੀ।

ਗਿਆਨੀ ਗਿਆਨ ਸਿੰਘ ਨੇ "ਰਾਜ ਖਾਲਸਾ" ਵਿਚ ਲਿਖਿਆ ਹੈ ਕਿ ਹਜ਼ਾਰ ਬਾਰਾਂ ਸੌ ਸਿੰਘ ਹਰ ਵਕਤ ਬਾਬਾ ਜੀ ਦੇ ਨਾਲ ਰਹਿੰਦੇ ਸਨ।

ਸੂਬਾ ਸਰਹੱਦ, ਕਾਬਲ, ਕੰਧਾਰ, ਗਜ਼ਨੀ, ਬਲਖ ਤੇ ਬੁਖਾਰੇ ਵਿਚ ਧਰਮ ਪ੍ਰਚਾਰ ਕਰਨ ਵਾਲੇ ਬਾਬਾ ਖੁਦਾ ਸਿੰਘ ਜੀ ਆਪ ਦੇ ਚਰਨ ਸੇਵਕ ਸਨ। ਰਾਮ ਨਗਰ, ਚੇਲੀਆਂ ਵਾਲਾ ਤੇ ਗੁਜਰਾਤ ਦੀਆਂ ਲੜਾਈਆਂ ਵਿਚ ਅਗਵਾਈ ਕਰਨ ਵਾਲੇ ਬਾਬਾ ਮਹਾਰਾਜ ਸਿੰਘ ਜੀ ਆਪ ਦੇ ਜਾਨਸ਼ੀਨ ਸਨ।

ਬਾਬਾ ਬਿਸ਼ਨ ਸਿੰਘ ਊਨੇ ਵਾਲਿਆਂ ਦੇ ਸਪੁਤ੍ਰ ਬਾਬਾ ਖੇਮ ਸਿੰਘ ਜੀ ਸਨ—ਜਿਨ੍ਹਾਂ ਦਾ ਪੋਠੋਹਾਰ ਉਤੇ ਬਹੁਤ ਅਸਰ ਪਿਆ—ਉਨ੍ਹਾਂ ਨੇ ਬਾਬਾ ਬੀਰ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ।

ਬਾਬਾ ਬੀਰ ਸਿੰਘ ਜੀ ਪਿਛਲੇ ਡੇਢ ਸੌ ਬਰਸਾਂ ਵਿਚ ਬੜੇ ਤੇਜਸਵੀ ਤੇ ਪ੍ਰਭਾਵਸ਼ਾਲੀ ਪੁਰਸ਼ ਹੋਏ ਹਨ। ਆਪ ਨੇ ਸਿਖਾਂ ਨੂੰ ਡੋਗਰਿਆਂ ਦੀਆਂ ਸਾਜ਼ਸ਼ਾਂ, ਭਰਾ ਮਾਰੂ ਖਾਨਾ ਜੰਗੀ ਅਤੇ ਪੰਜਾਬ ਨੂੰ ਅੰਗਰੇਜ਼ੀ ਪ੍ਰਭਾਵ ਤੋਂ ਬਚਾਉਣ ਲਈ ਬੜਾ ਜਤਨ ਕੀਤਾ। ਲਾਹੌਰ ਦਰਬਾਰ ਵਿਚ ਰਾਜਨੀਤਕ ਤਾਕਤ ਹਾਸਲ ਕਰਨ ਲਈ ਡੋਗਰਿਆਂ ਅਤੇ ਸੰਧਾਵਾਲੀਆਂ ਨੇ ਕ੍ਰੋਧ, ਈਰਖਾ, ਦਵੈਸ਼ ਤੇ ਭਰਾ ਮਾਰੂ ਜੰਗ ਦੀ ਜੋ ਅਗਨੀ ਪ੍ਰਚੰਡ ਕੀਤੀ ਸੀ, ਉਸ ਨੂੰ ਸ਼ਾਂਤ ਕਰਨ ਲਈ ਆਪਣੀ ਜਾਨ ਦੀ ਅਹੂਤੀ ਦਿਤੀ।

ਸ: ਅਤਰ ਸਿੰਘ ਸੰਧਾਵਾਲੀਏ ਤੇ ਉਸ਼ਦੇ ਪ੍ਰਵਾਰ ਨੂੰ ਪਨਾਹ

ਦੇਣ ਦੀ ਆੜ ਵਿਚ ਹੀਰਾ ਸਿੰਘ ਡੋਗਰੇ ਤੇ ਜਲ੍ਹੇ ਮਿਸਰ ਨੇ ਲਾਭ ਸਿੰਘ ਡੋਗਰੇ ਦੀ ਕਮਾਨ ਹੇਠ ਲਾਹੌਰ ਦਰਬਾਰ ਦੀਆਂ ਫੌਜਾਂ ਭੇਜ ਕੇ ਹਰੀ ਕੇ ਪਤਨ ਦੇ ਲਾਗੇ ਬਾਬਾ ਬੀਰ ਸਿੰਘ ਜੀ ਨੂੰ ਤੋਪਾਂ ਦੇ ਗੋਲਿਆਂ ਤੇ ਬੰਦੂਕਾਂ ਦੀਆਂ ਗੋਲੀਆਂ ਨਾਲ ਸ਼ਹੀਦ ਕਰਵਾਇਆ ਪਰ ਆਪ ਨੇ ਇਕ ਬ੍ਰਹਮ ਗਿਆਨੀ ਤੇ ਆਤਮ ਦਰਸੀ ਦੇ ਰੂਪ ਵਿਚ "ਭਰਾਵਾਂ ਉਤੇ ਵਾਰ ਨਹੀਂ ਕਰਨਾ" ਤੇ "ਸ਼ਰਣਾਗਤਿ" ਦੀ ਲਾਜ ਰਖਣੀ ਦਾ ਸੰਦੇਸ਼ ਦੇਂਦੇ ਹੋਏ ਜਾਨ ਦਿਤੀ।

ਸੁਕਰਾਤ ਨੇ ਜ਼ਹਿਰ ਦਾ ਪਿਆਲਾ ਪੀ ਕੇ ਜਾਨ ਦਿਤੀ। ਈਸਾ ਸੂਲੀ ਤੇ ਚੜ੍ਹਿਆ। ਮਨਸੂਰ ਨੇ ਖੁਸ਼ੀ ਨਾਲ ਸੂਲੀ ਪ੍ਰਵਾਨ ਕੀਤੀ। ਸ਼ਮਸ ਤਬਰੇਜ਼ੀ ਨੇ ਖਲ ਲੁਹਾਈ। ਪਰ ਉਨ੍ਹਾਂ ਪਾਸ ਸੈਨਕ ਬਲ ਨਹੀਂ ਸੀ।

ਸੰਤਾ ਬਾਬਾ ਬੀਰ ਸਿੰਘ ਜੀ ਪਾਸ ੧੩ ਹਜ਼ਾਰ ਹਥਿਆਰ ਬੰਦ, ਸੂਰਬੀਰ ਤੇ ਲੜਨ ਮਰਨ ਵਾਲ ਫੌਜੀ ਸਰਦਾਰ ਮੌਜੂਦ ਸਨ। ਹਜ਼ਾਰਾਂ ਲੋਕੀਂ ਨਾਲ ਸਨ। ਫਿਰ ਭੀ ਆਪ ਨੇ ਸ਼ਾਂਤਮਈ ਰਹਿਕੇ ਸ਼ਹੀਦੀ ਪ੍ਰਾਪਤ ਕੀਤੀ। ਸਾਥੀਆਂ ਨੂੰ ਸ਼ਾਂਤਮਈ ਰਹਿਕੇ ਸ਼ਹੀਦੀ ਪਾਣ ਦਾ ਸਬਕ ਦਿਤਾ।

ਆਪ ਦੇ ਭਰਾ ਗੁਰਮੁਖ ਸਿੰਘ, ਸ਼ਰਮ ਸਿੰਘ ਤੇ ਦਲ ਸਿੰਘ ਆਪ ਦੇ ਨਾਲ ਸ਼ਹੀਦ ਹੋਏ ਹਨ।

ਦੁਖ ਦੀ ਗਲ ਹੈ ਕਿ ਡੋਗਰਿਆਂ ਦੇ ਅੱਡੇ ਚੜ੍ਹ ਕੇ ਲਾਹੌਰ ਦਰਬਾਰ ਦੀਆਂ ਸਿਖ ਫੌਜਾਂ ਨੇ ਹਰੀ ਕੇ ਪਤਨ ਦੇ ਲਾਗੇ ਤੋਪਾਂ ਡਾਹ ਕੇ ਤੇ ਬੰਦੂਕਾਂ ਰਾਹੀਂ ਗੋਲੀਆਂ ਦੀ ਵਾਛੜ ਲਾਕੇ ਸੰਤ ਬਾਬਾ ਬੀਰ ਸਿੰਘ ਵਰਗੇ ਮਹਾਂ ਪੁਰਸ਼ ਨੂੰ ਮਾਰਿਆ। ਫਿਰ ਉਸ ਕੁਕਰਮ ਉਤੇ ਮਾਣ ਕਰਦੇ ਹੋਏ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਕਈ ਬੁਰਛਿਆਂ ਨੇ ਕਿਹਾ—

ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛਡਿਆ ਸਾਧ ਤੇ ਸੰਤ ਮੀਆਂ।

ਬਾਬਾ ਬੀਰ ਸਿੰਘ ਵਰਗੇ ਪਰ ਸੰਤਾਂ ਤੇ ਸਿਖ ਰਾਜ ਦੇ ਸੁਭ ਚਿੰਤਕ ਸਰਦਾਰਾਂ ਨੂੰ ਮਾਰਨ ਵਾਲੇ ਬੁਰਛਿਆਂ ਨੇ ਡੋਗਰਿਆਂ ਦੇ ਅਡੇ ਚੜ੍ਹੇ ਕਈ ਕੌਮਾਂ ਘਾਤਕਾਂ ਨੇ ਸਿਖ ਫੌਜਾਂ ਤੇ ਜਨਤਾ ਨੂੰ ਟਪਲਾ ਦੇਣ ਲਈ "ਪੰਥ" ਦਾ ਨਾਂ ਵਰਤਿਆ ਅਤੇ ਕਿਹਾ—

ਸ਼ਾਹ ਮੁਹੰਮਦਾ ਗਲ ਤਾਂ ਸੋਈ ਹੋਈ,
ਜਿਹੜਾ ਕਰੇਗਾ ਖਾਲਸਾ ਪੰਥ ਮੀਆਂ।

ਸੰਤ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਅਦੁਤੀ ਹੈ। ਸਿਖ ਦੀ ਇਕ ਟਰੇਜਡੀ ਹੈ।

ਮੇਰੀ ਕਈ ਸਾਲਾਂ ਤੋਂ ਇਛਾ ਸੀ ਕਿ ਬਾਬਾ ਬੀਰ ਸਿੰਘ ਜੀ ਦਾ ਜੀਵਨ ਚਰਿਤ੍ਰ ਲਿਖਾਂ, ਪਰ ਕੋਈ ਬਿਧਿ ਨਹੀਂ ਬਣਦੀ ਸੀ। ਬਾਬਾ ਜੀ ਸੰਬੰਧੀ ਕੁਝ ਪੁਸਤਕਾਂ ਵਿਚ ਸੰਖੇਪ ਜ਼ਿਕਰ ਮਿਲਦਾ ਸੀ, ਪਰ ਮੁਕੰਮਲ ਤੌਰ ਤੇ ਕੋਈ ਪੁਸਤਕ ਨਹੀਂ ਮਿਲਦੀ ਸੀ।

ਦੋ ਸਾਲ ਹੋਏ ਸੰਤ ਕਰਤਾਰ ਸਿੰਘ ਜੀ ਮੁਖੀ ਸੇਵਕ ਦਮਦਮਾ ਸਾਹਿਬ ਨਗਰ ਠੱਟਾ, ਜ਼ਿਲਾ ਕਪੂਰਥਲਾ ਨੇ ਮੈਨੂੰ ਉਥੇ ਸਦ ਕੇ ਬਾਬਾ ਜੀ ਦੇ ਇਕ ਗਾਤਰੇ, ਇਕ ਕਛਿਹਰੇ ਅਤੇ ਇਕ ਚੁਤਹੀ ਦੇ ਦਰਸ਼ਨ ਕਰਵਾਏ। ਨਾਲ ਹੀ ਇਕ ਲਿਖਤੀ ਪੋਥੀ ਵਿਖਾਈ, ਜਿਹੜੀ ਬਾਬਾ ਜੀ ਤੇ ਹਜ਼ੂਰੀ ਸੇਵਕ ਭਾਈ ਮੋਹਰ ਸਿੰਘ ਨੇ ਸੰਤ ਬਾਬਾ ਖੜਕ ਸਿੰਘ ਜੀ ਦਮਦਮਾ ਸਾਹਿਬ ਪਾਸੋਂ ਲਿਖਵਾਈ ਸੀ।

ਇਹ ਪੋਥੀ ਮਿਤੀ 15 ਹਾੜ ਸੰਮਤ 1957 ਬਿਕ੍ਰਮੀ ਨੂੰ ਸੰਪੂਰਨ ਹੋਈ। ਉਸਦੇ ਆਧਾਰ ਤੇ ਮੈਂ ਆਪਣੇ ਰਸਾਲੇ "ਗਿਆਨ ਅੰਮ੍ਰਿਤ" ਵਿਚ ਅਕਤੂਬਰ 1960 ਤੋਂ ਲੈ ਕੇ ਮਾਰਚ 1961 ਤੀਕ ਸਤ ਲੇਖ ਲਿਖੇ। ਉਸ ਤੋਂ ਬਾਅਦ ਪੰਡਤ ਸ਼ੇਰ ਸਿੰਘ ਲਿਖਤ "ਬੀਰ ਮ੍ਰਿਗੇਸ ਕਲਪਤਰੂ" ਹੋਰ ਕਈ ਪੁਸਤਕਾਂ ਤੇ ਸੀਨੇ ਬਸੀਨੇ ਦੀਆਂ ਰਵਾਇਤਾਂ ਦੇ ਆਧਾਰ ਤੇ "ਗਿਆਨ ਅੰਮ੍ਰਿਤ" ਵਿਚ 11 ਲੇਖ ਪ੍ਰਕਾਸ਼ਤ ਕੀਤੇ ਗਏ।

ਇਸ ਪੁਸਤਕ ਵਿਚ ਉਨ੍ਹਾਂ ਸਾਰੇ ਲੇਖਾਂ ਦਾ ਨਚੋੜ ਨਵੀਨ ਤਰਤੀਬ ਦੇ ਕੇ ਪੇਸ਼ ਕੀਤਾ ਗਿਆ ਹੈ।

ਪਹਿਲੇ ਖਿਆਲ ਇਹ ਸੀ ਕਿ ਬਾਬਾ ਬੀਰ ਸਿੰਘ ਜੀ ਦੇ ਨਾਲ ਹੀ ਉਨ੍ਹਾਂ ਦੇ ਜਾਨਸ਼ੀਨ ਬਾਬਾ ਮਹਾਰਾਜ ਸਿੰਘ ਤੇ ਚਰਨ ਸੇਵਕ ਸੰਤ ਬਾਬਾ ਖੁਦਾ ਸਿੰਘ ਦਾ ਜੀਵਨ ਚਰਿਤ੍ਰ ਵੀ ਦਿਤਾ ਜਾਏ। ਪਰ ਪੁਸਤਕ ਦਾ ਆਕਾਰ ਵਧ ਜਾਣ ਕਰਕੇ 18 ਕਾਂਡਾਂ 'ਚ ਬਾਬਾ ਬੀਰ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਅਤੇ ਉਨੀਵੇਂ ਕਾਂਡ ਵਿਚ ਬਾਬਾ ਮਹਾਰਾਜ ਸਿੰਘ ਜੀ ਦਾ ਸੰਖੇਪ ਵਰਣਨ ਹੈ।

ਇਸ ਪੁਸਤਕ ਦੀ ਤਿਆਰੀ ਲਈ ਸੰਤ ਕਰਤਾਰ ਸਿੰਘ ਜੀ ਤੇ ਸ: ਅਛਰ ਸਿੰਘ ਜੀ ਨਿਊ ਗੁਡਜ਼ ਬਾਰ ਟ੍ਰਾਂਸਪੋਰਟ ਅੰਮ੍ਰਿਤਸਰ ਨੇ ਕੁਝ ਮਾਇਕ ਸਹਾਇਤਾ ਦਿਤੀ ਹੈ। ਉਨ੍ਹਾਂ ਦਾ ਹਾਰਦਿਕ ਧੰਨਵਾਦ।

ਮੇਰਾ ਯਕੀਨ ਹੈ ਕਿ ਇਹ ਪੁਸਤਕ ਸਿਖ ਇਤਿਹਾਸ ਦੀਆਂ ਪੁਸਤਕਾਂ ਵਿਚ ਵਾਧਾ ਕਰੇਗੀ। ਸੁਹਿਰਦ ਪਾਠਕ ਇਸ ਨੂੰ ਗਹੁ ਨਾਲ ਪੜ੍ਹਕੇ ਲਾਭ ਪ੍ਰਾਪਤ ਕਰਨ।

25 ਮਈ 1962 ਪ੍ਰਤਾਪ ਸਿੰਘ ਗਿਆਨੀ,

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਤੀਸਰੀ ਐਡੀਸ਼ਨ ਬਾਰੇ

ਪਾਠਕਾਂ ਦੀ ਸੇਵਾ ਵਿਚ ਇਸ ਪੁਸਤਕ ਦੀ ਤੀਜੀ ਐਡੀਸ਼ਨ ਪੇਸ਼ ਕੀਤੀ ਜਾ ਰਹੀ ਹੈ। ਇਸ ਵਿਚ ਬਾਬਾ ਮਹਾਰਾਜ ਸਿੰਘ ਦੇ ਜੀਵਨ ਦੇ ਦੋ ਨਵੇਂ ਕਾਂਡ ਵਧਾਏ ਗਏ ਹਨ। ਇਹ ਮੇਰੀ ਆਗਿਆ ਨਾਲ ਖਾਲਸਾ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ। ਇਸ ਬਾਰੇ ਅੰਤਕਾ ਅੰਦਰ ਪੜ੍ਹੋ।

1 ਸਤੰਬਰ 1979 ਪ੍ਰਤਾਪ ਸਿੰਘ ਗਿਆਨੀ

ਚੌਥੀ ਐਡੀਸ਼ਨ ਬਾਰੇ

ਅਜ ਚੌਥੀ ਐਡੀਸ਼ਨ ਪ੍ਰਤਾਪ ਸਿੰਘ (ਗਿਆਨੀ) ਜੀ ਦੇ ਸਵਰਗਵਾਸ ਹੋਣ ਉਪਰੰਤ ਉਨ੍ਹਾਂ ਦੇ ਸਪੁਤਰ ਸ: ਰਾਜਿੰਦਰ ਸਿੰਘ ਜੀ ਦੀ ਪ੍ਰਵਾਨਗੀ ਨਾਲ ਛਾਪ ਰਹੇ ਹਾਂ। ਜਨਵਰੀ 1996 ਪ੍ਰਕਾਸ਼ਕ :—

ਤਤਕਰਾ

ਕਾਂਡ	ਪਨਾ
1. ਆਰੰਭਕ ਜੀਵਨ	9
2. ਨੌਰੰਗਾਬਾਦ ਵਿਚ ਸਤਿਸੰਗ ਤੇ ਸੇਵਾ	16
3. ਨਿਆਂਕਾਰੀ, ਤਿਆਗ ਤੇ ਮਰਯਾਦਾ ਪੁਰਸ਼ੋਤਮ	26
4. ਸਿਖ ਰਾਜ ਬਾਰੇ ਭਵਿਖਤ ਵਾਕ	34
5. ਮਾਤਾ ਦੀ ਸੇਵਾ ਵਿਚ	40
6. ਮਾਝੇ ਅਤੇ ਦੁਆਬੇ ਵਿਚ ਪ੍ਰਚਾਰ	44
7. ਕਪੂਰਥਲੇ ਵਿਚ ਮੌਲਵੀ ਨਾਲ ਚਰਚਾ	50
8. ਥਾਣੇਦਾਰ ਤੋਂ ਖ਼ੁਦਾ ਸਿੰਘ	59
9. ਸਿਦਕ ਅਤੇ ਲੰਗਰ ਦੀ ਸੇਵਾ	68
10. ਲਾਹੌਰ ਦਰਬਾਰ ਦੀ ਹਾਲਤ	73
11 ਬਾਬਾ ਖ਼ੁਦਾ ਸਿੰਘ ਜੀ ਦੀ ਮੁਲਾਕਾਤ	88
12. ਸੂਰਬੀਰ ਬਚਨ ਕੇ ਬਲੀ	91
13. ਲਾਹੌਰ ਤੋਂ ਫ਼ੌਜ਼ਾਂ ਦੀ ਚੜ੍ਹਾਈ	96
14. ਸਭਰਾਵਾਂ ਤੇ ਭਾਉਵਾਲ ਵਿਚ ਉਪਦੇਸ਼	101
15. ਹਰੀ ਕੇ ਪੱਤਨ ਦੇ ਅੰਤਮ ਦਰਸ਼ਨ	112
16. ਜਬਰ ਤੇ ਸਬਰ ਦੀ ਜੰਗ	122
17. ਅਦੁਤੀ ਸ਼ਹੀਦੀ	145
18. ਸਿਖ ਰਾਜ ਤੇ ਬੁਰਛਿਆਂ ਦਾ ਅੰਤ	159
19. ਬਾਬਾ ਜੀ ਦੀ ਸ਼ਹੀਦੀ ਤੇ ਅੰਗਰੇਜ਼	165
20. ਬਾਬਾ ਮਹਾਰਾਜ ਸਿੰਘ ਜੀ	169
21. ਗ੍ਰਿਫ਼ਤਾਰੀ, ਦੇਸ਼ ਨਿਕਾਲਾ ਤੇ ਸ਼ਹੀਦੀ	188
22 ਅੰਤਕਾ	199

ਸੰਤ ਬਾਬਾ ਬੀਰ ਸਿੰਘ

(ਨੌਰੰਗਾਬਾਦ)

੧.

ਆਰੰਭਕ ਜੀਵਨ

ਵਿਧਾਤਾ ਸੰਸਾਰ ਦੇ ਚਿਤ੍ਰ-ਪਟ ਉਤੇ ਕੁਝ ਅਜੇਹੇ ਚਿਤਰ ਉਲੀਕਦਾ ਹੈ, ਜਿੰਨ੍ਹਾਂ ਨੂੰ ਉਹ ਆਪ ਛੇਤੀ ਮਿਟਾ ਦਿੰਦਾ ਹੈ। ਪਰ ਕੁਝ ਚਿਤ੍ਰ ਅਜੇਹੇ ਵੀ ਉਲੀਕਦਾ ਹੈ,ਜਿਹੜੇ ਸਦੀਆਂ ਤੀਕ ਕਾਇਮ ਰਹਿੰਦੇ ਹਨ । ਜਿਸ ਤਰ੍ਹਾਂ ਹਨੇਰੀ ਰਾਤ ਵਿਚ ਇਕ ਟਿਕ ਕਰਦੀ ਘੜੀ ਉਤੇ ਵਕਤ ਦਸਣ ਵਾਲੀਆਂ ਰੇਡੀਅਮ ਦੀਆਂ ਲੀਕਾਂ ਚਮਕਦੀਆਂ ਹਨ, ਇਸੇ ਤਰ੍ਹਾਂ ਕਾਲ ਦੇ ਅੰਧਕਾਰ ਵਿਚ ਉਹ ਚਿਤ੍ਰ ਪਏ ਚਮਕਦੇ ਹਨ । ਉਨ੍ਹਾਂ ਨੂੰ ਗੁਰੂ, ਅਵਤਾਰ, ਮਹਾਂ ਪੁਰਸ਼, ਸੰਤ ਭਗਤ ਅਤੇ ਸੂਰਬੀਰ ਕਹਿੰਦੇ ਹਨ । ਉਹ ਆਪਣੇ ਪਵਿਤ੍ਰ ਜੀਵਨ ਨਾਲ ਮਾਨਵਤਾ ਨੂੰ ਜੀਵਨ ਪ੍ਰਦਾਨ ਕਰਦੇ ਹਨ । ਮਰ ਕੇ ਵੀ ਅਮਰ, ਦੇਸ ਅਤੇ ਕਾਲ ਦੀਆਂ ਹੱਦਾਂ ਤੋਂ ਪਰੇ ਹੁੰਦੇ ਹਨ।

ਗੁਰਬਾਣੀ ਵਿਚ ਅਜਿਹੇ ਮਹਾਂ ਪੁਰਸ਼ਾਂ ਲਈ ਹੀ ਕਿਹਾ ਹੈ–

ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰ ਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥
(ਸੂਹੀ ਮ: ੫)

ਸੰਤ ਭਗਤ ਆਤਮਿਕ ਤੌਰ ਤੇ ਕੌਮਾਂ ਨੂੰ ਸੁਰਜੀਤ ਕਰਦੇ ਹਨ । ਸੂਰਬੀਰ ਆਪਣੇ ਵੀਰਤਾ ਤੇ ਸਵੈਮਾਨ ਨਾਲ ਕੌਮਾਂ ਦੀ ਰਖਿਆ ਕਰਦੇ ਹਨ । ਸ਼ਹੀਦ ਆਪਣਾ ਲਹੂ ਵੀਟ ਕੇ ਕੌਮਾਂ ਨੂੰ

ਜੀਵਨ ਬਖਸ਼ਦੇ ਹਨ। ਇਸ ਲਈ ਇਹ ਤਿੰਨੇ ਅਮਰ ਹੁੰਦੇ ਹਨ।

ਅਸੀਂ ਜਿਸ ਮਹਾਂ ਪੁਰਸ਼ ਦਾ ਜੀਵਨ ਬ੍ਰਿਤਾਂਤ ਪੇਸ਼ ਕਰਨਾ ਚਾਹੁੰਦੇ ਹਾਂ, ਉਨ੍ਹਾਂ ਦਾ ਪਵਿਤ੍ਰ ਨਾਂ ਹੈ–ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ। ਆਪ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਉਚ ਦਰਜੇ ਦੇ ਭਜਨੀਕ, ਤਿਆਗੀ, ਪਰਉਪਕਾਰੀ, ਨਿਸ਼ਕਾਮ ਸੇਵਕ, ਸੂਰਬੀਰ, ਦੇਸ਼ ਭਗਤੀ ਨਾਲ ਭਰਪੂਰ, ਬੜੀ ਨਿਰਭੈਤਾ ਤੇ ਅਡੋਲਤਾ ਨਾਲ ਸ਼ਾਂਤਮਈ ਰਹਿਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਮਹਾਂ ਪੁਰਸ਼ ਹੋਏ ਹਨ। ਆਪ ਬੜੇ ਨਾਜ਼ਕ ਤੇ ਬਿਖਖ਼ ਹਾਲਾਤ ਵਿਚ ਸਿਖਾਂ ਤੇ ਪੰਜਾਬ ਦੀ ਅਗਵਾਈ ਕੀਤੀ।

ਜਦ ਕਿਸੇ ਆਦਮੀ ਜਾਂ ਕੌਮ ਦੇ ਮਾੜੇ ਦਿਨ ਆਉਂਦੇ ਹਨ ਤਦ 'ਵਿਨਾਸ਼ ਕਾਲੇ ਵਿਪ੍ਰੀਤ ਬੁਧੇ' ਅਨੁਸਾਰ ਉਸ ਦੀ ਮਤ ਮਲੀਨ ਹੋ ਜਾਂਦੀ ਹੈ। ਗੁਰਬਾਣੀ ਦੇ ਇਸ ਵਾਕ–

'ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈਆਂ।'

ਅਨੁਸਾਰ ਕਰਤਾ ਪੁਰਖ ਕਿਸੇ ਕੌਮ ਦੀਆਂ ਚੰਗਿਆਈਆਂ ਖੋਹ ਲੈਂਦਾ ਹੈ। ਉਸ ਵਿਚ ਅਉਗੁਣ ਵਧ ਜਾਂਦੇ ਹਨ। ਮਾੜੇ ਆਦਮੀ ਆਗੂ ਬਣ ਜਾਂਦੇ ਹਨ ਤੇ ਚੰਗਿਆਂ ਦੀ ਨਿਰਾਦਰੀ ਹੁੰਦੀ ਹੈ। ਇਸ ਤਰ੍ਹਾਂ ਕੌਮਾਂ ਦੀ ਗਿਰਾਵਟ ਸ਼ੁਰੂ ਹੋ ਜਾਂਦੀ ਹੈ। ਉਸ ਹਾਲਤ ਵਿਚ ਕੌਮਾਂ ਦਾ ਸੰਭਲਣਾ ਕਠਨ ਹੋ ਜਾਂਦਾ ਹੈ। ਜਿਸ ਵੇਲੇ ਕਿਸੇ ਮਲਾਹ ਦੀ ਬੇੜੀ ਘੁੰਮਣ ਘੇਰ ਵਿਚ ਫਸ ਜਾਏ, ਹਵਾਵਾਂ ਮੁਖਾਲਫ ਹੋਣ, ਅੰਦਰ ਛੇਕ ਹੋਣ ਤੇ ਪਾਣੀ ਪੈਣਾ ਸ਼ੁਰੂ ਹੋ ਜਾਏ, ਅਜੇਹੀ ਨਾਜ਼ਕ ਹਾਲਤ ਵਿਚ ਉਸ ਨੂੰ ਕੰਢੇ ਲਾਣ ਦਾ ਯਤਨ ਹਾਰੀ ਸਾਰੀ ਨਹੀਂ ਕਰ ਸਕਦਾ, ਬਹੁਤ ਸਾਰੇ ਨੇਤਾ ਢੇਰੀ ਢਾਹ ਕੇ ਬਹਿ ਜਾਂਦੇ ਹਨ।

ਸੰਤ ਬਾਬਾ ਬੀਰ ਸਿੰਘ ਜੀ ਨੇ ਅਜ ਤੋਂ ੧੩੪ ਸਾਲ ਪਹਿਲਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਗੁਜ਼ਰ ਜਾਣ ਬਾਹਦ ਸਿਖ ਰਾਜ ਨੂੰ ਖਤਮ ਕਰਨ ਲਈ ਜੋ ਸਾਜ਼ਸ਼ ਕੀਤੀਆਂ ਗਈਆਂ, ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰਨ ਤੇ ਸਿਖਾਂ

ਨੂੰ ਭਰਾ ਮਾਰੂ ਤੇ ਘਰੇਲੂ ਲੜਾਈ ਵਿਚ ਫਸਾ ਕੇ ਮਰਵਾਉਣ ਦੀਆਂ ਜੋ ਭੈੜੀਆਂ ਚਾਲਾਂ ਚਲੀਆਂ ਗਈਆਂ, ਉਨ੍ਹਾਂ ਤੋਂ ਕੌਮ ਤੇ ਪੰਜਾਬ ਨੂੰ ਬਚਾਉਣ ਲਈ ਜਤਨ ਕੀਤਾ। ਜਿਵੇਂ ਕੋਈ ਦੀਵਾ ਰੋਸ਼ਨੀ ਦੇ ਕੇ ਆਪਣੇ ਆਪ ਨੂੰ ਮਿਟਾ ਲੈਂਦਾ ਹੈ, ਤਿਵੇਂ ਬਾਬਾ ਜੀ ਨੇ ਆਪਣੇ ਆਪ ਨੂੰ ਖਤਮ ਕਰ ਦਿਤਾ। ਉਨ੍ਹਾਂ ਨੇ ਸੁਕ੍ਰਾਤ ਤੇ ਈਸਾ ਵਾਂਗ ਮੌਤ ਪ੍ਰਵਾਨ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੂਰਨਿਆਂ ਉਤੇ ਚਲ ਕੇ, ਬਾਬਾ ਬੰਦਾ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੂੰ ਸਨਮੁਖ ਰਖ ਕੇ ਇਕ ਆਤਮ ਦਰਸੀ ਤੇ ਬ੍ਰਹਮ ਗਿਆਨੀ ਪੁਰਸ਼ ਵਾਂਗ ਈਰਖਾ, ਦਵੈਸ਼, ਛਲ ਕਪਟ ਤੇ ਖਾਨਾ ਜੰਗੀ ਦੀ ਮਘਦੀ ਭੱਠੀ ਵਿਚ ਆਪਣੇ ਸਰੀਰ ਦੀ ਆਹੁਤੀ ਦਿਤੀ। ਸਿਖ ਇਤਿਹਾਸ ਵਿਚ ਇਕ ਆਦਰਸ਼ ਪੇਸ਼ ਕੀਤਾ—

ਸ਼ਰਣਾਗਤ ਲਈ ਆਪਾ ਵਾਰ ਦੇਣਾ
ਅਤੇ ਭਰਾਵਾਂ ਉਤੇ ਵਾਰ ਨਹੀਂ ਕਰਨਾ।

ਤੋਪ ਦੇ ਗੋਲੇ ਤੇ ਬੰਦੂਕਾਂ ਦੀਆਂ ਗੋਲੀਆਂ ਖਾ ਕੇ ਆਤਮਾ ਅਬਿਨਾਸੀ ਹੋਣ ਦਾ ਸਿੱਧਾਂਤ ਪ੍ਰਤੱਖ ਕਰਕੇ ਲੋਕਾਂ ਦੇ ਸਾਹਮਣੇ ਰਖ ਦਿਤਾ।

ਸੰਤ ਬਾਬਾ ਬੀਰ ਸਿੰਘ ਵਰਗੇ ਮਹਾਂ ਪੁਰਸ਼, ਭਜਨੀਕ, ਤਪੱਸਵੀ, ਨਿਰਭੈ, ਸੂਰਬੀਰ ਤੇ ਕੁਰਬਾਨੀ ਦੇ ਪੁੰਜ ਕਦੀ ਕਦੀ ਸੰਸਾਰ ਵਿਚ ਪ੍ਰਗਟ ਹੁੰਦੇ ਹਨ। ਅਜੇਹੇ ਮਹਾਂ ਪੁਰਸ਼ ਮਾਨਵਤਾ ਦੀ ਸੱਚੀ ਤੇ ਸਦੀਵੀ ਪੂੰਜੀ ਹੁੰਦੇ ਹਨ। ਪਰ ਆਮ ਲੋਕਾਂ ਲਈ ਉਨ੍ਹਾਂ ਨੂੰ ਸਮਝਣਾ ਕਠਨ ਹੁੰਦਾ ਹੈ। ਇਸੇ ਲਈ ਨੀਵੀਂ ਬ੍ਰਿਤੀ ਦੇ ਇਨਸਾਨ ਮਹਾਂ ਪੁਰਸ਼ਾਂ ਨੂੰ ਕਸ਼ਟ ਦੇਣ ਤੋਂ ਸੰਕੋਚ ਨਹੀਂ ਕਰਦੇ।

ਸੰਤ ਬਾਬਾ ਬੀਰ ਸਿੰਘ ਜੀ ਦਾ ਜਨਮ ਸਾਵਣ ਸੁਦੀ ਤੀਜ ਸੰਮਤ 1825 ਬਿਕ੍ਰਮੀ ਨੂੰ ਨਗਰ ਗੱਗੋ ਬੂਆ ਜ਼ਿਲਾ ਅੰਮ੍ਰਿਤਸਰ

ਵਿਚ ਭਾਈ ਸੇਵਾ ਸਿੰਘ ਜੀ ਦੇ ਘਰ ਮਾਤਾ ਧਰਮ ਕੌਰ ਤੋਂ ਹੋਇਆ।

ਆਪ ਦੇ ਇਕ ਵਡੇ ਭਰਾ ਭਾਈ ਗੁਰਮੁਖ ਸਿੰਘ ਵੀ ਸਨ। ਸੰਤਾਂ ਦਾ ਬਚਪਨ ਪਿੰਡ ਵਿਚ ਗੁਜ਼ਰਿਆ। ਬਚਪਨ ਵਿਚ ਹੀ ਆਪ ਬੜੇ ਹੋਣਹਾਰ ਤੇ ਸ਼ੁਭ ਗੁਣਾਂ ਦੇ ਮਾਲਕ ਸਨ। ਮਾਤਾ ਪਿਤਾ ਦੀ ਨਿਗਰਾਨੀ ਵਿਚ ਆਪਦੀ ਪਾਲਣਾ ਦੀਖਿਆ ਤੇ ਸਿਖਿਆ ਹੋਈ। ਚੰਗੇ ਸੁਭਾਅ ਦੇ ਕਾਰਨ ਨਗਰ ਦੇ ਲੋਕ ਆਪ ਨਾਲ ਕਾਫੀ ਪ੍ਰੇਮ ਕਰਦੇ ਸਨ। ਜੁਆਨੀ ਵਿਚ ਆਪ ਬੜੇ ਸੁੰਦਰ ਤੇ ਸਡੌਲ ਨਿਕਲੇ। ਆਪ ਦੇ ਪਿਤਾ ਭਾਈ ਸੇਵਾ ਸਿੰਘ ਸ: ਨਿਹਾਲ ਸਿੰਘ ਅਟਾਰੀ ਵਾਲੇ ਦੀ ਫੌਜ ਵਿਚ ਨੌਕਰ ਸਨ। ਉਹ ਮੁਲਤਾਨ ਦੀ ਲੜਾਈ 'ਚ ਸ਼ਹੀਦ ਹੋ ਗਏ। ਇਸ ਲਈ ਬਾਬਾ ਬੀਰ ਸਿੰਘ ਜੀ ਸ: ਨਿਹਾਲ ਸਿੰਘ ਪਾਸ ਨੌਕਰੀ ਲਈ ਪੁਜੇ। ਉਸ ਨੇ ਆਪ ਨੂੰ ਉਜਲ ਦੀਦਾਰੀ ਜੁਆਨ ਵੇਖ ਕੇ ਫੌਜ ਵਿਚ ਭਰਤੀ ਕਰ ਲਿਆ। ਬਾਬਾ ਜੀ ਨੇ ਆਪਣੇ ਪਵਿਤ੍ਰ ਆਚਰਣ ਤੇ ਸ਼ੁਭ ਗੁਣਾਂ ਨਾਲ ਫੌਜ ਵਿਚ ਵੀ ਡੂੰਘਾ ਅਸਰ ਪਾਇਆ ਤੇ ਮਾਣ ਸਤਕਾਰ ਪ੍ਰਾਪਤ ਕੀਤਾ।

ਫੌਜ ਦੀ ਨੌਕਰੀ ਕਰਦਿਆਂ ਤਿੰਨ ਚਾਰ ਸਾਲ ਹੋ ਗਏ ਸਨ ਕਿ ਆਪ ਪਿੰਡ ਛੁਟੀ ਆਏ। ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਡਾਕਾ ਪਿਆ। ਆਪਣੇ ਬੜੀ ਦਲੇਰੀ ਤੇ ਬਹਾਦਰੀ ਨਾਲ ਡਾਕੂਆਂ ਦਾ ਡਟ ਕੇ ਟਾਕਰਾ ਕੀਤਾ, ਜਿਸ ਨੂੰ ਵੇਖ ਕੇ ਪਿੰਡ ਦੇ ਲੋਕੀਂ ਅਸ਼ ਅਸ਼ ਕਰ ਉਠੇ। ਆਪ ਦੀ ਬਹਾਦਰੀ ਦੀ ਸ਼ੋਭਾ ਮਹਾਰਾਜਾ ਰਣਜੀਤ ਸਿੰਘ ਤੀਕ ਪੁਜੀ। ਸ਼ੇਰੇ ਪੰਜਾਬ ਨੇ ਆਪ ਨੂੰ ਆਪਣੇ ਪਾਸ ਬੁਲਾਇਆ ਅਤੇ ਮਾਣ ਸਤਕਾਰ ਵਜੋਂ ਬਹੁਤ ਸਾਰਾ ਇਨਾਮ ਦਿਤਾ।

ਬਾਬਾ ਜੀ ਦੇ ਵਡੇ ਭਈ ਗੁਰਮੁਖ ਸਿੰਘ ਵੀ ਬੜੇ ਸੂਰਬੀਰ ਸਨ। ਜਦ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਸਰ ਕਰਨ ਲਈ ਚੜ੍ਹਾਈ ਕੀਤੀ, ਉਸ ਵਕਤ ਸ: ਨਿਹਾਲ ਸਿੰਘ ਅਟਾਰੀ ਨੂੰ ਵੀ ਭੇਜਿਆ ਗਿਆ। ਉਸ ਦੀ ਫੌਜ ਵਿਚ ਬਾਬਾ ਬੀਰ ਸਿੰਘ ਜੀ

ਵੀ ਸ਼ਾਮਲ ਸਨ । ਕਸ਼ਮੀਰ ਦੀ ਮੁਹਿੰਮ ਵਿਚ ਇਨ੍ਹਾਂ ਨੂੰ ਬੜੀ ਸਫ਼ਲਤਾ ਹੋਈ ਕੁਝ ਚਿਰ ਬਾਹਦ ਸ੍ਰਦਾਰ ਨਿਹਾਲ ਸਿੰਘ ਦੀ ਫੌਜ ਪਸ਼ੌਰ ਵਿਚ ਬਦਲ ਦਿਤੀ ਗਈ । ਇਸ ਲਈ ਬਾਬਾ ਜੀ ਨੂੰ ਪਸ਼ੌਰ ਜਾਣਾ ਪਿਆ ।

ਉਨਾਂ ਦਿਨਾਂ ਵਿਚ ਭਾਈ ਚੰਦਾ ਸਿੰਘ ਨੌਰੰਗਾਬਾਦ ਵਾਲੇ ਉਥੇ ਰਿਹਾ ਕਰਦੇ ਸਨ । ਉਹ ਚੰਗੇ ਸੁਭਾਅ ਤੇ ਰਹਿਣ ਬਹਿਣੀ ਵਾਲੇ ਸਿੰਘ ਸਨ । ਇਸ ਲਈ ਬਾਬਾ ਜੀ ਤੇ ਸ੍ਰਦਾਰ ਚੰਦਾ ਸਿੰਘ ਦਾ ਪਰੇਮ ਹੋ ਗਿਆ । ਜਦ ਕਦੀ ਦੋਵੇਂ ਇਕਾਂਤ ਵਿਚ ਬਹਿੰਦੇ ਤਾਂ ਭਜਨ ਸਿਮਰਨ, ਸਤਸੰਗ ਤੇ ਸੇਵਾ ਦੀਆਂ ਗਲਾਂ ਕਰਦੇ । ਇਕ ਵੇਰ ਭਾਈ ਚੰਦਾ ਸਿੰਘ ਨੇ ਬਾਬਾ ਬੀਰ ਸਿੰਘ ਜੀ ਨਾਲ ਸੰਤ ਭਾਗ ਸਿੰਘ ਕੁਰੀ ਵਾਲਿਆਂ* ਦਾ ਜ਼ਿਕਰ ਕੀਤਾ, ਜਿਸ ਨੂੰ ਸੁਣ ਕੇ ਆਪ ਦੇ ਮਨ ਵਿਚ ਉਨ੍ਹਾਂ ਦੇ ਦਰਸ਼ਨ ਕਰਨ ਲਈ ਚਾਅ ਪੈਦਾ ਹੋ ਗਿਆ । ਉਹ ਹਰ ਵਕਤ ਸੰਤ ਭਾਗ ਸਿੰਘ ਜੀ ਦੇ ਦਰਸ਼ਨ ਦੀ ਉਡੀਕ ਕਰਨ ਲਗ ਪਏ ।

ਇਕ ਵੇਰ ਪਸ਼ੌਰ ਦੇ ਲਾਗੇ ਪੰਜ ਤਾਰੇ ਨਗਰ ਵਿਚ ਸਿਖਾਂ ਅਤੇ ਪਠਾਣਾਂ ਦੀ ਲੜਾਈ ਹੋ ਪਈ । ਸ੍ਰਦਾਰ ਨਿਹਾਲ ਸਿੰਘ ਦੀ ਫੌਜ ਅਗੇ ਵਧੀ । ਉਸ ਵਿਚ ਸੰਤ ਬਾਬਾ ਬੀਰ ਸਿੰਘ ਵੀ ਸ਼ਾਮਲ ਸਨ । ਆਪ ਜੋਸ਼ ਵਿਚ ਆਕੇ ਲੜਦੇ ਲੜਦੇ ਪਠਾਣੀਂ ਦਲ ਦੇ ਵਿਚਕਾਰ ਜਾ ਪੁਜੇ । ਉਨ੍ਹਾਂ ਨਾਲ ਲੜਦਿਆਂ ਅਚਾਨਕ ਬਾਬਾ ਜੀ ਦਾ ਖੰਡਾ ਟੁਟ ਗਿਆ । ਉਸ ਵੇਲੇ ਆਪਣੇ ਆਪ ਨੂੰ ਸ਼ਸਤ੍ਰ ਹੀਣ ਤੇ ਦੁਸ਼ਮਣਾਂ ਵਿਚ ਵਿਚ ਘਿਰਿਆ ਸਮਝ ਕੇ ਆਪ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ । ਅਜੇਹਾ ਭਾਣਾ ਵਰਤਿਆ ਕਿ ਆਪ ਦੁਸ਼ਮਣਾਂ ਦੀ ਫੌਜ ਵਿਚੋਂ ਮੱਖਣ ਦੇ ਵਾਲ ਦੀ ਤਰ੍ਹਾਂ ਬਚਕੇ ਨਿਕਲ ਆਏ । ਆਪ ਨੇ ਸਾਥੀਆਂ ਨੂੰ ਆਣ ਕੇ ਦਸਿਆ ਕਿ

*ਕੁਰੀ ਜ਼ਿਲਾ ਰਾਵਲ ਪਿੰਡੀ ਵਿਚ ਪ੍ਰਸਿਧ ਨਗਰ ਹੈ ।

ਵਾਹਿਗੁਰੂ ਨੇ ਸਾਨੂੰ ਦੁਸ਼ਮਣਾਂ ਦੀ ਮਾਰ ਤੋਂ ਬਚਾਇਆ ਹੈ। ਇਉਂ ਜਾਪਦਾ ਸੀ ਕਿ ਅਸੀਂ ਉਨ੍ਹਾਂ ਨੂੰ ਵੇਖਦੇ ਹਾਂ, ਪਰ ਉਹ ਸਾਨੂੰ ਨਹੀਂ ਵੇਖ ਰਹੇ ਸਨ।

ਇਸ ਘਟਨਾ ਦਾ ਆਪ ਦੀ ਜ਼ਿੰਦਗੀ ਤੇ ਅਸਚਰਜ ਪ੍ਰਭਾਵ ਪਿਆ। ਉਸ ਦਿਨ ਤੋਂ ਆਪ ਨੇ ਸਾਰੀ ਜ਼ਿੰਦਗੀ ਵਾਹਿਗੁਰੂ ਦੇ ਅਰਪਨ ਕਰ ਦਿਤੀ। ਹਰ ਵਕਤ ਭਜਨ ਸਿਮਰਨ ਵਿਚ ਜੁੜੇ ਰਹਿਣ ਲਗ ਪਏ।

ਕੁਝ ਦਿਨਾਂ ਬਾਅਦ ਬਾਬਾ ਜੀ ਨੇ ਫੌਜ ਵਿਚੋਂ ਨਾਵਾਂ ਕਟਾ ਲਿਆ। ਨੌਕਰੀ ਛੱਡ ਕੇ ਪਿੰਡ ਆ ਗਏ। ਭਜਨ ਸਿਮਰਨ, ਸਤਿਸੰਗ ਅਤੇ ਸੇਵਾ ਵਿਚ ਜੁਟ ਗਏ।

ਇਕ ਦਿਨ ਦੀ ਵਾਰਤਾ ਹੈ ਕਿ ਕਿਸੇ ਪਿੰਡ ਦੀ ਸੰਗਤ ਗੁਰੂ ਅਸਥਾਨਾਂ ਦੇ ਦਰਸ਼ਨ ਕਰਨ ਲਈ ਜਾਂਦੀ ਹੋਈ ਨਗਰ ਗਗੋ ਬੂਏ ਵਿਚ ਆ ਠਹਿਰੀ। ਬਾਬਾ ਜੀ ਨੇ ਸੰਗਤ ਲਈ ਲੰਗਰ ਦੀ ਤਿਆਰੀ ਸ਼ੁਰੂ ਕੀਤੀ। ਪਰ ਮੀਂਹ ਝਖੜ ਦੇ ਕਾਰਨ ਸਾਰਾ ਬਾਲਣ ਗਿੱਲਾ ਹੋ ਗਿਆ, ਇਸ ਲਈ ਲੰਗਰ ਵਿਚ ਕੁਝ ਰੁਕਾਵਟ ਪੈਣ ਲਗੀ। ਬਾਬਾ ਜੀ ਨੇ ਆਪਣੇ ਮਕਾਨ ਦੀਆਂ ਕੜੀਆਂ, ਬਾਲੇ ਅਤੇ ਤਖਤੇ ਲਾਹ ਕੇ ਗਿਲੇ ਬਾਲਣ ਦੀ ਥਾਂ ਚੁਲੇ ਵਿਚ ਝੋਕ ਦਿਤੇ ਤੇ ਲੰਗਰ ਤਿਆਰ ਕਰਕੇ ਸੰਗਤ ਨੂੰ ਛਕਾਇਆ। ਜਦ ਆਪ ਦੀ ਮਾਤਾ ਧਰਮ ਕੌਰ ਨੂੰ ਇਸ ਦਾ ਪਤਾ ਲਗਾ ਤਾਂ ਉਹ ਬਹੁਤ ਗੁਸੇ ਹੋਈ ਅਤੇ ਕਹਿਣ ਲਗੀ—

"ਬੀਰ ਸਿੰਘਾ, ਅਸੀਂ ਤੇਰੀ ਕੇਹੜੀ ਖੱਟੀ ਖਾਧੀ ਹੈ ਕਿ ਤੂੰ ਘਰ ਦੀਆਂ ਜੋੜੀਆਂ ਤੇ ਬਾਲੇ ਵੀ ਫੂਕਣ ਤੀਕ ਚਲਾ ਗਿਆ ਹੈਂ? ਤੂੰ ਹੁਣ ਇਹ ਕੁਝ ਕਰਦਾ ਹੈਂ, ਦਸ ਅਗੋਂ ਸਾਨੂੰ ਕੀ ਸੁਖ ਦੇਵੇਂਗਾ? ਇਸ ਲਈ ਤੇਰੇ ਲਈ ਰਸਤੇ ਖੁਲੇ ਹਨ, ਚਾਰੇ ਚੱਕ ਜਗੀਰ ਹੈ, ਜਿਧਰ ਤੇਰੀ ਮਰਜ਼ੀ ਹੈ, ਚਲਾ ਜਾਹ।'

ਮਾਤਾ ਜੀ ਦੇ ਇਹ ਬਚਨ ਸੁਣ ਕੇ ਬਾਬਾ ਜੀ ਹੱਸ ਪਏ ਤੇ

ਕਹਿਣ ਲਗੇ—

"ਮਾਂ ਜੀ ! ਮੈਂ ਆਪ ਜੀ ਦੀ ਆਗਿਆ ਦਾ ਪਾਲਨ ਕਰਾਂਗਾ। ਆਪ ਨੇ ਬੜੀ ਚੰਗੀ ਗਲ ਕੀਤੀ ਹੈ ਕਿ ਮੈਨੂੰ ਚੰਗੇ ਰਸਤੇ ਪਾ ਦਿਤਾ ਹੈ ਅਤੇ ਚੰਗੀ ਖਟੀ ਕਰਨ ਦੀ ਪ੍ਰੇਰਨਾ ਕੀਤੀ ਹੈ।"

ਮਾਤਾ ਦੇ ਬਚਨ ਸੁਣ ਕੇ ਆਪ ਘਰੋਂ ਤੁਰ ਪਏ ਅਤੇ ਸੰਤ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਸੇਵਾ ਵਿਚ ਪੁਜੇ। ਉਨ੍ਹਾਂ ਦੇ ਦਰਸ਼ਨ ਤੇ ਸਤਿਸੰਗ ਕਰਕੇ ਆਪ ਨੂੰ ਬੇਹੱਦ ਪ੍ਰਸੰਨਤਾ ਹੋਈ।

ਇਕ ਸਾਲ ਸੰਤ ਬਾਬਾ ਭਾਗ ਸਿੰਘ ਜੀ ਦੀ ਸੇਵਾ ਵਿਚ ਰਹਿ ਕੇ ਆਪ ਨੇ ਅਤੁਟ ਸੇਵਾ ਕੀਤੀ, ਜਿਸ ਨੂੰ ਵੇਖ ਕੇ ਉਹ ਬੜੇ ਖੁਸ਼ ਹੋਏ।

ਬਾਬਾ ਭਾਗ ਸਿੰਘ ਜੀ ਨੇ ਆਪ ਨੂੰ ਪਵਿਤ੍ਰ ਆਤਮਿਕ ਉਪਦੇਸ਼ ਕੀਤਾ ਅਤੇ ਕਿਹਾ—"ਹੁਣ ਤੁਸੀਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਪਾਸ਼ ਚਲੇ ਜਾਓ, ਉਹ ਬੜੇ ਕਰਨੀ ਵਾਲੇ ਮਹਾਂ ਪੁਰਸ਼ ਹਨ।

ਸੰਤਾਂ ਦੀ ਆਗਿਆ ਮੰਨ ਕੇ ਬਾਬਾ ਜੀ ਊਨੇ ਪੁਜੇ। ਆਪ ਨੇ ਬਾਬਾ ਸਾਹਿਬ ਸਿੰਘ ਜੀ ਪਾਸ ਰਹਿ ਕੇ ਵੀ ਸੰਗਤ ਦੀ ਅਜੇਹੀ ਨਿਸ਼ਕਾਮ ਤੇ ਅਤੁਟ ਸੇਵਾ ਕੀਤੀ, ਜਿਸ ਤੇ ਪ੍ਰਸੰਨ ਹੋ ਕੇ ਬਾਬਾ ਸਾਹਿਬ ਸਿੰਘ ਜੀ ਨੇ ਆਪ ਜੀ ਨੂੰ ਕਈ ਵਰ ਦਿਤੇ ਅਤੇ ਕਿਹਾ—

"ਹੁਣ ਜਾਓ ! ਫਿਰ ਕੇ ਸੰਗਤ ਵਿਚ ਧਰਮ ਪ੍ਰਚਾਰ ਤੇ ਸੇਵਾ ਕਰੋ। ਤੁਹਾਨੂੰ ਧਨ ਪਦਾਰਥ ਦੀ ਕੋਈ ਤੋਟ ਨਹੀਂ ਆਵਗੀ। ਤੁਹਾਡਾ ਤੇਜ ਪ੍ਰਤਾਪ ਦਿਨੋਂ ਦਿਨ ਵਧੇਗਾ।"

੨.

ਨੌਰੰਗਾਬਾਦ ਵਿਚ ਸਤਿਸੰਗ ਤੇ ਸੇਵਾ

ਸੰਤ ਬਾਬਾ ਬੀਰ ਸਿੰਘ ਜੀ ਭਜਨ ਸਿਮਰਨ, ਸਤਿਸੰਗ ਤੇ ਸੇਵਾ ਦੇ ਰੰਗ ਵਿਚ ਖੀਵੇ ਹੋ ਕੇ ਬਾਬਾ ਸਾਹਿਬ ਸਿੰਘ ਜੀ ਦੀ ਆਗਿਆ ਲੈ ਕੇ ਊਨੇ ਤੋਂ ਚਲ ਪਏ। ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਦੇ ਪਾਸ ਪਿੰਡ ਮਾੜੀ ਵਿਚ ਆ ਠਹਿਰੇ। ਉਥੇ ਆਪ ਨੇ ਸਤਿਸੰਗ ਤੇ ਸੇਵਾ ਦਾ ਪ੍ਰਵਾਹ ਜਾਰੀ ਕੀਤਾ। ਚੰਦਨ ਬ੍ਰਿਛ ਵਾਂਗੂ ਆਪ ਦੀ ਸੁਗੰਧੀ ਸਾਰੇ ਪਾਸੇ ਫੈਲ ਗਈ। ਨੌਰੰਗਾਬਾਦ ਦੀ ਸੰਗਤ ਤੇ ਭਾਈ ਦਸੌਂਧਾ ਸਿੰਘ ਪਰੇਮ ਤੇ ਸੇਵਾ ਕਰਕੇ ਆਪ ਨੂੰ ਆਪਣੇ ਨਗਰ ਲੈ ਆਏ।*

ਨੌਰੰਗਾਬਾਦ ਤਰਨ ਤਾਰਨ ਤੋਂ ਦਖਣ ਪੂਰਬ ਵਾਲਾ 4 ਮੀਲ ਲਾਹੌਰ ਤੋਂ ਗੋਇੰਦਵਾਲ ਦੇ ਪਤਨ ਰਾਹੀਂ ਦਿੱਲੀ ਨੂੰ ਜਾਣ ਵਾਲੀ ਪੁਰਾਣੀ ਸ਼ਾਹੀ ਸ ਕ ਤੇ ਹੈ। ਉਨ੍ਹਾਂ ਦਿਨਾਂ ਵਿਚ ਇਸ ਰਸਤੇ ਕਾਫੀ ਆਵਾਜਾਈ ਹੁੰਦੀ ਸੀ।

ਸੰਤ ਬਾਬਾ ਬੀਰ ਸਿੰਘ ਜੀ ਨੇ ਨੌਰੰਗਾਬਾਦ ਵਿਚ ਇਸ ਨਿਵਾਸ ਕਰਕੇ ਭਜਨ ਸਿਮਰਨ ਅਤੇ ਅਤੁਟ ਲੰਗਰ ਦਾ ਪ੍ਰਵਾਹ ਚਲ ਦਿਤਾ।

'ਜਿਥੈ ਬੈਸਨ ਸਾਧ ਜਨ ਸੋ ਥਾਨ ਸੁਹੰਦਾ' ਦੇ ਵਾਕ ਅਨੁਸਾਰ ਨੇਕ ਆਦਮੀ ਜਿਸ ਥਾਂ ਜਾ ਬੈਠਦੇ ਹਨ, ਉਹ ਸੋਭਨੀਕ ਬਣ ਜਾਂਦਾ ਹੈ।

ਮਹਾਨ ਕੋਸ਼ ਪੰਨਾ ੨੬੩੦।

ਆਤਮਾ ਦਰਸ਼ੀ ਪੁਰਸ਼ ਹੀ ਤੀਰਥ ਹੁੰਦੇ ਹਨ । ਉਹ ਜੰਗਲ ਵਿਚ ਮੰਗਲ ਲਾ ਦੇਂਦੇ ਹਨ ।

ਨੌਰੰਗਾਬਾਦ ਵਿਚ ਸੰਤ ਬਾਬਾ ਬੀਰ ਸਿੰਘ ਜੀ ਦੇ ਨਿਵਾਸ ਕਰਨ ਨਾਲ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ। ਸੈਂਕੜੇ ਗ੍ਰਿਹਸਤੀ, ਹਰ ਮਤ ਦੇ ਸਾਧੂ ਅਭਿਆਗਤ ਆਪ ਦੇ ਦਰਸ਼ਨਾਂ ਲਈ ਆਉਂਦੇ ਸਨ।

ਇਤਿਹਾਸਕਾਰ ਲਿਖਦੇ ਹਨ ਕਿ ਦਸ ੨ ਹਜ਼ਾਰ ਆਦਮੀ ਇਕ ਵਕਤ ਆਪ ਦੇ ਲੰਗਰ ਵਿਚ ਪ੍ਰਸ਼ਾਦ ਛਕਦੇ ਸਨ। ਲੰਗਰ ਵਿਚ ਰਾਣਾ ਰੰਕ ਬਰਾਬਰ ਸਨ । ਜ਼ਾਤ ਪਾਤ ਦਾ ਕੋਈ ਭਰਮ ਭੇਦ ਨਹੀਂ ਸੀ । ਆਪ ਬੜੇ ਕਰਮ ਯੋਗੀ ਤੇ ਸੁਧਾਰਕ ਸਨ, ਇਸ ਲਈ ਆਪ ਦੀ ਸੰਗਤ ਕਰਕੇ ਹਜ਼ਾਰਾਂ ਲੋਕਾਂ ਦਾ ਜੀਵਨ ਬਦਲ ਗਿਆ। ਮਹਾਰਾਜਾ ਰਣਜੀਤ ਸਿੰਘ ਕਈ ਵੇਰ ਆਪ ਜੀ ਦੇ ਦਰਸ਼ਨ ਕਰਨ ਲਈ ਨੌਰੰਗਾਬਾਦ ਆਉਂਦੇ ਰਹੇ।

ਬਹੁਤ ਸਾਰੇ ਪ੍ਰੇਮੀਆਂ ਨੇ ਬਾਬਾ ਜੀ ਨੂੰ ਪ੍ਰੇਰਨਾ ਕੀਤੀ ਕਿ ਸੰਗਤ ਦੇ ਸੁਖ ਆਰਾਮ ਲਈ ਅਸਥਾਨ ਬਣਨਾ ਚਾਹੀਦਾ ਹੈ। ਬਾਬਾ ਜੀ ਨੇ ਇਸ ਨਾਲ ਸੰਮਤੀ ਪ੍ਰਗਟ ਕੀਤੀ। ਇਕ ਦਿਨ ਆਪ ਨੇ ਨੌਰੰਗਾਬਾਦ ਵਿਚ ਗੁਰਦਵਾਰਾ ਬਨਾਉਣ ਦੀ ਨੀਂਹ ਰਖ ਦਿਤੀ। ਪਰ ਉਸ ਵਕਤ ਨਾ ਤੇ ਇਟਾਂ ਜਾਂ ਮਸਾਲਾ ਮੌਜੂਦ ਸੀ ਤੇ ਨਾ ਹੀ ਰਾਜਾਂ ਮਜ਼ਦੂਰਾਂ ਨੂੰ ਦੇਣ ਲਈ ਧਨ ਪਦਾਰਥ ਸੀ। ਇਸ ਲਈ ਕੁਝ ਨਿਕਟ ਵਰਤੀ ਸਿੰਘਾਂ ਨੇ ਕਿਹਾ—

"ਆਪ ਨੇ ਨੀਂਹ ਤਾਂ ਰਖ ਦਿਤੀ ਹੈ, ਪਰ ਗੁਰਦਵਾਰੇ ਦੀ ਇਮਾਰਤ ਕਾਹਦੇ ਨਾਲ ਬਣੇਗੀ ?"

ਬਾਬਾ ਜੀ ਨੇ ਉਤਰ ਦਿਤਾ—"ਤੁਸੀਂ ਕਿਉਂ ਚਿੰਤਾ ਕਰਦੇ ਹੋ। ਹਰ ਕਾਰਜ ਨੂੰ ਸਿਰੇ ਚੜ੍ਹਾਉਣ ਵਾਲਾ ਕਰਤਾ ਪੁਰਖ ਆਪ ਹੈ। ਉਹ ਕਈਆਂ ਨੂੰ ਸੇਵਾ ਦੀ ਪ੍ਰੇਰਨਾ ਕਰ ਦੇਵੇਗਾ । ਜਾਂਓ ਨਗਰ

ਦੀ ਸੰਗਤ ਨੂੰ ਕਹੋ ਪੰਜ ਪੰਜ ਇੱਟਾਂ ਫੀ ਘਰ ਦੇਵੇ।"

ਬਾਬਾ ਜੀ ਦੇ ਹੁਕਮ ਦੇਣ ਦੀ ਢਿਲ ਸੀ, ਨਗਰ ਤੇ ਇਲਾਕੇ ਦੇ ਪਿੰਡਾਂ ਨੇ ਇਟਾਂ, ਚੂਨਾ ਤੇ ਮਸਾਲਾ ਭੇਜਣਾ ਸ਼ੁਰੂ ਕਰ ਦਿਤਾ। ਰਾਜਾਂ ਮਜ਼ਦੂਰਾਂ ਨੂੰ ਦੇਣ ਲਈ ਧਨ ਦੀ ਵੀ ਕੋਈ ਕੌਮੀ ਨਾ ਰਹੀ। ਥੋੜੇ ਸਮੇਂ ਵਿਚ ਹੀ ਡੇਰੇ ਦੀ ਸ਼ਾਨਦਾਰ ਇਮਾਰਤ ਤਿਆਰ ਹੋ ਗਈ।

ਭਜਨ ਕੀਰਤਨ ਤੇ ਸਤਿਸੰਗ ਦੇ ਨਾਲ ਲੰਗਰ ਦਾ ਅਤੁਟ ਪ੍ਰਵਾਹ ਚਲ ਪਿਆ।

ਬਾਬਾ ਜੀ ਕੇਵਲ ਸਾਧਾਰਨ ਡੇਰੇਦਾਰ, ਸੰਤ ਤੇ ਸਾਧੂ ਨਹੀਂ ਸਨ, ਬਲਕਿ ਉਚ ਕੋਟੀ ਦੇ ਕਰਮ ਯੋਗੀ ਅਤੇ ਲੋਕ-ਸੇਵਕ ਸਨ। ਉਨ੍ਹਾਂ ਦਾ ਜੀਵਨ ਨਿਸ਼ਕਾਮ ਸੇਵਾ ਦਾ ਇਕ ਸ਼ਾਨਦਾਰ ਨਮੂਨਾ ਸੀ। ਉਹਨਾਂ ਦਾ ਨਿਸਚਾ ਸੀ—

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥

ਭਾਵ-ਮਾਨਵਤਾ ਦੀ ਸੇਵਾ ਈਸ਼ਵਰ ਦੀ ਸੇਵਾ ਹੈ ਤੇ ਉਸ ਦੀ ਦਰਗਾਹ ਵਿਚ ਪ੍ਰਵਾਨ ਹੋਣ ਦਾ ਇਕ ਵਸੀਲਾ ਹੈ।

ਕਹਿੰਦੇ ਹਨ ਸੰਮਤ 1890 ਬਿਕ੍ਰਮੀ ਵਿਚ ਇਲਾਕਾ ਨੌਰੰਗਾਬਾਦ ਦੇ ਪਿੰਡਾਂ ਅਤੇ ਪੰਜਾਬ ਦੇ ਹੋਰ ਕਈ ਥਾਵਾਂ ਤੇ ਭਿਆਨਕ ਹੈਜ਼ਾ ਪੈ ਗਿਆ, ਜਿਸ ਨਾਲ ਸੈਂਕੜੇ ਆਦਮੀ ਮਰਨ ਲਗ ਪਏ। ਉਸ ਵਕਤ ਸੰਤ ਬਾਬਾ ਬੀਰ ਸਿੰਘ ਜੀ ਨੇ ਆਪਣੇ ਸਾਰੇ ਨਿਕਟ ਵਰਤੀਆਂ ਅਤੇ ਸੇਵਕਾਂ ਨੂੰ ਹੁਕਮ ਦਿਤਾ—

"ਜਾਓ ਪਿੰਡਾਂ ਵਿਚ ਜਿਥੇ ਕੋਈ ਰੋਗੀ ਵੇਖੋ, ਉਸ ਦੀ ਸੇਵਾ ਕਰੋ। ਜਿਸ ਮਿਰਤਕ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ, ਉਸ ਦੀ ਸੰਭਾਲ ਕਰੋ। ਲੋਕਾਂ ਨੂੰ ਸਤਿਨਾਮ ਵਾਹਿਗੁਰੂ ਦਾ ਉਪਦੇਸ਼ ਦਿਓ। ਉਹਨਾਂ ਦੇ ਮਨਾਂ ਨੂੰ ਅਰੋਗ ਕਰੋ। ਨਾਲ ਹੀ ਦੁਆਈ ਦਰ ਮਲ ਦੇ ਕੇ ਅਤੇ ਸੇਵਾ ਕਰਕੇ ਰੋਗੀਆਂ ਦੀ ਜਾਨ ਬਚਾਓ।"

ਹੈਜ਼ੇ ਦਾ ਰੋਗ ਗੰਦੇ ਪਾਣੀ ਤੇ ਕੀਟਾਣੂਆਂ ਰਾਹੀਂ ਫੈਲਦਾ ਹੈ। ਬਾਬਾ ਜੀ ਦੇ ਡੇਰੇ ਵਿਚ ਇਕ ਨਿਰਮਲ ਤੇ ਸਵੱਛ ਜਲ ਦਾ ਖੂਹ ਸੀ। ਆਪ ਨੇ ਬਚਨ ਕੀਤਾ—

"ਜਿਹੜਾ ਰੋਗੀ ਇਸ ਖੂਹ ਦਾ ਜਲ ਵਰਤੇਗਾ, ਉਹ ਅਰੋਗ ਹੋ ਜਾਵੇਗਾ।"

ਸੈਂਕੜੇ ਲੋਕਾਂ ਨੇ ਡੇਰੇ ਵਿਚ ਆ ਕੇ ਪਨਾਹ ਲਈ ਅਤੇ ਖੂਹ ਦਾ ਜਲ ਵਰਤ ਕੇ ਅਰੋਗਤਾ ਪ੍ਰਾਪਤ ਕੀਤੀ।

ਬਾਬਾ ਜੀ ਦੇ ਪੁਰਸ਼ਾਰਥ ਤੇ ਸੇਵਾ ਨਾਲ ਹਜ਼ਾਰਾਂ ਆਦਮੀਆਂ ਦੀ ਜਾਨ ਬਚ ਗਈ। ਇਸ ਨਿਸ਼ਕਾਮ ਸੇਵਾ ਦੇ ਕਾਰਨ ਆਪ ਦੀ ਸੋਭਾ ਸਾਰੇ ਪੰਜਾਬ ਵਿਚ ਫੈਲ ਗਈ।

ਜਦ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੂੰ ਇਸਦਾ ਪਤਾ ਲਗਾ ਤਾਂ ਉਨ੍ਹਾਂ ਨੇ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਕਿਹਾ—

"ਨੌਰੰਗਾਬਾਦ ਵਿਚ ਬੀਰ ਸਿੰਘ ਨਹੀਂ ਬੈਠਾ, ਅਸੀਂ ਆਪ ਬੈਠੇ ਹਾਂ।"

ਉਨ੍ਹਾਂ ਨੇ ਚਾਰ ਪੰਜ ਘੋੜ ਸਵਾਰ ਸੋਨੇ ਚਾਂਦੀ ਦੀਆਂ ਗਾਗਰਾਂ ਦੇਕੇ ਸੰਤ ਬਾਬਾ ਬੀਰ ਸਿੰਘ ਜੀ ਦੇ ਖੂਹ ਦਾ ਜਲ ਲਿਆਉਣ ਲਈ ਭੇਜੇ। ਜਦ ਉਨ੍ਹਾਂ ਨੇ ਨੌਰੰਗਾਬਾਦ ਪੁਜ ਕੇ ਬਾਬਾ ਬੀਰ ਸਿੰਘ ਜੀ ਦੀ ਸੇਵਾ ਦੀ ਪ੍ਰਸੰਸਾ ਕੀਤੀ ਤਾਂ ਆਪ ਨੇ ਉਨ੍ਹਾਂ ਨੂੰ ਉਤ੍ਰ ਦਿਤਾ—

"ਮੈਂ ਤੇ ਗੁਰੂ ਜੀ ਦਾ ਇਕ ਨਾਚੀਜ਼ ਸੇਵਕ ਹਾਂ। ਦੀਨ ਦੁਖੀਆਂ ਦੀ ਸੇਵਾ ਕਰਨੀ ਮੇਰਾ ਫਰਜ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਗੁਰਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ।

"ਇਹ ਸਾਡੇ ਲਈ ਗੁਰੂ ਕਾ ਹੁਕਮ ਹੈ।"

ਬਾਬਾ ਸਾਹਿਬ ਸਿੰਘ ਜੀ ਦੇ ਭੇਜੇ ਹੋਏ ਸਵਾਰ ਬਾਬਾ ਬੀਰ ਸਿੰਘ ਜੀ ਦੇ ਖੂਹ ਦਾ ਜਲ ਭਰ ਕੇ ਊਨੇ ਲੈ ਗਏ।

ਜਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਇਤਲਾਹ

ਪੁਜੀ ਕਿ ਬਾਬਾ ਜੀ ਨੇ ਹੈਜ਼ੇ ਦੇ ਹਜ਼ਾਰਾਂ ਰੋਗੀਆਂ ਦੀ ਸੇਵਾ ਤੇ ਸੰਭਾਲ ਕੀਤੀ ਹੈ, ਤਦ ਉਹਨਾਂ ਨੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਵਜ਼ੀਰਾਂ ਉਮਰਾਵਾਂ ਸਮੇਤ ਲਾਹੌਰੋਂ ਕੂਚ ਕਰ ਦਿਤਾ। ਪਹਿਲਾਂ ਇਕ ਘੋੜ ਸਵਾਰ ਨੂੰ ਇਤਲਾਹ ਦੇਣ ਲਈ ਭੇਜਿਆ।

ਬਾਬਾ ਜੀ ਨੇ ਸ਼ਾਹੀ ਸਵਾਰ ਨੂੰ ਕਿਹਾ—

"ਜੇ ਮਹਾਰਾਜਾ ਸਾਹਿਬ ਨੇ ਸਾਨੂੰ ਮਿਲਣ ਆਉਣਾ ਹੈ ਤਾਂ ਉਹਨਾਂ ਨੂੰ ਕਹੋ ਕਿ ਇਕ ਤੇ ਸਾਡੇ ਲਈ ਕੋਈ ਰੁਪਿਆ ਜਾਂ ਮੋਹਰਾਂ ਆਦਿਕ ਭੇਟਾ ਨਾ ਲਿਆਉਣ। ਅਸੀਂ ਉਨ੍ਹਾਂ ਦੀ ਕੋਈ ਭੇਟਾ ਨਹੀਂ ਲੈਣੀ। ਦੂਜੇ ਗੁਰੂ ਕੇ ਲੰਗਰ ਵਿਚ ਸਾਰੀ ਸੰਗਤ ਨਾਲ ਬੈਠ ਕੇ ਪ੍ਰਸ਼ਾਦਾ ਛਕਣ।"

ਮਹਾਰਾਜਾ ਰਣਜੀਤ ਸਿੰਘ ਨੇ ਇਹ ਦੋਵੇਂ ਗੱਲਾਂ ਪ੍ਰਵਾਨ ਕਰ ਲਈਆਂ।

ਨੌਰੰਗਾਬਾਦ ਵਿਚ ਬਾਬਾ ਜੀ ਦੇ ਡੇਰੇ ਦੇ ਲਾਗੇ ਪੁਜਕੇ ਮਹਾਰਾਜਾ ਰਣਜੀਤ ਸਿੰਘ ਹਾਥੀ ਤੋਂ ਉਤਰ ਖਲੋਤਾ। ਨਿੰਮ੍ਰਤਾ ਨਾਲ ਸੇਵਾ ਵਿਚ ਹਾਜ਼ਰ ਹੋਇਆ। ਸਤਿਸੰਗ ਕਰਕੇ ਉਸ ਨੂੰ ਬਹੁਤ ਪ੍ਰਸੰਨਤਾ ਹੋਈ। ਸ਼ੇਰੇ ਪੰਜਾਬ ਨੇ ਗੁਰੂ ਕੇ ਲੰਗਰ ਵਿਚ ਹੀ ਪ੍ਰਸ਼ਾਦ ਛਕਿਆ। ਜਦ ਅੰਮ੍ਰਿਤਸਰ ਨੂੰ ਵਾਪਸੀ ਦੀ ਤਿਆਰੀ ਕੀਤੀ, ਤਦ ਸ਼ੇਰੇ ਪੰਜਾਬ ਨੇ ਸੰਤ ਬਾਬਾ ਬੀਰ ਸਿੰਘ ਜੀ ਦੀ ਸੇਵਾ ਵਿਚ ਬੇਨਤੀ ਕੀਤੀ—

"ਲੰਗਰ ਲਈ ਕੁਝ ਮੇਰੀ ਤੁਛ ਭੇਟਾ ਵੀ ਪ੍ਰਵਾਨ ਕੀਤੀ ਜਾਵੇ ?"

ਬਾਬਾ ਜੀ ਨੇ ਉਤਰ ਦਿਤਾ—'ਇਹ ਗੁਰੂ ਕਾ ਲੰਗਰ ਹੈ। ਸਾਰੇ ਲੋਕ ਆਪਣੀ ਕਿਰਤ ਕਮਾਈ ਚੋਂ ਇਸ ਦੀ ਸੇਵ ਕਰਦੇ ਹਨ। ਲੋੜਵੰਦ ਤੇ ਸੰਗਤਾਂ ਛਕਦੀਆਂ ਹਨ। ਮਹਾਰਾਜਾ ਸਾਹਿਬ ! ਜੇ ਤੁਹਾਡੇ ਧਨ ਪਦਾਰਥ ਨਾਲ ਇਹ ਲੰਗਰ ਚਲਾਇਆ ਤਾਂ ਲੋਕੀਂ ਕਹਿਣਗੇ ਕਿ "ਸਰਕਾਰ ਰਣਜੀਤ ਸਿੰਘ ਦਾ ਲੰਗਰ ਹੈ, ਅਸੀਂ ਇਸ ਨੂੰ 'ਗੁਰੂ ਕਾ ਲੰਗਰ' ਹੀ ਰਖਣਾ ਚਾਹੁੰਦੇ ਹਾਂ।"

ਤੁਹਾਨੂੰ ਗੁਰੂ ਨੇ ਬਾਹਰਮੁਖੀ ਸੰਸਾਰ ਦਾ ਰਾਜ ਦਿਤਾ ਹੈ, ਸਾਨੂੰ ਅੰਤਰੀਵ ਆਤਮੇ ਦਾ ਰਾਜ ਬਖਸ਼ਿਆ ਹੈ । ਇਸ ਲਈ ਅਸੀਂ ਆਤਮਕ ਰਾਜ ਪਰ ਨਿਸਚਾ ਰਖਦੇ ਹਾਂ । ਤੁਹਾਡੇ ਪਾਸ ਰਾਜ ਦੀ ਰਖਿਆ ਲਈ ਸੂਰਬੀਰ ਤੇ ਸਨੱਧ-ਬਦ ਫੌਜਾਂ ਹਨ। ਸਾਡੇ ਪਾਸ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਅੰਤਰੀਵ ਸ਼ਤਰੂਆਂ ਤੇ ਜਿੱਤ ਪ੍ਰਾਪਤ ਕਰਨ ਲਈ ਸਤਿਸੰਗ ਦੀ ਸੈਨਕ ਸ਼ਕਤੀ ਹੈ । ਤੁਹਾਡੇ ਕੋਲ ਧੰਨ, ਪਦਾਰਥ ਹੀਰੇ, ਪੰਨੇ ਆਦਿਕ ਹਨ, ਸਾਡੇ ਕੋਲ ਸੰਤੋਖ ਦਾ ਅਤੁਟ ਧਨ ਹੈ । ਸਾਡੇ ਸਾਹਮਣੇ ਗੁਰਬਾਣੀ ਦਾ ਇਹ ਪਵਿੱਤਰ ਆਦਰਸ਼ ਹੈ—

ਸਰਬ ਬੈਕੁੰਠ ਮੁਕਤਿ ਮੋਖ ਪਾਇ ॥
ਏਕ ਨਿਮਖ ਹਰਿ ਕੇ ਗੁਨ ਗਾਇ ॥
ਅਨਿਕ ਰਾਜ ਭੋਗ ਵਡਿਆਈ ॥
ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥
ਬਹੁ ਭੋਜਨ ਕਾਪਰ ਸੰਗੀਤ ॥
ਰਸਨਾ ਜਪਤੀ ਹਰਿ ਹਰਿ ਨੀਤ ॥
ਭਲੀ ਸੁ ਕਰਨੀ ਸੋਭਾ ਧਨਵੰਤ ॥
ਹਿਰਦੈ ਬਸੇ ਪੂਰਨ ਗੁਰ ਮੰਤ ॥
ਸਾਧ ਸੰਗਿ ਪ੍ਰਭ ਦੇਹੁ ਨਿਵਾਸਾ ॥
ਸਰਬ ਸੂਖ ਨਾਨਕ ਪ੍ਰਗਾਸ ॥

(ਸੁਖਮਨੀ ਸਾਹਿਬ ੮-੨੦)

ਇਹ ਉਪਦੇਸ਼ ਸੁਣ ਕੇ ਸ਼ੇਰੇ-ਪੰਜਾਬ ਨੂੰ ਬਹੁਤ ਸ਼ਾਂਤੀ ਹੋਈ। ਦਰਸ਼ਨ ਤੇ ਸਤਿਸੰਗ ਕਰਕੇ ਵਿਦਾ ਹੋਇਆ ।

ਸੰਤ ਬਾਬਾ ਬੀਰ ਸਿੰਘ ਜੀ ਦੇ ਪਵਿਤ੍ਰ ਜੀਵਨ ਤੇ ਤਪਤਿਆਗ ਦਾ ਪ੍ਰਭਾਵ ਕਿੰਨਾ ਕੁ ਸੀ, ਇਸਦੀ ਇਕ ਹੋਰ ਉਦਾਹਰਣ ਦੇਂਦੇ ਹਾਂ।

ਉਹਨਾਂ ਦਿਨਾਂ ਵਿਚ ਗੁਜਰਾਂਵਾਲੇ ਦੇ ਇਕ ਪ੍ਰਸਿੱਧ ਸ੍ਰਦਾਰ ਲਾਲ ਸਿੰਘ ਸਨ । ਉਹ ਸੰਤਾਂ ਦੀ ਸੰਗਤ ਤਾਂ ਏਨੇ ਪ੍ਰਭਾਵਤ ਹੋਏ ਕਿ

ਸਠ ਹਜ਼ਾਰ ਰੁਪਏ ਦੀ ਜਗੀਰ ਛਡਕੇ ਉਨ੍ਹਾਂ ਦੇ ਚਰਨਾਂ 'ਚ ਹਾਜ਼ਰ ਹੋਏ ਅਤੇ ਸਾਰੀ ਜ਼ਿੰਦਗੀ ਸਤਿਸੰਗ ਤੇ ਸੇਵਾ ਵਿਚ ਬਤੀਤ ਕੀਤੀ। ਕਹਿੰਦੇ ਸਨ ਕਿ ਸ੍ਰਦਾਰ ਲਾਲ ਸਿੰਘ ਨੇ ਵੀਹ ਹਜ਼ਾਰ ਰੁਪਏ ਦੇ ਬਰਤਨ ਬਾਬਾ ਜੀ ਦੇ ਲੰਗਰ ਲਈ ਭੇਟ ਕੀਤੇ।

ਬਾਬਾ ਜੀ ਆਤਮਿਕ ਤੌਰ ਤੇ ਬੜੇ ਉੱਚੇ ਸਨ। ਉਨ੍ਹਾਂ ਦਾ ਫੁਰਨਾ ਤੇ ਬਚਨ ਸੱਤ ਹੁੰਦਾ ਸੀ। ਕਈ ਵੇਰ ਲੋਕਾਂ ਦੇ ਮਨਾਂ ਦੀਆਂ ਬੁਝਦੇ ਸਨ। ਚੰਗੇ ਮਨੋਵਿਗਿਆਨੀ ਸਨ।

ਇਕ ਪ੍ਰਸਿਧ ਪੰਡਤ ਸਿਆਮ ਸਿੰਘ ਬਾਬਾ ਜੀ ਦੀ ਉਪਮਾਂ ਸੁਣਕੇ ਦਰਸ਼ਨ ਕਰਨ ਲਈ ਆਇਆ। ਉਸਦੇ ਮਨ ਵਿਚ ਖਿਆਲ ਆਇਆ ਕਿ ਕਲਿਜੁਗ ਵਿਚ ਆਤਮਿਕ ਤੌਰ ਤੇ ਏਨੇ ਬਲੀ ਪੁਰਸ਼ ਕਿਵੇਂ ਹੋ ਸਕਦੇ ਹਨ? ਉਸ ਨੇ ਸੋਚਿਆ ਕਿ ਜੇ ਮੇਰੇ ਮਨ ਦੀ ਬੁਝ ਲੈਣ ਤਾਂ ਸਮਝਾਂਗਾ ਕਿ ਉਹ ਪੂਰਨ ਸੰਤ ਹਨ।

ਪੰਡਤ ਨੇ ਮਨ ਵਿਚ ਸਕਲਪ ਇਹ ਕੀਤਾ ਕਿ ਬਾਬਾ ਜੀ ਇਕ ਤੇ ਮੈਨੂੰ ਸਦ ਕੇ ਮਾਇਆ ਭੇਟ ਕਰਨ ਦੂਜੇ ਦੁਧ ਤੇ ਸਰਦਾਈ ਛਕੌਣ।

ਕਹਿੰਦੇ ਹਨ ਕਿ ਬਾਬਾ ਜੀ ਨੇ ਸੰਗਤ ਚੋਂ ਸਿਆਮ ਸਿੰਘ ਨੂੰ ਆਪਣੇ ਕੋਲ ਸਦਿਆ। ਉਸ ਨੂੰ ਪੰਜ ਰੁਪਏ ਦੇ ਕੇ ਕਹਿਣ ਲਗੇ—

"ਪੰਡਤਾਂ ਨੂੰ ਪੜ੍ਹਕੇ ਤੇ ਕਥਾ ਵਾਰਤਾ ਕਰਕੇ ਬੜੀ ਖੁਸ਼ਕੀ ਹੋ ਜਾਂਦੀ ਹੈ, ਇਹ ਲਓ ਪੰਜ ਰੁਪੈ, ਇਨ੍ਹਾਂ ਦਾ ਦੁਧ ਤੇ ਸ੍ਰਦਾਈ ਛਕ ਲੈਣੀ।

ਪੰਡਤ—"ਆਪ ਦੀ ਮੇਰੇ ਤੇ ਬੜੀ ਕਿਰਪਾ ਹੈ। ਮੈਨੂੰ ਰੁਪਿਆਂ ਦੀ ਕੋਈ ਲੋੜ ਨਹੀਂ।"

ਬਾਬਾ ਜੀ ਨੇ ਹਸ ਕੇ ਕਿਹਾ—ਪੰਡਤ ਜੀ! ਦਿਲੋਂ ਕਿਸੇ ਚੀਜ਼ ਦੀ ਇਛਾ ਕਰਨੀ ਤੇ ਮੰਗਣਾ ਅਤੇ ਉਤੋਂ ਨਾਂਹ ਨਾਂਹ ਕਰੀ ਜਾਣੀ ਤੇ ਫ਼ੋਕਾ ਤਿਆਗ ਪ੍ਰਗਟ ਕਰਨਾ ਠੀਕ ਨਹੀਂ।"

ਇਹ ਬਚਨ ਸੁਣਕੇ ਪੰਡਤ ਨੇ ਬਾਬਾ ਜੀ ਦੇ ਚਰਨ ਫੜ ਲਏ ਅਤੇ ਕਹਿਣ ਲਗਾ—"ਆਪ ਦੀ ਪ੍ਰੀਖਿਆ ਕਰਨੀ ਮੇਰੀ ਭੁਲ ਸੀ।"

ਬਾਬਾ ਜੀ ਸੁਭਾਅ ਦੇ ਬੜੇ ਉਦਾਰ ਚਿਤ, ਖਿਮਾ ਸ਼ੀਲ ਅਤੇ ਨਿੰਮਰਤਾ ਵਾਲੇ ਸਨ। ਸਮੁੰਦਰ ਵਾਂਗ ਗਹਿਰ ਗੰਭੀਰ ਅਤੇ ਹਿਮਾਲਾ ਵਾਂਗ ਅਡੋਲ ਬਿਰਤੀ ਦੇ ਸਨ। ਕਿਸੇ ਨਿਕੀ ਮੋਟੀ ਗਲ ਨਾਲ ਛੇਤੀ ਗੁਸੇ ਵਿਚ ਨਹੀਂ ਆਉਂਦੇ ਸਨ।

ਇਕ ਵਾਰ ਦੋ ਪਰਮ ਹੰਸ ਸਾਧੂ ਬਾਬਾ ਜੀ ਦੇ ਦਰਸ਼ਨ ਕਰਨ ਲਈ ਆਪ ਜੀ ਦੇ ਡੇਰੇ ਵਿਚ ਆਏ। ਆਪ ਡੇਰੇ ਵਿਚ ਨਹੀਂ ਸਨ, ਬਾਹਰ ਗਏ ਹੋਏ ਸਨ। ਇਹ ਵੇਖਕੇ ਦੋਵੇਂ ਸਾਧੂ ਮਿਟੀ-ਘਟੇ ਨਾਲ ਲਿਬੜੇ ਹੋਏ ਆਪ ਦੇ ਪਲੰਘ ਤੇ ਜਾ ਕੇ ਲੇਟ ਗਏ। ਡੇਰੇ ਦੇ ਸਿੰਘਾਂ ਨੇ ਉਨ੍ਹਾਂ ਸਾਧੂਆਂ ਦੀ ਇਹ ਹਰਕਤ ਵੇਖ ਕੇ ਕੁਝ ਗੁਸਾ ਕੀਤਾ, ਪਰ ਸਾਧੂ ਸਮਝ ਕੇ ਉਹਨਾਂ ਨੂੰ ਕੁਝ ਨਾ ਕਿਹਾ।

ਸਾਧੂਆਂ ਵਿਚ ਇਕ ਮਰਯਾਦਾ ਹੈ ਕਿ ਉਹ ਆਮ ਤੋਰ ਤੇ ਇਕ ਦੂਜੇ ਦੇ ਆਸਨ ਉਤੇ ਨਹੀਂ ਬਹਿੰਦੇ।

ਜਦ ਸੰਤ ਬਾਬਾ ਬੀਰ ਸਿੰਘ ਜੀ ਬਾਹਰੋਂ ਆਏ ਤਾਂ ਉਹਨਾਂ ਨੇ ਆਪਣੇ ਪਲੰਘ ਉਤੇ ਦੋ ਸਾਧੂਆਂ ਨੂੰ ਲੇਟਿਆ ਵਖਕੇ ਪ੍ਰਸੰਨਤਾ ਪ੍ਰਗਟ ਕੀਤੀ। ਨਿੰਮ੍ਰਤਾ ਨਾਲ ਕਪੜਾ ਲੈ ਕੇ ਉਹਨਾਂ ਦੇ ਚਰਨ ਝਾੜਨ ਲਗ ਪਏ। ਫਿਰ ਉਹਨਾਂ ਦੀ ਮੁਠੀ ਚਾਪੀ ਕੀਤੀ। ਦੋਹਾਂ ਸਾਧੂਆਂ ਨੂੰ ਬੜੇ ਪਰੇਮ ਅਤੇ ਸਤਕਾਰ ਨਾਲ ਪ੍ਰਸ਼ਾਦ ਛਕਾਇਆ। ਇਹ ਵੇਖ ਕੇ ਪਰਮ ਹੰਸ ਸਾਧੂਆਂ ਨੂੰ ਬੜੀ ਹੈਰਾਨੀ ਤੇ ਪ੍ਰਸੰਨਤਾ ਹੋਈ।

ਗਿਆਨ ਗੋਸ਼ਟ ਕਰਦੇ ਹੋਏ ਬਾਬਾ ਜੀ ਨੇ ਉਹਨਾਂ ਨੂੰ ਕਿਹਾ-

"ਸਾਧੂ ਉਹ ਨਹੀਂ ਹੈ, ਜਿਸ ਨੇ ਕੋਈ ਭੇਖ ਧਾਰਨ ਕਰ ਲਿਆ ਹੈ, ਬਲਕਿ ਉਹ ਹੈ ਜਿਸ ਨੇ ਮਨ ਦੀ ਸਾਧਨਾ ਕੀਤੀ ਹੈ। ਗੁਰਬਾਣੀ ਦਾ ਵਾਕ ਹੈ-

"ਸਾਧ ਨਾਮ ਨਿਰਮਲ ਤਾਕੇ ਕਰਮ॥

ਸਾਧੂ ਉਹ ਹੈ ਜੋ ਆਤਮ ਮੰਡਲ ਵਿਚ ਵਿਚਰਦਾ ਹੈ। ਦਹ ਅਧਿਆਸ ਤੇ ਮੈਂ ਮੇਰੀ ਤੋਂ ਉੱਚਾ ਹੈ। ਜਿਸ ਨੇ ਹਉਮੈ ਦਾ ਤਿਆਗ

ਕੀਤਾ ਹੈ, ਉਹ ਸੱਚਾ ਤਿਆਗੀ ਹੈ। ਉਹ ਸਾਰਿਆਂ ਵਿਚ ਇਕ ਆਤਮਾ ਤੇ ਪ੍ਰਮਾਤਮਾ ਦੀ ਜੋਤਿ ਵੇਖ ਕੇ ਪ੍ਰਾਣੀ ਮਾਤਰ ਨਾਲ ਪ੍ਰੇਮ ਤੇ ਉਸਦੀ ਨਿਸ਼ਕਾਮ ਸੇਵਾ ਕਰਦਾ ਹੈ।

ਬਾਬਾ ਜੀ ਕੇਵਲ ਲੋਕਾਂ ਨੂੰ ਸੇਵਾ ਦਾ ਉਪਦੇਸ਼ ਨਹੀਂ ਕਰਦੇ ਸਨ, ਸਗੋਂ ਆਪ ਇਕ ਰਸ ਸੇਵਾ ਕਰਨ ਵਾਲੇ ਸਨ।

ਇਕ ਵਾਰ ਆਪ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਦੀ ਸੰਗਤ ਵਿਚ ਬਿਰਾਜਮਾਨ ਸਨ। ਬਾਬਾ ਸਾਹਿਬ ਸਿੰਘ ਜੀ ਦੀ ਨਜ਼ਰ ਸਾਹਮਣੇ ਇਕ ਠੇਰੀ ਤੇ ਜਾ ਪਈ। ਕਹਿਣ ਲਗੇ—

"ਕੁਝ ਸਿੰਘ ਜਾ ਕੇ ਇਸ ਠੇਰੀ ਨੂੰ ਡੇਗ ਦਿਓ।"

ਬਾਬਾ ਬੀਰ ਸਿੰਘ ਜੀ ਪੰਜ ਸੱਤ ਸਿੰਘਾਂ ਨੂੰ ਨਾਲ ਲੈ ਕੇ ਕਹੀਆਂ ਤੇ ਗੰਧਾਲੇ ਲੈ ਕੇ ਠੇਰੀ ਪੁਟਣ ਲਈ ਤੁਰ ਪਏ। ਦੋ ਚਾਰ ਦਿਨ ਪੁਟਦੇ ਰਹੇ। ਗਰਮੀ ਦੀ ਰੁਤ ਸੀ। ਕਈ ਸਿੰਘ ਘਬਰਾ ਕੇ ਮੁੜ ਆਏ, ਪਰ ਬਾਬਾ ਬੀਰ ਸਿੰਘ ਜੀ ਇਕ ਰਸ ਸੇਵਾ ਵਿਚ ਜੁਟੇ ਰਹੇ। ਅਚਾਨਕ ਆਪ ਦੀਆਂ ਲੱਤਾਂ ਉਤੇ ਕਹੀ ਵਜ ਗਈ ਤੇ ਲਹੂ ਚਲਣ ਲਗ ਪਿਆ, ਪਰ ਉਹ ਠੇਰੀ ਪੁਟਣ ਵਿਚ ਲਗੇ ਰਹ।

ਜਦ ਸ਼ਾਮ ਨੂੰ ਦੀਵਾਨ ਵਿਚ ਹਾਜ਼ਰ ਹੋਏ, ਤਦ ਬਾਬਾ ਸਾਹਿਬ ਸਿੰਘ ਜੀ ਨੇ ਪੁਛਿਆ—"ਪਤਾ ਲਗਾ ਹੈ ਕਿ ਠੇਰੀ ਪੁਟਦਿਆਂ ਆਪ ਦੇ ਕਹੀ ਵਜ ਗਈ ਹੈ, ਜਿਸ ਕਰਕੇ ਲਹੂ ਨਿਕਲਿਆ ਹੈ? ਇਸ ਹਾਲਤ ਵਿਚ ਸੇਵਾ ਕਰਨ ਦੀ ਕੋਈ ਲੋੜ ਨਹੀਂ ਸੀ, ਤੁਸੀਂ ਆਰਾਮ ਕਰਨਾ ਸੀ।"

ਬਾਬਾ ਬੀਰ ਸਿੰਘ—"ਬਾਬਾ ਜੀ! ਮੇਰਾ ਤਨ ਮਨ ਆਪ ਦੀ ਤੇ ਸਾਧ ਸੰਗਤ ਦੀ ਸੇਵਾ ਲਈ ਹੈ। ਕਹੀ ਵਜਣ ਦੀ ਕਿਹੜੀ ਗਲ ਹੈ, ਸੇਵਕ ਨੇ ਤਾਂ ਸੇਵਾ ਹੀ ਕਰਨੀ ਹੈ।"

ਪੰਡਤ ਸ਼ੇਰ ਸਿੰਘ ਰਚਿਤ 'ਬੀਰ ਮ੍ਰਿਗੇਸ਼ ਗੁਰ ਬਿਲਾਸ' 'ਚ ਇਕ ਵਾਰਤਾ ਲਿਖੀ ਹੈ ਕਿ ਬਾਬਾ ਜੀ ਇਕ ਵਾਰ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਦੇ ਦਰਸ਼ਨ ਕਰਨ ਲਈ ਗਏ। ਨੌਰੰਗਾਬਾਦ ਤੋਂ

ਚਲਕੇ ਤਰਨ ਤਾਰਨ ਲਾਹੌਰ ਤੋਂ ਹੁੰਦੇ ਹੋਏ ਜਦ ਗੁਜਰਾਂ ਵਾਲੇ ਪੁਜੇ, ਉਸ ਵਕਤ ਤਿੰਨ ਹਜ਼ਾਰ ਸੰਗਤ ਆਪ ਦੇ ਨਾਲ ਸੀ।

ਗੁਜਰਾਂ ਵਾਲੇ ਵਿਚ ਸ: ਹਰੀ ਸਿੰਘ ਨਲੂਏ ਦੇ ਪੁਤ੍ਰ ਸ੍ਰਦਾਰ ਜਵਾਹਰ ਸਿੰਘ ਨੇ ਬਾਬਾ ਬੀਰ ਸਿੰਘ ਜੀ ਅਤੇ ਸਾਰੀ ਸੰਗਤ ਦਾ ਲੰਗਰ ਕੀਤਾ। ਬਹੁਤ ਸਾਰੇ ਲਾਂਗਰੀ, ਹਲਵਾਈ, ਝੀਉਰ ਅਤੇ ਨੌਕਰ ਚਾਕਰ ਲਾ ਕੇ ਕਈ ਕਿਸਮ ਦੇ ਭੋਜਨ ਤਿਆਰ ਕਰਵਾਏ। ਜਦ ਸੰਗਤ ਨੇ ਪ੍ਰਸ਼ਾਦ ਛਕ ਲਿਆ, ਤਦ ਬਾਬਾ ਜੀ ਨੇ ਅਰਦਾਸ ਕੀਤੀ-

"ਦਾਣਾ ਪਾਣੀ ਗੁਰੂ ਕਾ, ਟਹਿਲ ਭਾਉਣੀ ਸੇਵਕਾਂ ਦੀ, ਜਿਨ੍ਹਾਂ ਪ੍ਰਸ਼ਾਦ ਤਿਆਰ ਕਰਕੇ ਸੰਗਤ ਨੂੰ ਛਕਾਇਆ।"

ਇਸ ਪਰ ਸ੍ਰਦਾਰ ਜਵਾਹਰ ਸਿੰਘ ਨੂੰ ਬੜੀ ਹੈਰਾਨ ਹੋਈ। ਉਸ ਨੇ ਪੁਛਿਆ—"ਬਾਬਾ ਜੀ, ਅਰਦਾਸ ਵਿਚ ਆਪ ਨੇ ਮੇਰਾ ਨਾਂ ਨਹੀਂ ਲਿਆ?"

ਬਾਬਾ ਜੀ—"ਸ੍ਰਦਾਰ ਜੀ, ਦਾਣਾ ਪਾਣੀ ਤਾਂ ਗੁਰੂ ਦੀ ਬਖਸ਼ਸ਼ ਹੈ। ਤੁਸੀਂ ਆਪ ਕੋਈ ਸੇਵਾ ਨਹੀ ਕੀਤੀ, ਕੁਰਸੀ ਤੇ ਬਹਿ ਕੇ ਦੂਜਿਆਂ ਨੂੰ ਹੁਕਮ ਦੇ ਕੇ ਕਰਵਾਈ ਹੈ। ਇਸ ਲਈ ਅਸੀਂ ਅਰਦਾਸ ਉਨ੍ਹਾਂ ਦੀ ਹੀ ਕਰਨੀ ਸੀ।

ਇਹ ਬਚਨ ਸੁਣ ਕੇ ਸ੍ਰਦਾਰ ਜਵਾਹਰ ਸਿੰਘ ਸਮਝ ਗਿਆ ਕਿ ਅਸਲ ਸੇਵਾ ਉਹ ਹੈ, ਜੇਹੜੀ ਆਪਣੇ ਹਥਾਂ ਨਾਲ ਕੀਤੀ ਜਾਏ। ਉਸ ਨੇ ਦੂਜੇ ਦਿਨ ਫਿਰ ਸੰਗਤ ਦਾ ਲੰਗਰ ਕੀਤਾ। ਸਰਦਾਰਨੀ ਸਮੇਤ ਬੜੇ ਪ੍ਰੇਮ ਤੇ ਸ਼ਰਧਾ ਨਾਲ ਆਪਣੇ ਹਥੀਂ ਸੰਗਤ ਦੀ ਸੇਵਾ ਕੀਤੀ, ਤਦ ਬਾਬਾ ਜੀ ਨੇ ਉਸ ਦੀ ਸੇਵਾ ਦੀ ਅਰਦਾਸ ਕੀਤੀ।

ਗੁਜਰਾਂ ਵਾਲੇ ਤੋਂ ਚਲ ਕੇ ਆਪ ਵਜ਼ੀਰਾਂ ਬਾਦ, ਗੁਜਰਾਤ ਜੇਹਲਮ ਤੋਂ ਹੁੰਦੇ ਹੋਏ, ਪੋਠੋਹਾਰ ਦੇ ਪਿੰਡਾਂ ਬਕੜਲਾ, ਬਿਸ਼ਨ ਦੌਰ ਮਲਕਪੁਰ ਆਦਿਕ ਵਿਚ ਪ੍ਰਚਾਰ ਤੇ ਸਤਿਸੰਗ ਦਾ ਪ੍ਰਵਾਹ ਚਲਾਉਂਦੇ ਹੋਏ ਕੁਰੀ ਤੋਂ ਹੋ ਕੇ ਵਾਪਸ ਪੁਜੇ।

†

੩.

ਨਿਆਂਕਾਰੀ, ਤਿਆਗੀ ਤੇ ਮ੍ਰਯਾਦਾ ਪੁਰਸ਼ੋਤਮ

ਉਸ ਵਕਤ ਲਾਹੌਰ ਦਰਬਾਰ ਵਿਚ ਆਪਾ–ਧਾਪੀ ਮਚੀ ਹੋਈ ਸੀ। ਰਾਜਨੀਤਕ ਤਾਕਤ ਹਾਸਲ ਕਰਨ ਲਈ ਸੰਧਾਵਲੀਆਂ ਤੇ ਡੋਗਰਿਆਂ ਵਿਚ ਦੌੜ ਲਗੀ ਹੋਈ ਸੀ। ਇਕ ਦੂਜੇ ਨੂੰ ਮਾਰਨ ਦੀਆਂ ਸਾਜ਼ਸ਼ਾਂ ਹੋ ਰਹੀਆਂ ਸਨ। ਸਤਲੁਜੋਂ ਪਾਰ ਅੰਗਰੇਜ਼ ਬੈਠੇ ਹੋਏ ਸਨ, ਜਿਨ੍ਹਾਂ ਨੇ ਪਰਲੇ ਪਾਸੇ ਦੇ ਸਿੱਖ ਸਰਦਾਰਾਂ ਨੂੰ ਆਪਣੇ ਵੱਸ ਵਿਚ ਕਰ ਲਿਆ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਤਮ ਕਰਨ ਲਈ ਜਾਲ ਤਣ ਰਹੇ ਸਨ। ਲਾਹੌਰ ਦਰਬਾਰ ਵਿਚ ਉਹਨਾਂ ਆਪਣੇ ਆਦਮੀ ਪੈਦਾ ਕਰ ਲਏ ਸਨ। ਰਾਜ ਪ੍ਰਬੰਧ ਵਿਗੜ ਚੁਕਾ ਸੀ। ਹਰ ਪਾਸੇ ਧੱਕੇ ਸ਼ਾਹੀ ਚਲ ਰਹੀ ਸੀ।

ਰਿਸ਼ੀ ਮੰਨੂੰ ਨੂੰ ਆਪਣੀ ਸਿਮ੍ਰਤੀ ਵਿਚ ਸਮਾਜ ਦਾ ਪ੍ਰਬੰਧ ਠੀਕ ਰਖਣ ਲਈ "ਸੰਨਿਆਸੀ" ਦੀ ਕਲਪਣਾ ਕੀਤੀ ਹੈ। ਪੱਛਮੀ ਸਮਾਜ ਤੇ ਰਾਜਨੀਤੀ ਦੇ ਬਾਨੀ ਸੁਕਰਾਤ ਦੇ ਸ਼ਗਿਰਦ ਅਤੇ ਅਰਸਤੂ ਦੇ ਉਸਤਾਦ ਅਫਲਾਤੂਨ (430-347 ਪੂ: ਈ:) ਨੇ ਆਪਣੀ ਪੁਸਤਕ "ਰੀਪਬਲਕ" ਵਿਚ ਲਿਖਿਆ ਹੈ ਕਿ ਕੁਦਰਤੀ ਤੌਰ ਤੇ ਮਨੁਖ ਵਿਚ ਤਿੰਨ ਖਾਸ ਗੁਣ ਹਨ-ਵਿਵੇਕ ਬੁਧੀ, ਤੇਜ ਅਤੇ ਕਾਮਨਾ। ਸਮਾਜ ਦਾ ਪ੍ਰਬੰਧ ਉਸ ਹਾਲਤ ਵਿਚ ਹੀ ਚੰਗੀ ਤਰ੍ਹਾਂ ਚਲ ਸਕਦਾ ਹੈ, ਜਦ ਕਿ ਹਕੂਮਤ, ਨਿਆਂ ਅਤੇ ਰਖਿਆ ਦਾ

ਪ੍ਰਬੰਧ ਵਿਵੇਕ ਬੁਧੀ ਵਾਲੇ ਵਰਗ (ਸੰਨਿਆਸੀਆਂ) ਪਾਸ ਹੋਵੇ। ਜੇ ਇਹ ਤਬਕਾ ਧਨ ਇਕੱਠਾ ਕਰਨ ਤੇ ਐਸ਼ੋ ਇਸ਼ਰਤ ਵਿਚ ਮਗਨ ਹੋ ਜਾਏ ਤਾਂ ਸਮਾਜ ਦਾ ਪ੍ਰਬੰਧ ਚੰਗਾ ਨਹੀਂ ਰਹਿ ਸਕਦਾ।

ਸੰਤ ਬਾਬਾ ਬੀਰ ਸਿੰਘ ਜੀ ਨੇ ਸਿੱਖ ਰਾਜ ਦੇ ਅੰਤਮ ਦਿਨਾਂ ਵਿਚ ਇਕ ਸਚੇ ਤਿਆਗੀ ਅਤੇ ਸੰਨਿਆਸੀ ਦਾ ਪਾਰਟ ਅਦਾ ਕੀਤਾ ਹੈ। ਉਨ੍ਹਾਂ ਦੇ ਜੀਵਨ ਵਿਚੋਂ ਇਸ ਦੀਆਂ ਅਸੀਂ ਦੋ ਮਿਸਾਲਾਂ ਪੇਸ਼ ਕਰਦੇ ਹਾਂ—

ਸੰਮਤ 1898 ਵਿਚ ਡੋਗਰਿਆਂ ਦੀ ਸਾਜ਼ਸ਼ ਕਰਕੇ ਕੰਵਰ ਨੌ-ਨਿਹਾਲ ਸਿੰਘ ਨੂੰ ਮਾਰਿਆ ਗਿਆ। ਇਹ ਘਟਨਾ ਬੜੀ ਦੁਖਦਾਇਕ ਸੀ। ਸੰਤ ਬਾਬਾ ਬੀਰ ਸਿੰਘ ਜੀ ਇਸ ਦੀ ਖਬਰ ਸੁਣ ਕੇ ਕੰਵਰ ਦੀ ਮਾਤਾ ਰਾਣੀ ਚੰਦ ਕੌਰ ਨੂੰ ਪ੍ਰਚਾਉਣੀ ਕਰਨ ਲਈ ਲਾਹੌਰ ਗਏ।

ਉਨ੍ਹਾਂ ਦਿਨਾਂ ਵਿਚ ਬਾਬਾ ਬਿਕ੍ਰਮ ਸਿੰਘ ਜੀ ਊਨੇ ਵਾਲਿਆਂ ਨੇ ਆਪਣੇ ਭਤੀਜੇ ਬਾਬਾ ਅਤਰ ਸਿੰਘ* ਨਾਲ ਕਿਸੇ ਗਲੋਂ ਝਗੜਾ ਹੋ ਜਾਣ ਕਰਕੇ ਉਸ ਨੂੰ ਮਾਰ ਦਿਤਾ। ਉਸ ਦਾ ਘਰ ਬਾਰ ਲੁਟ ਲਿਆ। ਇਸ਼ਤ੍ਰੀਆਂ ਕੈਦ ਕਰ ਲਈਆਂ। ਬਾਬਾ ਅਤਰ ਸਿੰਘ ਵਲੋਂ ਬਾਬਾ ਸੰਪੂਰਨ ਸਿੰਘ ਇਨਸਾਫ ਪ੍ਰਾਪਤ ਕਰਨ ਲਈ ਲਾਹੌਰ ਦਰਬਾਰ ਵਿਚ ਪੁਜਾ। ਪਰ ਉਸ ਦੀ ਕਿਸੇ ਨਾ ਸੁਣੀ। ਨਿਰਾਸਤਾ ਤੇ ਕ੍ਰੋਧ ਵਿਚ ਆ ਕੇ ਉਸ ਨੇ ਸੰਮਨ ਬੁਰਜ ਦੇ ਥਲੇ ਚਿਖਾ ਬਣਾਕੇ ਸੜ ਮਰਨ ਦਾ ਇਰਾਦਾ ਕਰ ਲਿਆ।

ਜਦ ਸੰਤ ਬਾਬਾ ਬੀਰ ਸਿੰਘ ਜੀ ਨੂੰ ਇਸ ਦਾ ਪਤਾ ਲਗ ਤਾਂ ਆਪ ਨੇ ਬਾਬਾ ਸੰਪੂਰਨ ਸਿੰਘ ਨੂੰ ਕਹਿ ਭੇਜਿਆ-"ਨਿਰਾਸਤਾ ਚ ਸੜ ਮਰਨ ਦੀ ਕੋਈ ਬਹਾਦਰੀ ਨਹੀਂ, ਆਤਮਘਾਤ ਹੈ। ਅਸੀਂ

---

*ਬਾਬਾ ਅਤਰ ਸਿੰਘ, ਬਾਬਾ ਬਿਸ਼ਨ ਸਿੰਘ ਦੇ ਪੁਤ੍ਰ ਤੇ ਬਾਬਾ ਪ੍ਰੇਮ ਸਿੰਘ ਜੀ ਕਲਰ ਜ਼ਿਲਾ ਰਾਵਲ ਪਿੰਡੀ ਦੇ ਪਿਤਾ ਸਨ। ਪ: ਸ਼:

ਤੁਹਾਡੇ ਨਾਲ ਇਨਸਾਫ ਕਰਾਂਵਾਂਗੇ।''

ਬਾਬਾ ਜੀ ਦਾ ਇਹ ਬਚਨ ਸੁਣ ਕੇ ਬਾਬਾ ਸੰਪੂਰਨ ਸਿੰਘ ਨੇ ਸੜ ਮਰਨ ਦਾ ਇਰਾਦਾ ਬਦਲ ਲਿਆ।

ਬਾਬਾ ਜੀ ਜਦ ਰਾਣੀ ਚੰਦ ਕੌਰ ਨੂੰ ਮਲੇ, ਉਸ ਨੂੰ ਪੁਤਰ ਦੀ ਮੌਤ ਤੋਂ ਬਹੁਤ ਦੁਖੀ ਵੇਖ ਕੇ ਆਪ ਨੇ ਬੜਾ ਧੀਰਜ ਦਿਤਾ। ਪਰ ਨਾਲ ਹੀ ਕਿਹਾ—

''ਰਾਣੀ ਜੀ! ਅਜ ਤੁਹਾਡੇ ਰਾਜ ਵਿਚ ਬਹੁਤ ਹਨੇਰ ਮਚਿਆ ਹੋਇਆ ਹੈ। ਜੋਰਾਵਰ ਗਰੀਬਾਂ ਨੂੰ ਲੁਟ ਕੇ ਖਾਂਦੇ ਹਨ। ਕਿਸੇ ਦਾ ਧਨ ਤੇ ਇਸਤ੍ਰੀ ਸੁਰਖਿਅਤ ਨਹੀਂ। ਨਿਰ ਅਪ੍ਰਾਧ ਬਾਬਾ ਅਤਰ ਸਿੰਘ ਨੂੰ ਬਾਬਾ ਬਿਕ੍ਰਮ ਸਿੰਘ ਨੇ ਮਰਵਾ ਦਿਤਾ ਹੈ। ਉਸ ਦਾ ਘਰ ਬਾਰ ਲੁਟ ਲਿਆ ਹੈ। ਸਾਰਾ ਇਲਾਕਾ ਤੇ ਜਗੀਰ ਜ਼ਬਤ ਕਰ ਲਈ ਹੈ। ਬਾਬਾ ਅਤਰ ਸਿੰਘ ਦੀਆਂ ਸੁਆਣੀਆਂ ਤੇ ਬਾਲ ਬਚਿਆਂ ਨੂੰ ਕੈਦ ਕਰ ਲਿਆ ਹੈ। ਇਸ ਤਰ੍ਹਾਂ ਉਹਨਾਂ ਗਊਆਂ ਨੂੰ ਦੁਖ ਦਿਤਾ ਗਿਆ ਹੈ। ਜਿਸ ਰਾਜ ਵਿਚ ਗਰੀਬਾਂ ਉਤੇ ਜ਼ੁਲਮ ਹੋਵੇ ਅਤੇ ਰਾਜਾ ਨਿਆਂ ਨਾ ਕਰੇ, ਉਸ ਰਾਜੇ ਦਾ ਰਾਜ ਨਸ਼ਟ ਹੋ ਜਾਂਦਾ ਹੈ। ਵੇਖੋ ਬਾਬਾ ਸੰਪੂਰਨ ਸਿੰਘ ਤੁਹਾਡੇ ਦਰਵਾਜ਼ੇ ਤੇ ਨਿਆਂ ਹਾਸਲ ਕਰਨ ਲਈ ਆਇਆ ਹੈ, ਤੁਸੀ ਉਸ ਨਾਲ ਨਿਆਂ ਨਹੀਂ ਕੀਤਾ। ਇਸ ਲਈ ਉਹ ਸੜ ਮਰਨ ਲਈ ਤਿਆਰ ਹੋ ਗਿਆ ਹੈ। ਉਹ ਗੁਰੂ ਅੰਸ਼ ਹੈ, ਉਸ ਦਾ ਸੜ ਕੇ ਮਰਨਾ ਪਾਪ ਹੈ। ਅਸੀਂ ਉਸ ਨੂੰ ਕਿਹਾ ਹੈ ਕਿ ਸੜ ਕੇ ਨਾ ਮਰ, ਤੇਰੇ ਨਾਲ ਨਿਆਂ ਕਰਵਾਂਗੇ।''

ਅੰਤ ਵਿਚ ਬਾਬਾ ਜੀ ਨੇ ਕਿਹਾ—

''ਇਹਨਾਂ ਲਛਣਾਂ ਤੋਂ ਮਾਲੂਮ ਹੁੰਦਾ ਹੈ ਕਿ ਹੋਰਨਾਂ ਦਾ ਬੇੜਾ ਜਲ ਵਿਚ ਡੁਬਦਾ ਹੈ, ਤੁਹਾਡਾ ਰੜੇ ਵਿਚ ਡੁਬੇਗਾ। ਹੁਣ ਅਠ ਬੌਲਦਾ ਸੁਹਾਗਾ ਫ਼ਿਰਨ ਵਾਲਾ ਹੈ। ਇਸ ਦੇ ਅਗੇ ਕੋਈ ਢੀਮ ਜਾਂ ਢੇਰੀ ਰਹਿ ਨਹੀਂ ਜਾਏਗੀ।''

ਇਨ੍ਹਾਂ ਸ਼ਬਦਾਂ ਵਿਚ ਕਿਤਨੀ ਸਚਿਆਈ ਤੇ ਸਿੱਖ ਰਾਜ ਦੀ

ਤਬਾਹੀ ਦੀ ਜ਼ਬਰਦਸਤ ਪੇਸ਼ੀਨ ਗੋਈ ਹੈ ? ਉਸ ਵਕਤ ਦਾ ਕਿਤਨਾ ਦਰਦਨਾਕ ਨਕਸ਼ਾ ਖਿਚਿਆ ਹੈ ? ਇਸਨੂੰ ਪਾਠਕ ਡੂੰਘੀ ਵਿਚਾਰ ਨਾਲ ਹੀ ਅਨੁਭਵ ਕਰ ਸਕਦੇ ਹਨ ।

ਕਹਿੰਦੇ ਹਨ ਕਿ ਬਾਬਾ ਜੀ ਦੇ ਉਪਰੋਕਤ ਬਚਨ ਸੁਣ ਕੇ ਮਹਾਰਾਜਾ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਕੰਬ ਗਏ । ਰਾਣੀ ਨੇ ਸਾਰੇ ਵਜ਼ੀਰਾਂ ਤੇ ਦਰਬਾਰੀਆਂ ਸਮੇਤ ਬੇਨਤੀ ਕੀਤੀ–

"ਮਹਾਰਾਜ ! ਆਪ ਸਾਡੀਆਂ ਪਿਛਲੀਆਂ ਭੁਲਾਂ ਮਾਫ ਕਰ ਦਿਓ, ਅਗੋਂ ਲਈ ਅਸੀਂ ਰਾਜ ਪ੍ਰਬੰਧ ਦਰੁਸਤ ਕਰਨ ਦਾ ਜਤਨ ਕਰਾਂਗੇ ।"

ਜਦ ਬਾਬਾ ਜੀ ਲਾਹੌਰ ਤੋਂ ਵਿਦਾ ਹੋਣ ਲਗੇ ਤਾਂ ਮਹਾਰਾਜਾ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਨੇ ਬਹੁਤ ਸਾਰਾ ਧਨ ਪਦਾਰਥ ਤੇ ਬਸਤਰ ਆਦਿਕ ਲਿਆ ਕੇ ਆਪ ਦੀ ਭੇਟਾ ਕੀਤੇ । ਬਾਬਾ ਜੀ ਨੇ ਉਹ ਲੈਣ ਤੋਂ ਨਾਂਹ ਕਰ ਦਿਤੀ ਅਤੇ ਕਹਿਣ ਲਗੇ–

"ਅਸੀਂ ਤੇਰੇ ਪੁਤਰ ਦੀ ਸਕਾਣ ਦੇਣ ਲਈ ਆਏ ਹਾਂ, ਕਾਰ ਭੇਟਾ ਲੈਣ ਨਹੀਂ ਆਏ । ਦੂਜੇ ਤੁਹਾਡੇ ਰਾਜ ਵਿਚ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ, ਜਿਸ ਕਰਕੇ ਅਸੀਂ ਤੁਹਾਡਾ ਧਨ ਪਦਾਰਥ ਨਹੀਂ ਲੈਣਾ ।

ਇਹ ਬਾਬਾ ਜੀ ਦੇ ਪਰਮ ਤਿਆਗੀ ਤੇ ਮਰਯਾਦਾ ਪੁਰਸ਼ੋ-ਤਮ ਹੋਣ ਦੀ ਇਕ ਅਸਚਰਜ ਮਿਸਾਲ ਹੈ ।

ਬਾਬਾ ਜੀ ਲਾਹੌਰ ਤੋਂ ਵਾਪਸ ਆ ਗਏ । ਉਨ੍ਹਾਂ ਦਾ ਬਚਨ ਮੰਨਕੇ ਰਾਣੀ ਚੰਦ ਕੌਰ ਨੇ ਵਜ਼ੀਰਾਂ ਤੇ ਦਰਬਾਰੀਆਂ ਦੀ ਕੌਂਸਲ ਸਦੀ । ਉਸ ਵਿਚ ਫੈਸਲਾ ਕੀਤਾ ਗਿਆ ਕਿ ਬਾਬਾ ਬਿਕ੍ਰਮ ਸਿੰਘ ਨੇ ਬਾਬਾ ਅਤਰ ਸਿੰਘ ਦਾ ਜੋ ਇਲਾਕਾ ਖੋਹ ਲਿਆ ਹੈ, ਉਹ ਬਾਬਾ ਸੰਪੂਰਨ ਸਿੰਘ ਨੂੰ ਵਾਪਸ ਦੁਆਇਆ ਜਾਵੇ । ਉਸ ਦੀਆਂ ਇਸਤ੍ਰੀਆਂ ਤੇ ਬਾਲ ਬਚਿਆਂ ਨੂੰ ਰਿਹਾ ਕਰਵਾਇਆ ਜਾਵੇ । ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਜਨਰਲ ਵਨਤੂਰਾ ਨੂੰ ਹੁਕਮ ਦਿਤਾ ਗਿਆ ।

ਵਨਤੂਰੇ ਨੇ ਉਤਰ ਦਿਤਾ-"ਉਹ ਗੁਰੂ ਵੰਸ਼ ਹਨ, ਉਹਨਾਂ ਅਗੇ ਆਪ ਵੀ ਨਿਉਂਦੇ ਹੋ । ਉਹ ਫੌਜਦਾਰੀ ਤੇ ਦੀਵਾਨੀ ਅਦਾਲਤ ਵੀ ਕਰਦੇ ਹਨ। ਮੈਂ ਜਾ ਕੇ ਆਪ ਦਾ ਹੁਕਮ ਉਨ੍ਹਾਂ ਨੂੰ ਸੁਣਾਇਆ ਜੇ ਉਨ੍ਹਾਂ ਨੇ ਨਾ ਮੰਨਿਆ ਤਾਂ ਚੰਗਾ ਨਹੀਂ ਹੋਵੇਗਾ। ਜੇ ਮੈਂ ਉਥੇ ਨੂਹ ਠਾਹ ਕੀਤਾ ਤਾਂ ਆਪ ਗੁਸੇ ਹੋਵੋਗੇ। ਇਸ ਲਈ ਬਿਹਤਰ ਹੈ ਕਿ ਰਾਣੀ ਸਾਹਿਬ, ਆਪ ਅਤੇ ਸਾਰੀ ਪੰਜ ਕੌਂਸਲ ਮੈਨੂੰ ਲਿਖ ਕੇ ਪ੍ਰਵਾਨਗੀ ਦੇਵੇ।"

ਜਨਰਲ ਵਨਤੂਰਾ ਨੂੰ ਪ੍ਰਵਾਨਗੀ ਦਿਤੀ ਗਈ । ਉਸਨੇ ਫੌਜ ਲਿਜਾਕੇ ਬਾਬਾ ਬਿਕ੍ਰਮ ਸਿੰਘ ਨੂੰ ਬਾਬਾ ਅਤਰ ਸਿੰਘ ਦਾ ਇਲਾਕਾ ਵਾਪਸ ਕਰਨ ਲਈ ਕਿਹਾ । ਪਹਿਲਾਂ ਉਹ ਨਾ ਮੰਨੇ। ਅਖੀਰ ਜਦ ਫੌਜ ਨੇ ਘੇਰਾ ਪਾ ਲਿਆ ਤੇ ਤੋਪਾਂ ਦੇ ਗੋਲੇ ਵਰਨ ਲਗੇ, ਉਸ ਵਕਤ ਜਨਰਲ ਵਨਤੂਰਾ ਦੀ ਗਲ ਪ੍ਰਵਾਨ ਕੀਤੀ ਗਈ।

ਬਾਬਾ ਅਤਰ ਸਿੰਘ ਦਾ ਇਲਾਕਾ ਬਾਬਾ ਸੰਪੂਰਨ ਸਿੰਘ ਨੂੰ ਵਾਪਸ ਕੀਤਾ ਗਿਆ ਅਤੇ ਉਹਨਾਂ ਫੜੀਆਂ ਹੋਈਆਂ ਇਸ ਤ੍ਰੀਆਂ ਰਿਹਾ ਕੀਤੀਆਂ ਗਈਆਂ।

ਇਸ ਵਾਰਤਾ ਤੋਂ ਪਤਾ ਲਗਦਾ ਹੈ ਕਿ ਸੰਤ ਬਾਬਾ ਬੀਰ ਸਿੰਘ ਜੀ ਕਿਤਨੇ ਇਨਸਾਫ ਪਸੰਦ ਸਨ ?

ਇਕ ਵੇਰ ਬਾਬਾ ਜੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਆਏ । ਚਾਟੀਵਿੰਡ ਦਰਵਾਜ਼ੇ ਦੇ ਬਾਹਰ ਰੰਘੜ ਨੰਗਲੀਏ ਸ੍ਰਦਾਰਾਂ ਦੇ ਬਾਗ ਵਿਚ ਆਪਨੇ ਡੇਰਾ ਕੀਤਾ। ਸ੍ਰੀ ਦਰਬਾਰ ਸਾਹਿਬ ਵਿਚ 25) ਦਾ ਕੜਾਹ ਪ੍ਰਸ਼ਾਦ ਕਰਵਾਕੇ ਤੇ 120) ਰੁਪਏ ਭੇਟ ਕਰ ਕੇ ਆਪ ਨੇ ਸ੍ਰੀ ਅਕਾਲ ਤਖਤ ਤੇ ਹੋਰ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਸਭ ਥਾਈਂ ਪ੍ਰਸ਼ਾਦ ਕਰਵਾਇਆ ਤੇ ਭੇਟ ਚੜ੍ਹਾਈ।

ਆਪ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਦਰਬਾਰ ਸਾਹਿਬ ਵਿਚ ਹਾਜ਼ਰ ਹੋ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸਨ। ਦਿਨ ਚੜ੍ਹੇ ਰੰਘੜ ਨੰਗਲੀਏ ਸ੍ਰਦਾਰਾਂ ਦੇ ਬਾਗ ਵਿਚ ਜਾਕੇ ਨਿਵਾਸ

ਕਰਦੇ ਸਨ।

ਉਹਨਾਂ ਦਿਨਾਂ ਵਿਚ ਅੰਮ੍ਰਿਤਸਰ ਦਾ ਵਡਾ ਅਦਾਲਤੀ ਸ: ਲਧਾ ਸਿੰਘ ਸੀ। ਉਸ ਨੇ ਠਾਕਰ ਦਿਆਲ ਸਿੰਘ ਦੇ ਭਾਈ ਆਤਮਾ ਰਾਮ ਨੂੰ ਸਰਕਾਰੀ ਖੂਹਾਂ ਦਾ ਠੇਕਾ ਨਾ ਤਾਰਨ ਕਰਕੇ ਗ੍ਰਿਫਤਾਰ ਕਰ ਲਿਆ। ਇਕ ਦਿਨ ਸ: ਲਧਾ ਸਿੰਘ ਬਾਬਾ ਜੀ ਦੇ ਦਰਸ਼ਨ ਕਰਨ ਲਈ ਆਇਆ। ਆਪ ਠਾਕਰ ਦਿਆਲ ਸਿੰਘ ਜੀ ਦਾ ਬੜਾ ਸਤਕਾਰ ਕਰਦੇ ਸਨ। ਆਪ ਸ: ਲਧਾ ਸਿੰਘ ਨੂੰ ਕਹਿਣ ਲਗੇ—

"ਸ੍ਰਦਾਰ ਜੀ ! ਜੇ ਰੱਬ ਨਿਆਂ ਕਰਨਾ ਦੇਵੇ ਤਾਂ ਧਰਮ ਨਿਆਂ ਕਰਨਾ ਚਾਹੀਦਾ ਹੈ। ਦੌਲਤ ਅਤੇ ਹਕੂਮਤ ਸਦਾ ਨਹੀਂ ਰਹਿੰਦੀ। ਪਤਾ ਲਗਾ ਹੈ ਕਿ ਤੁਸੀਂ ਠਾਕਰ ਦਿਆਲ ਸਿੰਘ ਜੀ ਦੇ ਭਰਾ ਨੂੰ ਫੜਿਆ ਹੈ, ਇਹ ਬੜੇ ਚੰਗੇ ਪੁਰਸ਼ ਹਨ, ਇਸ ਲਈ ਇਨ੍ਹਾਂ ਦੇ ਭਰਾ ਨੂੰ ਛਡ ਦਿਓ।"

ਸ੍ਰਦਾਰ—ਮਹਾਰਾਜ ! ਆਤਮਾ ਰਾਮ ਨੂੰ ਸਰਕਾਰੀ ਠੇਕਾ ਨਾ ਦੇਣ ਤੇ ਫੜਿਆ ਹੈ। ਜੇ ਨਾ ਫੜਦਾ ਤਾਂ ਸਰਕਾਰ ਰਣਜੀਤ ਸਿੰਘ ਨੇ ਮੈਥੋਂ ਪੁਛ ਕਰਨੀ ਸੀ। ਮੈਂ ਸਰਕਾਰ ਦਾ ਨਿਮਕ ਖਾਂਦਾ ਹਾਂ, ਇਸ ਲਈ ਉਹਨਾਂ ਦਾ ਹੁਕਮ ਮੰਨਣਾ ਹੋਇਆ। ਆਪ ਦਾ ਬਚਨ ਵੀ ਨਹੀਂ ਮੋੜ ਸਕਦਾ, ਦਸੋ ਕੀ ਕਰਾਂ ?

ਬਾਬਾ ਜੀ—ਸ: ਲਧਾ ਸਿੰਘ, ਤੁਸੀਂ ਆਤਮਾ ਰਾਮ ਨੂੰ ਛਡ ਦਿਓ, ਤੁਹਾਨੂੰ ਸਰਕਾਰ ਵਲੋਂ ਕੋਈ ਪੁਛ ਨਹੀਂ ਹੋਵੇਗੀ।

ਕਹਿੰਦੇ ਹਨ ਕਿ ਇਸੇ ਤਰ੍ਹਾਂ ਹੋਇਆ।

ਸ: ਲਧਾ ਸਿੰਘ ਦਾ ਇਕ ਨਾਇਬ ਸੀ—ਸ: ਕਰਮ ਸਿੰਘ, ਇਹ ਦੋਵੇਂ ਸ੍ਰਦਾਰ ਬਾਬਾ ਜੀ ਦੇ ਬੜੇ ਪਰੇਮੀ ਤੇ ਸ਼ਰਧਾਲੂ ਸਨ। ਇਕ ਦਿਨ ਸ੍ਰਦਾਰ ਕਰਮ ਸਿੰਘ ਨੇ ਬੇਨਤੀ ਕੀਤੀ, "ਆਪ ਸ੍ਰਦਾਰ ਲਧਾ ਸਿੰਘ ਦੇ ਘਰ ਪ੍ਰਸ਼ਾਦ ਛਕੋ।"

ਬਾਬਾ ਜੀ—ਰਾਜਸੀ ਲੋਕਾਂ ਦਾ ਅੰਨ ਬੜਾ ਕਰੜਾ ਹੁੰਦਾ ਹੈ, ਉਸ ਦੇ ਖਾਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ।

ਸ: ਕਰਮ ਸਿੰਘ—ਮਹਾਰਾਜ ! ਸ: ਲਧਾ ਸਿੰਘ ਬਹੁਤ ਨੇਕ ਆਦਮੀ ਹੈ। ਕਿਸੇ ਨਾਲ ਬੇਇਨਸਾਫੀ ਨਹੀਂ ਕਰਦਾ। ਕਿਸੇ ਪਾਸੋਂ ਵੱਢੀ ਨਹੀਂ ਲੈਂਦਾ। ਕਿਸੇ ਦੀ ਸਿਫਾਰਸ਼ ਮੰਨ ਕੇ ਦੂਜੇ ਨਾਲ ਧੱਕਾ ਨਹੀਂ ਕਰਦਾ। ਇਸ ਲਈ ਉਸ ਦਾ ਅੰਨ ਜਲ ਮਾੜਾ ਨਹੀਂ। ਧਰਮ ਦੀ ਕਿਰਤ ਹੈ। ਇਸ ਲਈ ਆਪ ਨੂੰ ਪ੍ਰਸ਼ਾਦ ਛਕਣਾ ਚਾਹੀਦਾ ਹੈ।

ਬਾਬਾ ਜੀ—ਜੇ ਸ: ਲਧਾ ਸਿੰਘ ਸਚ ਮੁਚ ਇਸੇ ਤਰ੍ਹਾਂ ਦਾ ਹੈ, ਤਾਂ ਅਸੀਂ ਉਸ ਦੇ ਘਰ ਪ੍ਰਸ਼ਾਦ ਛਕਣ ਲਈ ਤਿਆਰ ਹਾਂ, ਪਰ ਉਹ ਆਪ ਕਿਉਂ ਨਹੀਂ ਆਇਆ ?

ਸ: ਕਰਮ ਸਿੰਘ ਨੇ ਇਹ ਗਲ ਸ: ਲਧਾ ਸਿੰਘ ਨੂੰ ਜਾ ਦਸੀ। ਦੂਜੇ ਦਿਨ ਸਰਦਾਰ ਆਪ ਭਾਈ ਫਤਹਿ ਸਿੰਘ ਘੜਿਆਲੀਏ ਤੇ ਮਜੀਠ ਮੰਡੀ ਦੇ ਚੌਧਰੀ ਤਖਤ ਮਲ ਨੂੰ ਨਾਲ ਲੈ ਕੇ ਬਾਬਾ ਜੀ ਨੂੰ ਪ੍ਰਸ਼ਾਦ ਕਹਿਣ ਲਈ ਪੁਜਾ। ਬਾਬਾ ਜੀ ਨੇ ਫਿਰ ਕਿਹਾ—

"ਰਾਜਿਆਂ ਤੇ ਹਾਕਮਾਂ ਦਾ ਅੰਨ ਕਰੜਾ ਹੁੰਦਾ ਹੈ। ਅਸੀਂ ਇਸ ਦੇ ਛਕਣ ਤੋਂ ਸੰਕੋਚ ਹੀ ਕਰਦੇ ਹਾਂ।"

ਸ: ਲਧਾ ਸਿੰਘ—ਮਹਾਰਾਜ ! ਮੈਂ ਆਪ ਦਾ ਸੇਵਕ ਹਾਂ। ਇਹ ਅਦਾਲਤ ਕਰਨੀ ਆਪ ਦੀ ਬਖਸ਼ਸ਼ ਹੈ। ਮੈਂ ਜਾਣ ਬੁਝ ਕੇ ਕਿਸੇ ਗਰੀਬ ਗੁਰਬੇ ਨੂੰ ਦੁਖ ਨਹੀਂ ਦਿੰਦਾ। ਵੱਢੀ ਨਹੀਂ ਲੈਂਦਾ। ਹੱਕ ਦੀ ਕਮਾਈ ਖਾਣ ਪਰ ਨਿਸਚਾ ਰਖਦਾ ਹਾਂ। ਆਪ ਮੇਰਾ ਰੁਖਾ ਮਿਸਾ ਪ੍ਰਸ਼ਾਦ ਛਕਣਾ ਪਰਵਾਨ ਕਰੋ।

ਬਾਬਾ ਜੀ ਨੇ ਕਿਹਾ—ਅਸੀਂ ਸੰਗਤ ਸਮੇਤ ਤੁਹਾਡੇ ਘਰ ਪ੍ਰਸ਼ਾਦ ਛਕਣ ਲਈ ਆਵਾਂਗੇ।

ਘਿਉ ਮੰਡੀ ਦੇ ਬਾਹਰ ਵਾਰ ਸ: ਮਹਾਂ ਸਿੰਘ ਦਾ ਕਿਲ੍ਹਾ ਸੀ। ਉਸ ਵਿਚ ਸ: ਲਧਾ ਸਿੰਘ ਤੇ ਚੌਧਰੀ ਤਖਤ ਮਲ ਨੇ ਲੰਗਰ ਤਿਆਰ ਕਰਵਾਇਆ। ਬਾਬਾ ਬੀ ਸਿੰਘ ਜੀ ਸੰਗਤ ਸਮੇਤ ਪ੍ਰਸ਼ਾਦ ਛਕਣ ਲਈ ਆਏ। ਬਹੁਤੀ ਭੀੜ ਵੇਖਕੇ ਸਰਦਾਰ ਤੇ ਚੌਧਰੀ ਘਬਰਾ ਗਏ।

ਉਹਨਾਂ ਨੇ ਕਿਲ੍ਹੇ ਨੇ ਦਰਵਾਜ਼ਾ ਬੰਦ ਕਰ ਦਿਤਾ ਅਤੇ ਪਹਿਰੇ-ਦਾਰਾਂ ਨੂੰ ਕਿਹਾ—

"ਪ੍ਰਸ਼ਾਦ ਛਕਣ ਲਈ ਸਿਰਫ ਸੰਤਾਂ ਦੇ ਸਾਥੀਆਂ ਨੂੰ ਆਉਣ ਦਿਓ, ਬਾਕੀ ਲੋਕਾਂ ਨੂੰ ਰੋਕ ਦਿਓ। ਸਾਰੀ ਸੰਗਤ ਨੂੰ ਸਾਡੇ ਲਈ ਪ੍ਰਸ਼ਾਦ ਛਕਾਣਾ ਕਠਨ ਹੈ।"

ਜਦ ਸੰਤ ਬਾਬਾ ਬੀਰ ਸਿੰਘ ਜੀ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸਰਦਾਰ ਨੂੰ ਬੁਲਾਕੇ ਕਿਹਾ—

"ਜੇ ਤੁਸੀਂ ਗੁਰੂ ਕਾ ਲੰਗਰ ਕੀਤਾ ਹੈ ਤਾਂ ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿਓ। ਸਾਰੀ ਸੰਗਤ ਨੂੰ ਅੰਦਰ ਆਉਣ ਦਿਓ। ਗੁਰੂ ਦੀ ਕ੍ਰਿਪਾ ਨਾਲ ਪੱਕਾ ਹੋਇਆ ਲੰਗਰ ਥੁੜੇਗਾ ਨਹੀਂ। ਸਾਡੀ ਚਾਦਰ ਲੈ ਜਾਓ, ਲੰਗਰ ਉਤੇ ਪਾ ਦਿਓ।"

ਸ: ਲੱਧਾ ਸਿੰਘ ਨੇ ਬਾਬਾ ਜੀ ਦੀ ਚਾਦਰ ਲਿਜਾ ਕੇ ਪੱਕੇ ਹੋਏ ਲੰਗਰ ਤੇ ਪਾ ਦਿਤੀ ਅਤੇ ਉਨ੍ਹਾਂ ਬਚਨ ਮੰਨ ਕੇ ਕਿਲ੍ਹੇ ਦੇ ਦਰਵਾਜ਼ੇ ਖੁਲ੍ਹਾ ਦਿਤੇ। ਸਾਰੀ ਸੰਗਤ ਨੇ ਪ੍ਰਸ਼ਾਦ ਛਕਿਆ, ਪਰ ਕਿਸੇ ਕਿਸਮ ਦੀ ਤੋਟ ਨਾ ਆਈ।

ਪ੍ਰਸ਼ਾਦ ਛਕਣ ਦੇ ਬਾਹਦ ਬਾਬਾ ਜੀ ਨੇ ਅਰਦਾਸ ਕੀਤੀ ਅਤੇ ਸ: ਲੱਧਾ ਸਿੰਘ ਨੂੰ ਉਪਦੇਸ਼ ਕੀਤਾ—

"ਸਰਦਾਰ ਜੀ! ਜੇ ਰੱਬ ਮੁਨਸਫ ਬਣਾਵੇ ਤਾਂ ਲੋਕਾਂ ਨਾਲ ਨਿਆਂ ਕਰਨਾ ਚਾਹੀਦਾ ਹੈ। ਜਿਸ ਦੇਸ਼ ਵਿਚ ਧਰਮ ਤੇ ਨਿਆਂ ਦਾ ਰਾਜ ਹੋਵੇਗਾ ਅਤੇ ਪਰਜਾ ਸੁਖੀ ਵਸੇਗੀ, ਉਥੇ ਦਾ ਰਾਜ ਮਜ਼ਬੂਤ ਹੋਵੇਗਾ।"

ਬਾਬਾ ਜੀ ਕੁਝ ਦਿਨ ਅੰਮ੍ਰਿਤਸਰ ਨਿਵਾਸ ਕਰਕੇ ਸੰਗਤਾਂ ਨੂੰ ਸਤ ਧਰਮ ਦਾ ਉਪਦੇਸ਼ ਕਰਕੇ ਫਿਰ ਨੌਰੰਗਾਬਾਦ ਪੁਜੇ।

੪.

ਸਿੱਖ ਰਾਜ ਬਾਰੇ ਭਵਿਖਤ ਵਾਕ

ਇਕ ਵਾਰ ਬਾਬਾ ਜੀ ਸ੍ਰੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਗਏ । ਕਾਫੀ ਸੰਗਤ ਆਪ ਦੇ ਨਾਲ ਸੀ । ਨਨਕਾਣੇ ਸਾਹਿਬ ਪੁਜ ਕੇ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਹੋਰ ਗੁਰ-ਅਸਥਾਨਾਂ ਦੇ ਦਰਸ਼ਨ ਕੀਤੇ । ਉਨ੍ਹਾਂ ਦਿਨਾਂ ਵਿਚ ਸ੍ਰੀ ਨਨਕਾਣੇ ਸਾਹਿਬ ਵਿਚ ਨਿਰਜਲਾ ਇਕਾਦਸ਼ੀ ਦਾ ਮੇਲਾ ਹੋਇਆ । ਇਲਾਕੇ ਦੀ ਬਹੁਤ ਸਾਰੀ ਸੰਗਤ ਇਕੱਤ੍ਰ ਹੋਈ । ਬਾਬਾ ਜੀ ਨੇ ਸਾਰੀ ਸੰਗਤ ਨੂੰ ਭਜਨ ਸਿਮਰਨ, ਸਤਿਸੰਗ ਅਤੇ ਸੇਵਾ ਦਾ ਉਪਦੇਸ਼ ਕੀਤਾ । ਉਸ ਯਾਦ ਵਿਚ ਛੇਵੀਂ ਪਾਤਸ਼ਾਹੀ ਦੇ ਗੁਰਦਵਾਰੇ ਦੇ ਲਾਗੇ ਦਮਦਮਾ ਬਾਬਾ ਬੀਰ ਸਿੰਘ ਜੀ ਦਾ ਮੌਜੂਦ ਹੈ । ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ ਕਰਕੇ ਨੌਰੰਗਾ-ਬਾਦ ਵਾਪਸ ਪੁਜ ਗਏ ।

ਇਕ ਵਾਰ ਫ਼ਿਰ ਆਪ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ । ਕਾਫੀ ਸੰਗਤ ਆਪਦੇ ਨਾਲ ਸੀ । ਕੁਝ ਦਿਨ ਆਪ ਨੇ ਸ੍ਰੀ ਅੰਮ੍ਰਿਤਸਰ ਵਿਚ ਨਿਵਾਸ ਕੀਤਾ । ਹਜ਼ਾਰਾਂ ਸੰਗਤਾਂ ਨੂੰ ਆਪ ਨੇ ਸਤ ਧਰਮ ਦਾ ਉਪਦੇਸ਼ ਦਿਤਾ । ਫਿਰ ਅੰਮ੍ਰਿਤਸਰੋਂ ਰਾਜਾ ਸਾਂਸੀ ਪੁਜ ਗਏ । ਅਗੇ ਪਿੰਡ ਵਿਚ ਕੋਈ ਸ੍ਰਦਾਰ ਮੌਜੂਦ ਨਹੀਂ ਸੀ । ਸ਼ਿਕਾਰ ਦੇ ਬਹਾਨੇ ਕਿਤੇ ਅਗੇ ਪਿਛੇ ਗਏ ਹੋਏ ਸਨ ।

ਜਦ ਸ੍ਰਦਾਰਨੀਆਂ ਨੂੰ ਬਾਬਾ ਜੀ ਦੇ ਆਉਣ ਦਾ ਪਤਾ ਲਗਾ

ਤਾਂ ਉਨ੍ਹਾਂ ਨੇ ਨੌਕਰਾਣੀਆਂ ਰਾਹੀਂ ਅਖਵਾ ਭੇਜਿਆ—

"ਬਾਬਾ ਜੀ ਅਸੀਂ ਪਰਦੇ ਅਤੇ ਸਤਰ ਵਿਚ ਹਾਂ, ਸਾਡੇ ਲਈ ਬਾਹਰ ਆ ਕੇ ਸੰਗਤ ਦੀ ਸੇਵਾ ਕਰਨੀ ਕਠਨ ਹੈ। ਆਪ ਦੇ ਲੰਗਰ ਲਈ ਰਸਦ ਭੇਜੀ ਜਾਂਦੀ ਹੈ, ਇਹ ਪ੍ਰਵਾਨ ਕਰਨੀ। ਹੋਰ ਕੋਈ ਸੇਵਾ ਹੋਵੇ ਤਾਂ ਦਸ ਦੇਣੀ । ਇਸ ਵਕਤ ਆਪ ਲੰਗਰ ਤਿਆਰ ਕਰਕੇ ਛਕ ਲਓ।"

ਬਾਬਾ ਜੀ ਉਸ ਵਕਤ ਲਾਹੌਰ ਦਰਬਾਰ, ਡੋਗਰਿਆਂ ਤੇ ਸੰਧਾਵਾਲੀਆਂ ਦੀ ਪੋਜ਼ੀਸ਼ਨ ਨੂੰ ਚੰਗੀ ਤਰ੍ਹਾਂ ਸਮਝਦੇ ਸਨ । ਆਪ ਨੇ ਸਰਦਾਰਨੀਆਂ ਨੂੰ ਉਤਰ ਦਿਤਾ—

"ਤੁਹਾਡੇ ਪਰਦੇ ਤੇ ਸਤਰ ਨਹੀਂ ਰਹਿਣੇ । ਅਜਿਹੇ ਦਿਨ ਆਉਣ ਵਾਲੇ ਹਨ, ਜਦੋਂ ਤੁਹਾਨੂੰ ਸਾਡੇ ਘੋੜੇ ਬੰਨ੍ਹਣ ਵਾਲੀਆਂ ਥਾਵਾਂ ਵਿਚ ਰਹਿਣਾ ਪਵੇਗਾ।"

ਇਹ ਬਚਨ ਸੁਣ ਕੇ ਸਰਦਾਰਨੀਆਂ ਬਹੁਤ ਡਰ ਗਈਆਂ ਸ਼ਾਮ ਦਾ ਵਕਤ ਸੀ । ਬਾਬਾ ਜੀ ਰਾਜਾ ਸਾਂਸੀ ਤੋਂ ਦੂਜੇ ਬੰਨੇ ਜਾ ਉਤਰੇ । ਜਦ ਸ਼ਮਸ਼ੇਰ ਸਿੰਘ ਰਾਜਾ ਸਾਂਸੀ ਦੀ ਮਾਈ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਆਪਣੇ ਪੁੱਤਰ ਤੇ ਨੌਕਰਾਂ ਚਾਕਰਾਂ ਨੂੰ ਨਾਲ ਲੈ ਕੇ ਇਕ ਪਹਿਰ ਰਾਤ ਗਈ ਮਿਸਾਲਾਂ ਬਾਲ ਕੇ ਬਾਬਾ ਜੀ ਦੀ ਸੇਵਾ ਵਿਚ ਪੁਜੀ ਤੇ ਕਹਿਣ ਲਗੀ—

"ਬਾਬਾ ਜੀ ! ਮੈਂ ਵਿਧਵਾ ਹਾਂ । ਮੇਰਾ ਇਕੋ ਪੁੱਤਰ ਹੈ। ਆਪ ਨੇ ਬੜਾ ਕਰੜਾ ਬਚਨ ਕੀਤਾ ਹੈ। ਮੇਰੇ ਇਸ ਬਚੇ ਤੇ ਦਇਆ ਕਰੋ।"

ਸੰਤਾਂ ਨੇ ਉਤਰ ਦਿਤਾ—"ਇਸ ਨੂੰ ਵਾਹਿਗੁਰੂ ਬਲਦੀ ਅੱਗ ਚੋਂ ਰਖ ਲਵੇਗਾ।"

ਸ: ਸ਼ਮਸ਼ੇਰ ਦੀ ਮਾਤਾ ਨੇ ਲੰਗਰ ਤਿਆਰ ਕਰਵਾਇਆ। ਬਾਬਾ ਜੀ ਤੇ ਸਾਰੀ ਸੰਗਤ ਨੇ ਛਕਿਆ । ਆਪਨੇ ਸ: ਸ਼ਮਸ਼ੇਰ ਸਿੰਘ

ਨੂੰ ਆਪਣੀ ਇਕ ਦਸਤਾਰ ਦਿਤੀ।

ਇਥੇ ਰਾਜਾ ਸਾਂਸੀ ਖਾਨਦਾਨ ਦਾ ਸੰਖੇਪ ਜ਼ਿਕਰ ਕਰਨਾ ਮੁਨਾਸਬ ਹੋਵੇਗਾ।

ਰਾਜਾ ਸਾਂਸੀ ਦੇ ਸਰਦਾਰ ਅਤੇ ਮਹਾਰਾਜਾ ਰਣਜੀਤ ਸਿੰਘ ਇਕੋ ਵੰਸ਼ ਵਿਚੋਂ ਸਨ। ਇਨ੍ਹਾਂ ਦੇ ਬਜ਼ੁਰਗ ਸ: ਬੁਢਾ ਸਿੰਘ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ। ਉਸ ਦੇ ਅਗੋਂ ਦੋ ਪੁਤਰ ਸਨ—ਨੌਧ ਸਿੰਘ ਤੇ ਚੰਦਾ ਸਿੰਘ। ਨੌਧ ਸਿੰਘ ਦੀ ਸੰਤਾਨ ਸ: ਚੜ੍ਹਤ ਸਿੰਘ, ਸ: ਮਹਾਂ ਸਿੰਘ ਤੇ ਸ: ਰਣਜੀਤ ਸਿੰਘ ਸਨ। ਸ: ਚੰਦਾ ਸਿੰਘ ਦੀ ਔਲਾਦ ਸ: ਦੀਦਾਰ ਸਿੰਘ ਤੇ ਉਸ ਦੇ ਪੁਤ੍ਰ ਸ: ਅਮੀਰ ਸਿੰਘ ਸਨ। ਸ੍ਰਦਾਰ ਅਮੀਰ ਸਿੰਘ ਦੇ ਪੁਤਰ ਸਨ—ਅਤਰ ਸਿੰਘ, ਬੁਧ ਸਿੰਘ, ਵਸਾਵਾ ਸਿੰਘ ਤੇ ਸ: ਲਹਿਣਾ ਸਿੰਘ ਸੰਧਾਵਾਲੀਏ।

ਸ੍ਰਦਾਰ ਬੁਧ ਸਿੰਘ ਦਾ ਪੁਤਰ ਸੀ—ਸ੍ਰਦਾਰ ਸ਼ਮਸੇਰ ਸਿੰਘ, ਜਿਸ ਨੂੰ ਉਸ ਦੀ ਮਾਤਾ ਨਾਲ ਲੈ ਕੇ ਬਾਬਾ ਬੀਰ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਈ ਸੀ।

ਸ੍ਰਦਾਰ ਲਹਿਣਾ ਸਿੰਘ ਦੇ ਅਗੋਂ ਦੋ ਪੁਤਰ ਸਨ—ਸ੍ਰਦਾਰ ਠਾਕਰ ਸਿੰਘ ਤੇ ਪ੍ਰਤਾਪ ਸਿੰਘ। ਸ੍ਰਦਾਰ ਠਾਕਰ ਸਿੰਘ ਨੇ ਸੰਨ 1872 ਵਿਚ ਸਿੰਘ ਸਭਾ ਲਹਿਰ ਦੀ ਨੀਂਹ ਰਖੀ। ਵਲੈਤਾ ਜਾ ਕੇ ਮਹਾਰਾਜਾ ਦਲੀਪ ਸਿੰਘ ਨਾਲ ਮੁਲਾਕਾਤ ਕੀਤੀ। ਉਸਨੂੰ ਪੰਜਾਬ ਲਿਆਉਣ ਦਾ ਜਤਨ ਕੀਤਾ। ਅੰਗਰੇਜ਼ ਦੀ ਸਖਤੀ ਤੋਂ ਬਚਣ ਲਈ ਪਾਂਡੀਚਰੀ ਵਿਚ ਆਕੇ ਮਰੇ।

ਸ੍ਰਦਾਰ ਠਾਕਰ ਸਿੰਘ ਦੇ ਪੋਤਰੇ ਸ: ਰਘਬੀਰ ਸਿੰਘ ਰਾਜਾ ਸਾਂਸੀ ਵਾਲੇ ਤੇ ਪੜਪੋਤੇ ਮੇਜਰ ਹਰਿੰਦਰ ਸਿੰਘ ਐਮ. ਐਲ. ਏ, ਸਨ।

ਬਾਬਾ ਜੀ ਨੇ ਰਾਜਾ ਸਾਂਸੀ ਵਿਚ ਸ੍ਰਦਾਰਨੀਆਂ ਪ੍ਰਤੀ ਬਚਨ ਕੀਤਾ ਸੀ, ਉਹ ਕੁਝ ਚਿਰ ਪਿਛੋਂ ਸਤ ਹੋਇਆ। ਡੋਗਰਿਆਂ ਦੀ ਮਾਰ ਤੋਂ ਬਚਣ ਲਈ ਸ: ਅਤਰ ਸਿੰਘ ਤੇ ਸ: ਲਹਿਣਾ ਸਿੰਘ ਆਦਿਕ ਬਾਬਾ ਜੀ ਦੀ ਚਰਨ ਸ਼ਰਨ ਵਿਚ ਹਾਜ਼ਰ ਹੋਏ। ਉਨ੍ਹਾਂ

ਦੇ ਪ੍ਰਵਾਰਾਂ ਨੂੰ ਬਾਬਾ ਜੀ ਦੇ ਡੇਰੇ ਵਿਚ ਰਹਿਣਾ ਪਿਆ ਅਤੇ ਬੜੇ ਮਾੜੇ ਦਿਨ ਵੇਖਣੇ ਪਏ । "ਸ਼ਰਨ ਪਇਆਂ ਦੀ ਲਾਜ" ਰਖਣ ਲਈ ਹੀ ਬਾਬਾ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ।

ਸ: ਅਤਰ ਸਿੰਘ ਤੇ ਲਹਿਣਾ ਸਿੰਘ ਬਾਬਾ ਜੀ ਦੀ ਸ਼ਰਨ ਵਿਚ ਗਏ ਤੇ ਡੋਗਰਾ ਫੌਜਾਂ ਦੇ ਹਥੋਂ ਮਾਰੇ ਗਏ ।

ਸੰਤ ਬਾਬਾ ਬੀਰ ਸਿੰਘ ਜੀ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਏਕਲ ਗੱਡੇ ਵਿਚ ਬਿਰਾਜਮਾਨ ਸਨ ਕਿ ਸ੍ਰਦਾਰ ਖੁਸ਼ਾਲ ਸਿੰਘ ਮੰਗੇਰੀਆ, ਸ: ਬੂਟਾ ਸਿੰਘ ਤੇ ਕਰਮ ਸਿੰਘ ਥਾਨੇਸਰ ਤੋਂ ਉਨ੍ਹਾਂ ਦੀ ਸੇਵਾ ਵਿਚ ਪੁਜੇ । ਬਹੁਤ ਸਾਰੀ ਸੰਗਤ ਜੁੜੀ ਹੋਈ ਸੀ । ਆਪ ਨੇ ਸਰਦਾਰਾਂ ਅਤੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿਖੀ ਦੀਆਂ ਜੜਾਂ ਲਾ ਗਏ ਸਨ । ਹੋਰ ਅਨੇਕ ਸ਼ਹੀਦਾਂ ਨੇ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਜਰਵਾਣਿਆਂ ਤੋਂ ਬਚਾਇਆ ਸੀ । ਮਹਾਰਾਜਾ ਰਣਜੀਤ ਸਿੰਘ ਨੇ ਬੜੀ ਬੀਰਤਾ ਤੇ ਸਿਆਣਪ ਨਾਲ ਇਹ ਰਾਜ ਕਾਇਮ ਕੀਤਾ ਸੀ, ਪਰ ਇਸ ਵਕਤ ਸਿਖ ਸ੍ਰਦਾਰਾਂ ਨੇ ਅਨੀਤੀ ਦਾ ਰਾਹ ਫੜ ਲਿਆ ਹੈ । ਇਹ ਜ਼ੁਲਮੀ ਬਣ ਗਏ ਹਨ । ਇਸ ਲਈ ਹੁਣ ਇਹ ਰਾਜ ਨਹੀਂ ਰਹਿਣਾ ।'

ਏਕਲ ਗੱਡੇ ਤੇ ਹੋਰ ਕਈ ਪਿੰਡਾਂ ਵਿਚ ਪ੍ਰਚਾਰ ਕਰਕੇ ਬਾਬਾ ਜੀ ਅੰਮ੍ਰਿਤਸਰ ਪੁਜੇ । ਉਸ ਵਕਤ ਸਾਰੇ ਸ੍ਰਦਾਰ ਸੰਤ, ਮਹੰਤ, ਪੰਡਤ, ਸਾਹਿਬਜ਼ਾਦੇ, ਲਾਹੌਰ ਦਰਬਾਰ ਦੇ ਵਜ਼ੀਰ ਉਮਰਾ ਇਕਠੇ ਹੋਏ । ਰਾਜਾ ਧਿਆਨ ਸਿੰਘ ਤੇ ਗੁਲਾਬ ਸਿੰਘ ਵੀ ਮੌਜੂਦ ਸਨ । ਬਾਬਾ ਜੀ ਨੇ ਉਹਨਾਂ ਸਾਰਿਆਂ ਨੂੰ ਮੁਖਾਤਬ ਕਰਕੇ ਕਿਹਾ—

"ਸਿੱਖ ਰਾਜ ਦਾ ਬੇੜਾ ਡੁਬਣ ਵਾਲਾ ਹੈ । ਤੁਸੀਂ ਸਾਰੇ ਇਸਦੇ ਮਲਾਹ ਹੋ । ਚਰਾਗੀ ਲੈ ਕੇ ਲੋਕਾਂ ਨੂੰ ਪਾਰ ਕਰਦੇ ਹੋ । ਇਸ ਬੇੜੇ ਨੂੰ ਡੁਬਣ ਤੋਂ ਬਚਾਉਣ ਲਈ ਕੋਈ ਉਪਾ ਕਰੋ । ਇਹ ਬੇੜਾ ਅਤਿ ਡੋਲ ਰਿਹਾ ਹੈ । ਅਠ ਬੌਲਦਾ ਸੁਹਾਗਾ ਫਿਰਨ ਵਾਲਾ ਹੈ ।"

ਇਹ ਬਚਨ ਸੁਣ ਕੇ ਰਾਜਾ ਧਿਆਨ ਸਿੰਘ ਨੇ ਕਿਹਾ—

"ਆਪ ਵਰਗੇ ਮਲਾਹਾਂ ਦੀ ਮੌਜੂਦਗੀ ਵਿਚ ਬੇੜਾ ਡੁਬਦਾ ਹੈ ਤਾਂ ਡੁਬਣ ਦਿਓ। ਚਿੰਤਾ ਕਾਹਦੀ ਹੈ? ਜੇ ਦਾਲ ਰੋਟੀ ਖਾਂਦਿਆਂ ਦਵਾਲਾ ਨਿਕਲਦਾ ਹੈ ਤਾਂ ਨਿਕਲਣ ਦਿਓ।"

ਇਹ ਗਲ ਸੁਣ ਕੇ ਬਾਬਾ ਜੀ ਤਾਂ ਚੁਪ ਰਹੇ, ਪਰ ਕੋਲ ਬੈਠੇ ਇਕ ਸਰਦਾਰ ਨੇ ਕਿਹਾ—

"ਜਿਸ ਸਮੁੰਦਰ ਵਿਚ ਸਿੱਖ ਰਾਜ ਦਾ ਬੇੜਾ ਡੁਬੇਗਾ, ਅਸੀਂ ਉਸ ਸਮੁੰਦਰ ਨੂੰ ਸੁਕਾ ਦਿਆਂਗੇ।"

ਭਾਵ ਇਹ ਸੀ ਕਿ ਡੋਗਰਿਆਂ ਤੇ ਹੋਰ ਵਿਰੋਧੀਆਂ ਨੂੰ ਖਤਮ ਕਰ ਦਿਆਂਗੇ।

ਉਸ ਵਕਤ ਰਾਜਾ ਗੁਲਾਬ ਸਿੰਘ ਵੀ ਸੰਤਾਂ ਦੇ ਕੋਲ ਬੈਠਾ ਸੀ। ਓਹ ਕਹਿਣ ਲਗਾ—

"ਆਪ ਨੇ ਪੈਲੀ ਸਾਫ ਕਰਨ ਲਈ ਅਠ ਬੋਲਦਾ ਸੁਹਾਗਾ ਜੋੜਿਆ ਹੈ, ਅਸੀਂ ਪਹਾੜੀਏ ਲੋਕ ਤਾਂ ਉਚੀ ਠੇਹਰੀ ਤੇ ਵਸਦੇ ਹਾਂ। ਸਾਨੂੰ ਤਾਂ ਕੋਈ ਖਤਰਾ ਨਹੀਂ।

ਬਾਬਾ ਜੀ—"ਰਾਜਾ ਸਾਹਿਬ! ਸੁਹਾਗਾ ਫੇਰਨ ਵਾਲੇ ਉਚੀ ਥਾਂ ਨੂੰ ਵੀ ਕਰਾਹ ਕੇ ਨੀਵਾਂ ਕਰ ਲੈਂਦੇ ਹਨ।"

ਸੰਮਤ 1898 ਵਿਚ ਸਖਤ ਝਖੜ ਤੇ ਹਨੇਰੀ ਆਈ। ਉਸ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਿਸ਼ਾਨ ਡਿਗ ਪਏ। ਉਸ ਵਕਤ ਬਾਬਾ ਜੀ ਨੇ ਕਿਹਾ—

"ਇਹ ਦਰਬਾਰ ਸਾਹਿਬ ਦੇ ਨਿਸ਼ਾਨ ਨਹੀਂ ਡਿਗੇ, ਸਿਖਾਂ ਦਾ ਰਾਜ ਡਿਗਣ ਦੀ ਨਿਸ਼ਾਨੀ ਹੈ।"

ਆਪ ਨੇ ਭਾਈ ਮਖਣ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ ਨੂੰ ਮਹਾਰਾਜਾ ਸ਼ੇਰ ਸਿੰਘ ਪਾਸ ਲਾਹੌਰ ਭੇਜਿਆ ਅਤੇ ਕਿਹਾ—

"ਸਿੱਖ ਰਾਜ ਖਤਮ ਹੋਣ ਦੇ ਚਿੰਨ੍ਹ ਦਿਸਦੇ ਹਨ। ਇਸ ਨੂੰ

ਬਚਾਉਣ ਦਾ ਕੋਈ ਉਪਰਾਲਾ ਕਰ ਲਓ।"

ਜਦ ਭਾਈ ਮਖਣ ਸਿੰਘ ਨੇ ਲਾਹੌਰ ਦਰਬਾਰ ਵਿਚ ਜਾ ਕੇ ਬਾਬਾ ਜੀ ਦੀ ਇਹ ਗਲ ਦਸੀ ਤਦ ਉਸ ਵਕਤ ਦਰਬਾਰ ਦੇ ਕਈ ਆਦਮੀ ਤਾਂ ਇਹ ਕਹਿਣ ਲਗ ਪਏ—"ਸੰਤ ਬਾਬਾ ਬੀਰ ਸਿੰਘ ਜੀ ਮਹਾਂਪੁਰਸ਼ ਤੇ ਆਤਮ ਦਰਸੀ ਹਨ ਜੋ ਕੁਝ ਉਹ ਕਹਿੰਦੇ ਹਨ, ਠੀਕ ਹੋ ਕੇ ਰਹੇਗਾ।"

ਕੁਝ ਸਾਜਸ਼ੀ ਇਹ ਕਹਿਣ ਲਗ ਪਏ—"ਬਾਬਾ ਜੀ ਦੇ ਡੇਰੇ ਵਿਚ ਸਾਧ ਸੰਤ ਬਹੁਤ ਸਾਰੇ ਇਕੱਠੇ ਹੋ ਗਏ ਹਨ, ਇਸ ਲਈ ਉਨ੍ਹਾਂ ਦਾ ਖਰਚ ਪਠਾ ਨਹੀਂ ਤੁਰਦਾ। ਸਾਨੂੰ ਡਰਾ ਧਮਕਾ ਕੇ ਡੇਰੇ ਦਾ ਖਰਚ ਲੈਣਾ ਚਾਹੁੰਦੇ ਹਨ।"

ਜਦ ਭਾਈ ਮਖਣ ਸਿੰਘ ਨੇ ਲਾਹੌਰੋਂ ਵਾਪਸ ਨੌਰੰਗਾਬਾਦ ਪੁਜ ਕੇ ਬਾਬਾ ਜੀ ਨੂੰ ਸਾਰੀ ਗਲ ਬਾਤ ਦਸੀ ਤਦ ਉਸ ਵਕਤ ਬਾਬਾ ਜੀ ਨੇ ਬਚਨ ਕੀਤਾ—

"ਸਾਨੂੰ ਡੇਰਾ ਚਲਾਉਣ ਲਈ ਕਿਸੇ ਚੀਜ਼ ਦੀ ਲੋੜ ਨਹੀਂ। ਕੋਈ ਲਾਲਸਾ ਨਹੀਂ। ਇਸਨੂੰ ਗੁਰੂ ਚਲਾਏਗਾ। ਅਕਾਲ ਪੁਰਖ ਸਾਰੇ ਕੰਮ ਸੁਆਰਨ ਵਾਲਾ ਹੈ। ਅਸੀਂ ਤਾਂ ਮੰਗਤਿਆਂ ਨੂੰ ਦੇਣ ਵਾਲੇ ਹਾਂ। ਅਸੀਂ ਕਿਸੇ ਕੋਲੋਂ ਕੀ ਮੰਗਣਾ ਹੈ ? ਅਸੀਂ ਤਾਂ ਭਲੇ ਦੀ ਗਲ ਕੀਤੀ ਹੈ ਤੇ ਭਵਿਖਤ ਦੀ ਸੂਚਨਾ ਦਿਤੀ ਹੈ ਪਰ "ਵਿਨਾਸ਼ ਕਾਲੇ ਵਿਪ੍ਰੀਤ ਬੁਧੇ ਅਨੁਸਾਰ ਲਾਹੌਰ ਦਰਬਾਰ ਦੇ ਕਰਮਚਾਰੀਆਂ ਦੀ ਮਤ ਮਾਰੀ ਗਈ ਹੈ। ਉਹ ਨਾ ਸਹੀ ਗਲ ਸੁਣ ਸਕਦੇ ਹਨ, ਨਾ ਕਰ ਸਕਦੇ ਹਨ।"

ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸੰਤ ਬਾਬਾ ਬੀਰ ਸਿੰਘ ਜੀ ਕਿਤਨੇ ਦੂਰ-ਅੰਦੇਸ਼ ਭਵਿਖ-ਦਰਸੀ ਅਤੇ ਸਿੱਖ ਰਾਜ ਨੂੰ ਬਚਾਉਣ ਲਈ ਦਰਦ ਰਖਣ ਵਾਲੇ ਸਨ। ਪਰ ਲਾਹੌਰ ਦਰਬਾਰ ਵਿਚ ਬ੍ਰਹਛਾ ਗਰਦੀ ਮਚੀ ਹੋਈ ਸੀ। ਇਸ ਲਈ ਬਾਬਾ ਜੀ ਦੀ ਕੋਈ ਗਲ ਨਾ ਮੰਨੀ ਗਈ।

੫.

ਮਾਤਾ ਜੀ ਦੀ ਸੇਵਾ ਵਿਚ

ਸੰਤ ਬਾਬਾ ਬੀਰ ਸਿੰਘ ਜੀ ਰਾਜਨੀਤਕ ਤੌਰ ਤੇ ਬੜੇ ਸੂਝ-ਵਾਨ ਹੋਣ ਦੇ ਬਾਵਜੂਦ ਪਰਮ ਤਿਆਗੀ, ਵੈਰਾਗੀ, ਪਰ ਨਾਲ ਹੀ ਮਰਯਾਦਾ ਪੁਰਸ਼ੋਤਮ ਵੀ ਸਨ।

ਸਿਖ ਸਤਿਗੁਰਾਂ ਨੇ ਜੋ ਵੈਰਾਗ ਅਤੇ ਤਿਆਗ ਦਸਿਆ ਹੈ, ਉਸ ਦਾ ਮਕਸਦ ਸੰਸਾਰਕ ਪਦਾਰਥਾਂ ਜਾਂ ਸਾਕ ਸੰਬੰਧੀਆਂ ਦਾ ਤਿਆਗ ਨਹੀਂ, ਬਲਕਿ ਸੰਸਾਰ ਵਿਚ ਰਹਿਕੇ ਨੀਵੀਆਂ ਕਾਮਨਾਵਾਂ ਤੋਂ ਨਿਰਲੇਪ ਰਹਿਣਾ ਸੁਚਾ ਤਿਆਗ ਹੈ। ਇਸ ਨਜ਼ਰੀਏ ਤੋਂ ਸੰਤ ਬਾਬਾ ਬੀਰ ਸਿੰਘ ਜੀ ਆਦਰਸ਼ਕ ਤਿਆਗ ਦਾ ਇਕ ਉਤਮ ਨਮੂਨਾ ਸਨ।

ਇਕ ਵਾਰ ਆਪ ਜ਼ਿਲਾ ਲਾਹੌਰ ਦੇ ਪਿੰਡ ਹੁਡਿਆਰਾ ਵਿਚ ਬਿਰਾਜਮਾਨ ਸਨ ਕਿ ਜਨਮ ਨਗਰ ਗਗੋ ਬੂਏ ਤੋਂ ਇਤਲਾਹੀ ਮਿਲੀ ਕਿ ਆਪ ਦੇ ਬਿਰਧ ਮਾਤਾ ਧਰਮ ਕੌਰ ਜੀ ਬੀਮਾਰ ਹਨ, ਸ਼ਾਇਦ ਚੜ੍ਹਾਈ ਕਰ ਜਾਣ। ਉਹ ਆਪ ਨੂੰ ਮਿਲਣਾ ਚਾਹੁੰਦੇ ਹਨ।"

ਇਹ ਖਬਰ ਸੁਣ ਕੇ ਬਾਬਾ ਜੀ ਗਗੋ ਬੂਏ ਨੂੰ ਚਲ ਪਏ। ਉਸ ਵਕਤ ਆਪ ਦੇ ਨਾਲ ਸ: ਜਵਾਹਰ ਸਿੰਘ ਨਲੂਆ ਤੇ ਸ: ਅਤਰ ਸਿੰਘ ਸੰਧਾਵਾਲੀਆ ਵੀ ਸਨ।

ਬਾਬਾ ਜੀ ਸੰਗਤ ਸਮੇਤ ਗੱਗੋ ਬੂਏ ਪੁਜੇ। ਪਿੰਡੋਂ ਬਾਹਰਵਾਰ ਡੇਰਾ ਕੀਤਾ। ਆਪਣੇ ਭਰਾ ਝੰਡਾ ਸਿੰਘ ਨੂੰ ਬੁਲਾ ਭੇਜਿਆ। ਉਹ

ਆਪਣੇ ਪੁਤਰ ਨਿਹਾਲ ਸਿੰਘ ਸਮੇਤ ੧) ਭੇਟਾ ਤੇ ਕਾਹੜਨੀ ਦੁਧ ਦੀ ਲੈ ਕੇ ਹਾਜ਼ਰ ਹੋਇਆ। ਪਿੰਡ ਦੇ ਬਹੁਤ ਸਾਰੇ ਸਜਣ ਵੀ ਦਰਸ਼ਨ ਕਰਨ ਆਏ । ਬਾਬਾ ਜੀ ਸਾਥੀਆਂ ਸਮੇਤ ਆਪਣੇ ਘਰ ਪੁਜੇ । ਮਾਤਾ ਜੀ ਬੀਮਾਰੀ ਨਾਲ ਕੁਝ ਨਿਢਾਲ ਪਏ ਹੋਏ ਸਨ। ਸੰਤਾਂ ਨੂੰ ਵੇਖ ਕੇ ਮੰਜੇ ਤੋਂ ਉਠ ਬੈਠੇ ।

ਬਾਬਾ ਜੀ ਨੇ ਕਿਹਾ—"ਮਾਤਾ ਜੀ ! ਮੈਂ ਆਪ ਦੀ ਸੇਵਾ ਲਈ ਹਾਜ਼ਰ ਹੋ ਗਿਆ ਹਾਂ।"

ਬਾਬਾ ਜੀ ਦਾ ਬਚਨ ਸੁਣ ਕੇ ਮਾਤਾ ਨੇ ਉਤਰ ਦਿਤਾ—

"ਬਹੁਤ ਚੰਗਾ ਹੋਇਆ, ਅੰਤ ਸਮੇ ਆਪ ਦੇ ਦਰਸ਼ਨ ਹੋ ਗਏ ਹਨ। ਮੇਰੀ ਇਹ ਤੀਬਰ ਇਛਾ ਸੀ । ਮੈਨੂੰ ਇਸ ਗਲ ਦਾ ਮਾਣ ਹੈ ਕਿ ਆਪ ਵਰਗੇ ਨੇਕ, ਭਗਤ, ਦਾਨੀ ਸੰਤ ਤੇ ਸੂਰਬੀਰ ਪੁਤਰ ਨੂੰ ਜਨਮ ਦਿਤਾ ਹੈ । ਜਿਸ ਦੇ ਆਸਰੇ ਅਨੇਕ ਜੀਵਾਂ ਦਾ ਉਧਾਰ ਹੋਣਾ ਹੈ। ਹੁਣ ਮੇਰੀ ਇਛਾ ਹੈ ਕਿ ਮੈਨੂੰ ਜਨਮ ਮਰਨ ਅਤੇ ਸੰਸਾਰ ਦੇ ਬੰਧਨਾਂ ਤੋਂ ਮੁਕਤ ਕਰ ਦਿਓ।"

ਬਾਬਾ ਜੀ—"ਮਾਤਾ ਜੀ ! ਤੁਸੀਂ ਨਿਰਵਾਸ਼ਨਾ ਹੋਣ ਕਰਕੇ ਅਗੇ ਹੀ ਜੀਵਨ ਮੁਕਤਿ ਹੋ । ਤੁਹਾਡਾ ਜਨਮ ਮਰਨ ਕਟਿਆ ਜਾਏਗਾ । ਤੁਸੀਂ ਹੁਣ ਆਤਮ ਸਰੂਪ ਵਿਚ ਲੀਨ ਹੋ ਜਾਓਗੇ, ਹੁਣ ਆਪ ਨੂੰ ਸ੍ਰੀ ਵਾਹਿਗੁਰੂ ਦਾ ਧਿਆਨ ਅਤੇ ਸਿਮਰਨ ਕਰਨਾ ਚਾਹੀਦਾ ਹੈ ।"

ਕੁਝ ਚਿਰ ਮਾਤਾ ਜੀ ਨਾਲ ਇਸੇ ਤਰ੍ਹਾਂ ਬਚਨ ਬਿਲਾਸ ਕਰਦੇ ਰਹੇ । ਅਸੂ ਸੰਮਤ 1895 ਸ਼ਾਮ ਨੂੰ ਮਾਤਾ ਚਲਾਣਾ ਕਰ ਗਈ। ਬਾਬਾ ਜੀ ਪਿੰਡੋਂ ਬਾਹਰਵਾਰ ਆਪਣੇ ਡੇਰੇ ਵਿਚ ਆ ਗਏ ।

ਦੂਜੇ ਦਿਨ ਸਵੇਰੇ ਮਾਤਾ ਜੀ ਦੇ ਮਿਰਤਕ ਸਰੀਰ ਦਾ ਇਸ਼ਨਾਨ ਕਰਾਇਆ ਗਿਆ । ਇਕ ਸਜੇ ਹੋਏ ਬਬਾਣ ਵਿਚ ਉਸਨੂੰ ਰਖਿਆ ਗਿਆ। ਉਸ ਤੇ ਕੀਮਤੀ ਬਸਤਰ ਤੇ ਦੁਸ਼ਾਲੇ ਪਾਏ ਗਏ ।

ਰਾਗੀ ਰਬਾਬੀ ਕੀਰਤਨ ਕਰ ਰਹੇ ਸਨ। ਬਾਬਾ ਜੀ ਸੰਗਤ

ਸਮੇਤ ਆਪਣੀ ਜ਼ਮੀਨ ਵਿਚ ਪੁਜੇ । ਉਥੇ ਚੰਦਨ ਦੀ ਚਿੱਖਾ ਬਣਾ ਕੇ ਮਾਤਾ ਧਰਮ ਕੌਰ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ । ਕੀਰਤਨ ਸੋਹਿਲੇ ਦਾ ਪਾਠ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ ।

ਪਿੰਡੋਂ ਬਾਹਰਵਾਰ ਜਿਥੇ ਮਾਤਾ ਜੀ ਦਾ ਅੰਤਮ ਸੰਸਕਾਰ ਹੋਇਆ, ਉਥੇ ਉਨ੍ਹਾਂ ਦੀ ਸਮਾਧਿ ਬਣੀ ਹੋਈ ਹੈ ।

ਬਾਬਾ ਜੀ ਮਾਤਾ ਦਾ ਅੰਤਮ ਸੰਸਕਾਰ ਕਰਕੇ ਘਰ ਆ ਗਏ । ਉਥੇ ਬਹੁਤ ਸਾਰੇ ਲੋਕ ਪਰਚਾਉਣੀ ਕਰਨ ਆਏ । ਗੱਗੋ-ਬੂਏ ਦੇ ਇਕ ਪ੍ਰੇਮੀ ਭਾਈ ਚੰਦਾ ਸਿੰਘ ਨੇ ਕਿਹਾ—

"ਚੰਗਾ ਹੋਇਆ ਮਾਤਾ ਜੀ ਦਾ ਚਲਾਣਾ ਪੁਤ੍ਰਾਂ ਪੋਤ੍ਰਿਆਂ ਅਤੇ ਆਪ ਦੀ ਮੌਜੂਦਗੀ ਵਿਚ ਹੋਇਆ ਹੈ ।"

ਸੰਤ ਬਾਬਾ ਬੀਰ ਸਿੰਘ ਜੀ ਨੇ ਬੜੇ ਕਰੁਣਾ ਰਸ ਵਿਚ ਉਤਰ ਦਿਤਾ—

"ਭਾਈ ਚੰਦਾ ਸਿੰਘ ! ਮਾਤਾ ਸਾਡੇ ਘਰ ਦਾ ਬੰਨ੍ਹਣ ਸੀ, ਉਹ ਟੁਟ ਗਿਆ ਹੈ ।"

ਆਪ ਨੇ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦਾ ਭੋਗ ਪੁਆਇਆ । ਗਰੀਬ ਗੁਰਬਿਆਂ ਤੇ ਲੋੜਵੰਦਾਂ ਨੂੰ ਦਾਨ ਦਿਤਾ ।

ਸਾਡੇ ਪੁਰਾਤਨ ਗਰੰਥ ਵਿਚ ਦੋ ਵਡੇ ਰਿਣ ਮੰਨੇ ਗਏ ਹਨ । ਇਕ ਪਿਤ੍ਰ ਰਿਣ, ਦੂਜੇ ਗੁਰੂ ਰਿਣ । ਹਰੇਕ ਮਨੁਖ ਲਈ ਦੋਵੇਂ ਰਿਣ (ਕਰਜ਼ੇ) ਚੁਕਾਉਣੇ ਜ਼ਰੂਰੀ ਹਨ ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਮਾਂ, ਪਿਉ ਪਰਹਰ ਕਰੈ ਤਪ ਵਣਖੰਡ ਭੁਲਾ ਫਿਰੈ ਬਬਾਣੀ ।"

ਭਾਵ—ਮਾਤਾ ਪਿਤਾ ਦਾ ਤਿਆਗ ਕਰ ਕੇ ਤਪ ਕਰਨਾ ਜਾਂ ਜੰਗਲਾਂ ਵਿਚ ਘੁੰਮਣਾ ਕਿਸੇ ਕੰਮ ਨਹੀਂ ।

ਸੰਤ ਬਾਬਾ ਬੀਰ ਸਿੰਘ ਜੀ ਨੇ ਭਜਨ ਤਪ ਵੀ ਕੀਤਾ, ਪਰ

ਨਾਲ ਹੀ ਮਾਤਾ ਦੀ ਸੇਵਾ ਕਰਕੇ ਪਿਤ੍ਰ-ਰਿਣ ਤੇ ਧਰਮ ਦਾ ਪ੍ਰਚਾਰ ਕਰਕੇ ਗੁਰੂ-ਰਿਣ ਉਤਰਿਆ ਹੈ, ਅਤੇ ਸਮਾਜ ਨੂੰ ਦਸਿਆ ਹੈ ਕਿ ਸਾਧੂ ਬਣ ਕੇ ਵੀ ਮਾਤਾ ਪਿਤਾ ਦੀ ਸੇਵਾ ਕਰਨੀ ਜ਼ਰੂਰੀ ਹੈ।

ਗੱਗੋ ਬੂਏ ਵਿਚ ਸ: ਹਰੀ ਸਿੰਘ ਨਲੂਏ ਦਾ ਪੁੱਤਰ ਸ: ਜਵਾਹਰ ਸਿੰਘ ਤੇ ਹੋਰ ਕਈ ਸਰਦਾਰ ਬਾਬਾ ਜੀ ਦੇ ਨਾਲ ਸਨ। ਇਕ ਦਿਨ ਸ: ਜਵਾਹਰ ਸਿੰਘ ਨੇ ਬੇਨਤੀ ਕੀਤੀ—

"ਆਪ ਇਸ ਵਕਤ ਪੰਥ ਦੇ ਪ੍ਰਸਿਧ ਮਹਾਤਮਾ ਤੇ ਪੰਜਾਬ ਦੇ ਮਹਾਂ ਪੁਰਖ ਸਮਝੇ ਜਾਂਦੇ ਹੋ। ਸਾਰੇ ਲੋਕ ਆਪ ਦਾ ਮਾਣ ਕਰਦੇ ਹਨ। ਆਪ ਦਾ ਤੇਜ ਪ੍ਰਤਾਪ ਬਹੁਤ ਹੈ। ਪਰ ਜਿਸ ਘਰ ਵਿਚ ਆਪ ਦਾ ਜਨਮ ਹੋਇਆ ਹੈ, ਉਹ ਤਾਂ ਇਕ ਮਾਮੂਲੀ ਕੋਠਾ ਹੈ। ਮੇਰੀ ਇਛਾ ਹੈ ਕਿ ਆਪ ਦਾ ਜਨਮ ਅਸਥਾਨ ਚੰਗਾ ਬਣਨਾ ਚਾਹੀਦਾ ਹੈ।"

ਸੰਤ ਬਾਬਾ ਬੀਰ ਸਿੰਘ ਜੀ ਨੇ ਉਤਰ ਦਿਤਾ—

"ਸਰਦਾਰ ਜੀ ! ਸਾਡੇ ਫਕੀਰਾਂ ਦੇ ਕਿਹੜੇ ਘਰ ਹਨ ? ਅਸੀਂ ਤਾਂ ਸ਼ੇਰ ਆਟੇ ਪਿਛੇ ਘਰ ਨੂੰ ਛਡ ਕੇ ਗਏ ਸਾਂ। ਜੇ ਸਾਰੇ ਪਿੰਡ ਦੇ ਘਰ ਚੰਗੇ ਬਣ ਜਾਣ ਤਾਂ ਸਾਡਾ ਵੀ ਘਰ ਚੰਗਾ ਬਣ ਜਾਏਗਾ। ਅਸੀਂ ਹੁਣ ਇਕ ਘਰ ਵਾਲੇ ਨਹੀਂ ਰਹਿ ਗਏ, ਸਾਰਿਆਂ ਘਰਾਂ ਦੇ ਸ਼ਾਂਝੇ ਹੋ ਗਏ ਹਾਂ।"

ਇਸ ਤੋਂ ਸਾਬਤ ਹੁੰਦਾ ਹੈ ਕਿ ਪਰਮ ਤਿਆਗੀ ਹੋਣ ਦੇ ਬਾਵਜੂਦ ਸੰਤ ਬਾਬਾ ਬੀਰ ਸਿੰਘ ਦੇ ਮਨ ਵਿਚ ਆਪਣੇ ਘਰ ਲਈ ਪਿਆਰ, ਮਾਤਾ ਲਈ ਸਤਕਾਰ ਅਤੇ ਸਾਰੇ ਪਿੰਡ ਦੀ ਸਾਂਝੀ ਉਨਤੀ ਲਈ ਕਿਤਨਾ ਖਿਆਲ ਸੀ।

੬.

ਮਾਝੇ ਅਤੇ ਦੁਆਬੇ ਵਿਚ ਪ੍ਰਚਾਰ

ਬਾਬਾ ਜੀ ਇਕ ਵੇਰ ਪ੍ਰਚਾਰ ਲਈ ਮਾਝੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ ਪਿੰਡ ਕੁਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਪੁਜੇ। ਉਥੋਂ ਦੀ ਸੰਗਤ, ਸਦਾ ਸਿੰਘ ਤੇ ਉਸ ਦੇ ਪੁਤ੍ਰ ਨੇ ਬੜੇ ਪ੍ਰੇਮ ਨਾਲ ਸਵਾ ਕੀਤੀ। ਬਾਬਾ ਜੀ ਨੇ ਕਿਹਾ—

"ਤੁਹਾਨੂੰ ਪਤਾ ਹੈ ਕਿ ਲਾਹੌਰ ਦਰਬਾਰ ਦੇ ਡੋਗਰੇ ਤੇ ਸਿੱਖਾਂ ਵਿਚ ਫੁਟ ਪਾਉਣ ਵਾਲੇ ਸਰਦਾਰ ਸਾਡੇ ਵਿਰੋਧੀ ਬਣੇ ਹੋਏ ਹਨ ?"

ਸੰਗਤ ਨੇ ਉਤਰ ਦਿਤਾ—"ਆਪ ਦੀ ਵਿਰੋਧਤਾ ਕਰਨ ਵਾਲੇ ਸਿੱਖੀ ਤੇ ਪੰਜਾਬ ਦੇ ਵਿਰੋਧੀ ਹਨ । ਇਸ ਲਈ ਅਸੀਂ ਤਨ ਮਨ ਧਨ ਦੁਆਰਾ ਆਪ ਦੀ ਸੇਵਾ ਕਰਨੀ ਹੈ।"

ਸ: ਸਦਾ ਸਿੰਘ ਦਾ ਪੁਤਰ ਬੂੜ ਸਿੰਘ ਬੜਾ ਭਜਨੀਕ, ਸਤਸੰਗੀ ਤੇ ਆਤਮ ਵਿਚਾਰ ਕਰਨ ਵਾਲਾ ਸੀ । ਇਕ ਦਿਨ ਬਾਬਾ ਜੀ ਦੀਵਾਨ ਵਿਚ ਸਜੇ ਹੋਏ ਸਨ । ਗੁਰਬਾਣੀ ਦਾ ਸ਼ਬਦ ਕੀਰਤਨ ਹੋਣ ਦੇ ਉਪ੍ਰੰਤ ਸ: ਬੂੜ ਸਿੰਘ ਨੇ ਪ੍ਰਸ਼ਨ ਕੀਤਾ।

"ਇਕਾਂਤ ਵਿਚ ਵਾਹਿਗੁਰੂ ਦੇ ਭਜਨ ਕਰਨ, ਸੰਗਤ ਵਿਚ ਬਹਿ ਕੇ ਗੁਰਬਾਣੀ ਦੇ ਕੀਰਤਨ ਸੁਣਨ ਤੇ ਕਥਾ ਵਿਚੋਂ ਕਿਹੜੀ ਗਲ ਦਾ ਬਹੁਤਾ ਮਹਾਤਮ ਹੈ ?"

ਬਾਬਾ ਜੀ ਨੇ ਉਤਰ ਦਿਤਾ-"ਜਿਸ ਤਰ੍ਹਾਂ ਖੂਹ ਦੇ ਪਾਣੀ ਨਾਲ

ਨੇੜੇ ਨੇੜੇ ਦੀ ਖੇਤੀ ਹੀ ਸਿੰਜੀ ਜਾ ਸਕਦੀ ਹੈ, ਫਿਰ ਜਿਸ ਖੇਤ ਨੂੰ ਸਿੰਜੋ ਉਸੇ ਦਾ ਫਲ ਹੁੰਦਾ ਹੈ, ਇਸੇ ਤਰ੍ਹਾਂ ਸ਼ਖਸੀ ਤੌਰ ਤੇ ਇਕਾਂਤ ਵਿਚ ਬਹਿ ਕੇ ਭਜਨ ਕਰਨ ਦਾ ਮਹਾਤਮ ਹੈ।

ਇਕਾਂਤ ਵਿਚ ਬੈਠ ਕੇ ਭਜਨ ਕਰਨ ਵਾਲਾ ਆਪਣਾ ਭਲਾ ਕਰਦਾ ਹੈ। ਉਹ ਸੰਸਾਰ ਸਾਗਰ ਤੋਂ ਤਰ ਜਾਏਗਾ। ਪਰ ਜਿਸ ਤਰ੍ਹਾਂ ਖੂਹ ਦਾ ਪਾਣੀ ਦੂਰ ਦੂਰ ਨਹੀਂ ਪੁਜ ਸਕਦਾ, ਇਸੇ ਤਰ੍ਹਾਂ ਸ਼ਖਸ਼ੀ ਭਜਨ ਸੀਮਤ ਰਹਿੰਦਾ ਹੈ। ਗੁਰਸਿਖੀ ਵਿਚ ਵਿਅਕਤੀਗਤ ਉਧਾਰ ਨਹੀਂ, ਬਲਕਿ ਸਰਬਤ ਦਾ ਭਲਾ ਕਰਨ ਦਾ ਉਪਦੇਸ਼ ਹੈ।

ਗੁਰਬਾਣੀ ਦਾ ਕੀਰਤਨ ਬਰਖਾ ਵਤ ਹੈ, ਜਿਸ ਨਾਲ ਸਾਰੇ ਟੋਏ ਟਿੱਬੇ ਤੇ ਨੀਵੇਂ ਉੱਚੇ ਖੇਤ ਸਿੰਜੇ ਜਾਂਦੇ ਹਨ। ਜਿਸ ਤਰ੍ਹਾਂ ਬਰਖਾ ਦੇ ਜਲ ਨਾਲ ਨਦੀਆਂ ਨਾਲੇ ਵਹਿ ਤੁਰਦੇ ਹਨ, ਇਸੇ ਤਰ੍ਹਾਂ ਕੀਰਤਨ ਇਕ ਪ੍ਰਵਾਹ ਹੈ, ਜਿਸ ਨਾਲ ਅਨੇਕ ਜੀਵਾਂ ਦੇ ਮਨਾਂ ਦੀ ਮੈਲ ਧੋਤੀ ਜਾਂਦੀ ਹੈ। ਮਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਨਿਰਮਲ ਹੋ ਕੇ ਸ੍ਰੀ ਵਾਹਿਗੁਰੂ ਨਾਲ ਜੁੜਦਾ ਹੈ, ਪਰ ਭਗਤੀ ਰਸ ਤੋਂ ਬਿਨਾਂ ਬਹੁਤ ਸਾਰੇ ਮਨੁਖ ਕੀਰਤਨ ਦੇ ਨਿਰਮਲ ਪ੍ਰਵਾਹ ਤੋਂ ਵੀ ਪ੍ਰਭਾਵਤ ਨਹੀਂ ਹੁੰਦੇ।

ਗੁਰਬਾਣੀ ਦੀ ਕਥਾ ਤੇ ਆਤਮ ਵਿਚਾਰ ਨਿੰਮੀ ਨਿੰਮੀ ਝੜੀ ਵਾਂਗ ਹੁੰਦੀ ਹੈ, ਜਿਸਦਾ ਸਾਰਾ ਜਲ ਧਰਤੀ ਵਿਚ ਹੀ ਸਿੰਜਰ ਜਾਂਦਾ ਹੈ। ਨਿੰਮੀ ਝੜੀ ਦੀ ਬੂੰਦ ਜਿਥੇ ਪੈਂਦੀ ਹੈ, ਉਹ ਧਰਤੀ ਵਿਚ ਹੀ ਸਿੰਜਰ ਜਾਂਦੀ ਹੈ। ਉਸ ਨਾਲ ਖੇਤੀਆਂ ਹਰੀਆਂ ਭਰੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਜੇ ਵਕਤਾ ਚੰਗੀ ਕਰਨੀ ਵਾਲਾ, ਸ਼ੁਧ ਤੇ ਪਵਿਤ੍ਰ ਆਚਰਣ ਦਾ ਹੋਵੇ ਤਾਂ ਉਸ ਦੀ ਕਥਨੀ ਮਨ ਵਿਚ ਵਸ ਜਾਂਦੀ ਹੈ। ਉਸ ਨਾਲ ਆਚਰਣ ਬਦਲ ਜਾਂਦਾ ਹੈ। ਸ਼ਰਧਾ, ਭਗਤੀ ਤੇ ਸੇਵਾ ਭਾਵ ਨਾਲ ਕਥਾ ਸੁਣੀ ਜਾਵੇ ਤਾਂ ਉਤਮ ਪੁੰਨ ਅਤੇ ਸ਼ੁਭ ਗੁਣਾਂ ਦੀ ਖੇਤੀ ਛੇਤੀ ਵਧਦੀ ਤੇ ਪ੍ਰਫੁਲਤ ਹੁੰਦੀ ਹੈ। ਗੁਰੂ ਪ੍ਰਮੇਸ਼ਰ ਦੀ ਭਗਤੀ ਮਨ ਵਿਚ ਵਸਦੀ ਹੈ।

ਸ: ਬੂੜ ਸਿੰਘ ! ਮਨ ਦਾ ਭਜਨ ਸਿਮਰਨ ਵਿਚ ਜੁੜਨਾ, ਕੀਰਤਨ ਤੇ ਕਥਾ ਸੁਣਨੀ, ਸਤਿਸੰਗ ਰਾਹੀਂ ਹੋ ਸਕਦੀ ਹੈ। ਸਤਿ-ਸੰਗਤ ਦੀ ਪ੍ਰਾਪਤੀ ਵਾਹਿਗੁਰੂ ਦੀ ਕ੍ਰਿਪਾ ਤੇ ਦਇਆ ਨਾਲ ਹੀ ਹੋ ਸਕਦੀ ਹੈ।

ਸਤਿਸੰਗਤ ਨਾਲ ਮਨੁਖ ਸੱਤ ਅਸੱਤ ਦਾ ਨਿਰਣਾ ਕਰ ਸਕਦਾ ਹੈ ਅਤੇ ਆਤਮ ਵਿਚਾਰ ਦੁਆਰਾ ਲਾਭ ਤੇ ਜੀਵਨ ਮਨੋਰਥ ਪ੍ਰਾਪਤ ਕਰ ਸਕਦਾ ਹੈ।"

ਸ: ਬੂੜ ਸਿੰਘ ਸੰਤ ਬਾਬਾ ਬੀਰ ਸਿੰਘ ਜੀ ਦੀ ਮਹਾਨ ਸ਼ਖਸੀਅਤ ਤੋਂ ਏਨਾ ਪ੍ਰਭਾਵਤ ਹੋਇਆ ਕਿ ਬਾਕੀ ਦੀ ਸਾਰੀ ਆਯੂ ਉਨ੍ਹਾਂ ਦੇ ਨਾਲ ਰਿਹਾ। ਜਿਸ ਵਕਤ ਬਾਬਾ ਜੀ ਨੂੰ ਮੁਠਿਆਂ ਵਾਲੇ ਦੇ ਕੋਲ ਸਤਲੁਜ ਦੇ ਕੰਢੇ ਬੁਰਛਿਆਂ ਨੇ ਤੋਪ ਦਾ ਗੋਲਾ ਮਾਰਿਆ ਉਹ ਗੋਲਾ ਸ: ਬੂੜ ਸਿੰਘ ਨੂੰ ਵੀ ਲਗਾ, ਜਿਸ ਨਾਲ ਉਸ ਦਾ ਕੁਬ ਨਿਕਲ ਗਿਆ, ਪਰ ਉਹ ਬਾਬਾ ਜੀ ਦੀ ਸ਼ਹੀਦੀ ਦੇ ਪਿਛੋਂ ਕਾਫੀ ਸਮਾਂ ਜੀਉਂਦਾ ਰਿਹਾ। ਬਾਬਾ ਜੀ ਦੇ ਬਚਨ ਨਾਲ ਸ: ਸਦਾ ਸਿੰਘ ਕੁਹਾਲੀ ਦੇ ਦੂਜੇ ਪੁਤਰ ਦੇ ਘਰ ਇਕ ਲੜਕਾ ਤੇ ਲੜਕੀ ਹੋਈ। ਉਹਨਾਂ ਦੀ ਸੰਤਾਨ ਮੌਜੂਦ ਹੈ।

ਕੁਹਾਲੀ ਤੋਂ ਚਲਕੇ ਬਾਬਾ ਜੀ ਸੰਗਤ ਸਮੇਤ ਮਲਸੀਹੇਂ ਨਗਰ ਵਿਚ ਪੁਜੇ। ਇਹ ਬਾਬਾ ਸੰਪੂਰਨ ਸਿੰਘ ਤੇ ਬਾਬਾ ਖੇਮ ਸਿੰਘ ਦਾ ਪਿੰਡ ਸੀ। ਉਹਨਾਂ ਨੇ ਆਪ ਦੀ ਬੜੀ ਸੇਵਾ ਕੀਤੀ ਸੰਮਤ 1900 ਬਿਕ੍ਰਮੀ ਦਾ ਹੋਲਾ ਮਹੱਲਾ ਆਪ ਨੇ ਮਲਸੀਹੇ ਵਿਚ ਕੀਤਾ।

ਮਲਸੀਹੇਂ ਦੇ ਬਾਹਦ ਬਾਬਾ ਜੀ ਨੇ ਕੁਝ ਚਿਰ ਦੁਆਬੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਆਪ ਦਾ ਡੇਰਾ ਕਪੂਰਥਲੇ ਦੇ ਪਾਸ ਇਕ ਨਗਰ ਵਿਚ ਸੀ ਕਿ ਸ: ਨਿਹਾਲ ਸਿੰਘ ਆਹਲੂਵਲੀਆ ਤੇ ਉਸ ਦੀ ਪਤਨੀ ਮਾਈ ਹੀਰਾਂ ਨੇ ਸੰਤਾਂ ਨੂੰ ਕਪੂਰਥਲੇ ਦਰਸ਼ਨ ਦੇਣ ਲਈ ਬੇਨਤੀ ਕਰ ਭੇਜੀ। ਆਪ ਨੇ ਉਤਰ ਦਿਤਾ—

"ਕਰਤਾਰ ਪੁਰ (ਜਲੰਧਰ) ਵਿਖੇ ਵਿਸਾਖੀ ਦਾ ਜੋੜ ਮੇਲਾ ਤੇ

ਬਾਬਾ ਸਾਧੂ ਸਿੰਘ ਨਾਲ ਮੁਲਾਕਾਤ ਕਰਕੇ ਫਿਰ ਕਪੂਰਥਲੇ ਆਵਾਂਗੇ।

ਇਸ ਪਰੋਗਰਾਮ ਅਨੁਸਾਰ ਬਾਬਾ ਜੀ ਸਾਰੀ ਸੰਗਤ ਸਮੇਤ ਕਰਤਾਰਪੁਰ ਪੁਜੇ। ਆਪ ਵਿਸਾਖੀ ਦੇ ਜੋੜ ਮੇਲੇ ਕਰਕੇ ਤਿੰਨ ਦਿਨ ਉਥੇ ਰਹੇ। ਬਹੁਤ ਭਾਰੀ ਮੇਲਾ ਹੋਇਆ। ਉਸ ਵਿਚ ਬਾਬਾ ਜੀ ਦੇ ਭਜਨ ਕੀਰਤਨ,ਕਥਾ ਤੇ ਸਤਿਸੰਗ ਦਾ ਪ੍ਰਵਾਹ ਅਤੇ ਅਤੁਟ ਲੰਗਰ ਚਲਾਇਆ। ਆਪ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ ਦੇ ਦਰਸ਼ਨ ਕੀਤੇ ਤੇ ਉਥੇ 125) ਰੁਪਏ ਭੇਟਾ ਕੀਤੇ।

ਛੇਵੀਂ ਪਾਤਸ਼ਾਹੀ ਤੇ ਸਤਵੇਂ ਗੁਰੂ ਜੀ ਦੇ ਅਸਥਾਨਾਂ ਦੇ ਦਰਸ਼ਨ ਕੀਤੇ। ਬਾਬਾ ਸਾਧੂ ਸਿੰਘ ਕਰਤਾਰਪੁਰੀਏ ਨਾਲ ਗਲਬਾਤ ਕੀਤੀ। ਬਾਬਾ ਜੀ ਕਰਤਾਰਪੁਰ ਵਿਸਾਖੀ ਦਾ ਜੋੜ ਮੇਲਾ ਕਰਕੇ ਸੁਲਤਾਨ ਪੁਰ ਲੋਧੀ ਪੁਜੇ, ਉਥੇ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਵਾਸ ਅਸਥਾਨ ਗੁਰਦਵਾਰਾ ਹੱਟ ਸਾਹਿਬ ਤੇ ਬੇਰ ਸਾਹਿਬ ਦੇ ਦਰਸ਼ਨ ਕੀਤੇ। ਹਰੇਕ ਗੁਰਦਵਾਰੇ ਵਿਚ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਤੇ ਮਾਇਆ ਅਰਦਾਸ ਕਰਵਾਈ।

ਸੁਲਤਾਨ ਪੁਰ ਲੋਧੀ ਤੋਂ ਚਲ ਕੇ ਨਗਰ ਠੱਟੇ ਟਿਬੇ ਪੁਜੇ, ਜਿਥੇ ਬਾਬਾ ਜੀ ਦਾ ਪ੍ਰਸਿੱਧ ਅਸਥਾਨ ਦਮਦਮਾ ਸਾਹਿਬ ਅਜੇ ਤੀਕ ਮੌਜੂਦ ਹੈ। ਇਥੇ ਬਾਬਾ ਜੀ ਦਾ ਇਕ ਗਾਤਰਾ, ਕਛਹਿਰਾ ਦਤਹੀ ਆਦਿਕ ਵਸਤਾਂ ਮੌਜੂਦ ਹਨ।

ਠੱਟੇ ਵਿਚ ਇਲਾਕੇ ਦੇ ਕੁਝ ਪਿੰਡਾਂ ਦੀ ਸੰਗਤ ਬਾਬਾ ਜੀ ਦੇ ਦਰਸ਼ਨ ਕਰਨ ਆਈ। ਉਸ ਨੇ ਬੇਨਤੀ ਕੀਤੀ–

"ਸਾਡੇ ਪਿੰਡਾਂ ਦੀ ਜ਼ਮੀਨ ਵਿਚ ਕੱਲਰ ਪੈ ਗਿਆ ਹੈ। ਅੰਨ ਦਾਣੇ ਦੀ ਕੋਈ ਪੈਦਾਵਾਰ ਨਹੀਂ ਹੁੰਦੀ। ਸਾਨੂੰ ਜੀਵਨ ਨਿਰਬਾਹ ਲਈ ਕਠਨ ਮਿਹਨਤ ਕਰਨੀ ਪੈਂਦੀ ਹੈ। ਫਿਰ ਵੀ ਗੁਜ਼ਾਰਾ ਮੁਸ਼ਕਲ ਹੁੰਦਾ ਹੈ। ਅਸੀਂ ਆਪ ਦੀ ਸਤਿਸੰਗਤ ਭਜਨ ਸਿਮਰਨ ਤੇ ਸੇਵਾ ਕਿਸ ਤਰ੍ਹਾਂ ਕਰੀਏ ?"

ਬਾਬਾ ਜੀ ਨੇ ਉਤਰ ਦਿਤਾ-ਸਭ ਕੁਝ ਕਰਤਾਰ ਦੇ ਵਸ ਵਿਚ ਹੈ। ਉਹ ਵਸਦਿਆਂ ਨੂੰ ਉਜਾੜ ਸਕਦਾ ਹੈ ਤੇ ਉਜੜਿਆਂ ਨੂੰ ਵਸਾ ਸਕਦਾ ਹੈ। ਅਸੀਂ ਤਾਂ ਤੁਹਾਡੇ ਭਲੇ ਲਈ ਅਰਦਾਸ ਹੀ ਕਰ ਸਕਦੇ ਹਾਂ।

ਕਹਿੰਦੇ ਹਨ ਕਿ ਉਸ ਸਾਲ ਦਰਿਆ ਬਿਆਸ ਵਿਚ ਹੜ੍ਹ ਆਇਆ। ਉਹ ਠੱਟ੍ਹੇ ਦੇ ਲਾਗਲੇ ਕਈ ਪਿੰਡਾਂ ਵਿਚ ਫਿਰ ਗਿਆ ਤੇ ਸਾਰਾ ਕੱਲਰ ਰੋਹੜ ਕੇ ਲੈ ਗਿਆ ਤੇ ਉਸ ਦੀ ਥਾਂ ਭੱਲ ਸੁਟ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਸਾਰੇ ਪਿੰਡਾਂ ਦੀ ਜ਼ਮੀਨ ਜ਼ਰਖੇਜ਼ ਤੇ ਉਪਜਾਊ ਬਣ ਗਈ।

ਇਕ ਇਹ ਵੀ ਰਵਾਇਤ ਹੈ ਕਿ ਠੱਟੇ ਦੇ ਇਕ ਪ੍ਰੇਮੀ ਪ੍ਰਧਾਨ ਸਿੰਘ ਦੇ ਘਰ ਕੋਈ ਸੰਤਾਨ ਨਹੀਂ ਸੀ। ਉਹ ਪਿੰਡ ਦੀ ਪੰਚਾਇਤ ਲੈ ਕੇ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਸਾਰੀ ਪੰਚਾਇਤ ਨੇ ਬੇਨਤੀ ਕੀਤੀ–

"ਮਹਾਰਾਜ, ਆਪ ਬੜੇ ਭਜਨੀਕ, ਤਪਸਵੀ ਤੇ ਸਮਰਥ ਪੁਰਸ਼ ਹੋ। ਪ੍ਰਧਾਨ ਸਿੰਘ ਦੇ ਸੰਤਾਨ ਕੋਈ ਨਹੀਂ, ਇਸ ਦੀ ਰੇਖ ਵਿਚ ਮੇਖ ਮਾਰ ਦਿਓ।"

ਬਾਬਾ ਜੀ–"ਜੇ ਇਸ ਦੇ ਭਾਗਾਂ ਵਿਚ ਸੰਤਾਨ ਨਹੀਂ ਤਾਂ ਅਸੀਂ ਕੀ ਕਰ ਸਕਦੇ ਹਾਂ?"

ਪੰਚਾਇਤ–"ਹਜ਼ੂਰ! ਆਪ ਇਸ ਤੇ ਬਖਸ਼ਸ਼ ਕਰ ਸਕਦੇ ਹੋ। ਇਸ ਦੇ ਭਾਗ ਨੂੰ ਬਦਲ ਸਕਦੇ ਹੋ।"

ਇਹ ਬਚਨ ਬਿਲਾਸ ਕਰਦੇ ਬਾਬਾ ਜੀ ਘੋੜੇ ਤੇ ਜਾ ਰਹੇ ਸਨ ਕਿ ਅਗੋਂ ਖੇਤ ਵਿਚੋਂ ਇਕ ਤਿਤਰ ਉਡਿਆ ਅਤੇ ਛੇਤੀ ਹੀ ਡਿਗਕੇ ਮਰ ਗਿਆ। ਇਹ ਕੌਤਕ ਦੇਖਕੇ ਬਾਬਾ ਜੀ ਨੇ ਬਚਨ ਕੀਤਾ–

"ਸੁਣ ਪ੍ਰਧਾਨ ਸਿੰਘ! ਤੇਰੇ ਘਰ ਪੁਤਰ ਤੇ ਹੋਵੇਗਾ, ਉਹ ਉਠਦੀ ਜੁਆਨੀ ਵਿਚ ਤੈਨੂੰ ਵਿਛੋੜਾ ਦੇ ਜਾਵੇਗਾ। ਪਰ ਤੇਰੀ ਜੜ੍ਹ ਲਗੀ ਰਹੇਗੀ।"

ਕਹਿੰਦੇ ਹਨ ਕਿ ਕੁਝ ਚਿਰ ਪਿਛੋਂ ਭਾਈ ਪ੍ਰਧਾਨ ਸਿੰਘ ਦੇ

ਘਰ ਇਕ ਪੁਤ੍ਰ ਹੋਇਆ, ਜਿਸਦਾ ਨਾਂ ਹਰੀ ਸਿੰਘ ਰਖਿਆ ਗਿਆ। ਉਸਦੀ ਸ਼ਾਦੀ ਕੀਤੀ ਗਈ।

ਭਾਈ ਹਰੀ ਸਿੰਘ 24 ਸਾਲ ਦੀ ਉਮਰ ਵਿਚ ਗੁਜਰ ਗਿਆ। ਪਰ ਉਸਦਾ ਪੁਤ੍ਰ ਵਸਾਵਾ ਸਿੰਘ ਹੋਇਆ, ਜਿਸ ਦੀ ਸੰਤਾਨ ਇਸ ਵਕਤ ਪਿੰਡ ਨਵੇਂ ਠੱਟੇ ਵਿਚ ਅੱਧ ਦੀ ਮਾਲਕ ਹੈ।

ਭਾਈ ਵਸਾਵਾ ਸਿੰਘ ਦੀ ਵੰਸ ਵਿਚੋਂ ਸੰਤ ਗੁਰਚਰਨ ਸਿੰਘ ਇਸ ਵਕਤ ਗੁਰਦਵਾਰਾ ਦਮਦਮਾ ਸਾਹਿਬ ਬਾਬਾ ਬੀਰ ਸਿੰਘ ਠੱਟਾ ਦੀ ਸੇਵਾ ਕਰਦੇ ਹਨ।

ਠੱਟੇ ਦੇ ਆਲੇ ਦੁਆਲੇ ਬੇਟ ਦੇ ਹੋਰ ਕਈ ਪਿੰਡਾਂ ਵਿਚ ਵੀ ਬਾਬਾ ਜੀ ਨੇ ਧਰਮ ਪ੍ਰਚਾਰ ਕੀਤਾ। ਇਸ ਲਈ ਖੀਰਾਂ ਵਾਲੀ, ਜਬੋਵਾਲ, ਕਹਿਣੀ ਵਾਲ ਫਰੀਸਾਂ ਵਿਚ ਬਾਬਾ ਜੀ ਦੇ ਅਸਥਾਨ ਬਣੇ ਹੋਏ ਹਨ। ਪਿੰਡ ਗਿੱਦੜ ਪਿੰਡੀ (ਲੋਹੀਆਂ ਫੀਰੋਜਪੁਰ ਲਾਈਨ ਦਾ ਇਕ ਸ਼ਟੇਸ਼ਨ) ਵਿਖੇ ਬਾਬਾ ਜੀ ਨੇ ਕੁਝ ਚਿਰ ਨਿਵਾਸ ਕਰਕੇ ਸੰਗਤਾਂ ਨੂੰ ਉਪਦੇਸ਼ ਦਿਤਾ। ਉਸ ਯਾਦ ਵਿਚ ਇਕ ਟਾਹਲੀ ਹੈ, ਜਿਸ ਨੂੰ ਲੋਕੀਂ "ਟਾਹਲੀ ਸਾਹਿਬ" ਕਹਿੰਦੇ ਹਨ।

ਬਾਬਾ ਜੀ ਨੇ ਮਾਝੇ ਤੇ ਦੁਆਬੇ ਵਿਚ ਜੋ ਪ੍ਰਚਾਰ ਕੀਤਾ, ਉਸ ਦਾ ਨਤੀਜਾ ਇਹ ਹੈ ਕਿ ਆਪ ਦੇ 360 ਅਸਥਾਨ ਇਹਨਾਂ ਇਲਾਕਿਆਂ ਵਿਚ ਅਜੇ ਤੀਕ ਮੌਜੂਦ ਹਨ। ਇਨ੍ਹਾਂ ਵਿਚ ਨੌਰੰਗਾਬਾਦ, ਰਤੋ ਕੀ, ਮੁਠਿਆਂ ਵਾਲਾ ਤੇ ਦਮਾਦਮਾ ਸਾਹਿਬ, ਠੱਟਾ ਵਡੇ ਕੇਂਦਰ ਹਨ।

ਗੁਰਦਵਾਰਾ ਦਮਦਮਾ ਸਾਹਿਬ ਠੱਟਾ ਵਿਖੇ 27 ਵਿਸਾਖ ਨੂੰ ਬਾਬਾ ਜੀ ਦਾ ਭਾਰੀ ਸ਼ਹੀਦੀ ਜੋੜ ਮੇਲਾ ਹੁੰਦਾ ਹੈ।

੭.

ਕਪੂਰਥਲੇ ਵਿਚ ਮੌਲਵੀ ਨਾਲ ਚਰਚਾ

ਕੁਝ ਦਿਨ ਠੱਟੇ ਟਿਬੇ ਵਿਚ ਨਿਵਾਸ ਕਰਕੇ ਆਪ ਸ੍ਰਦਾਰ ਨਿਹਾਲ ਸਿੰਘ ਆਹਲੂਵਾਲੀਏ ਦੀ ਬੇਨਤੀ ਮੰਨ ਕੇ ਕਪੂਰਥਲੇ ਆਏ। ਨਗਰ ਨਿਵਾਸੀਆਂ ਨੇ ਆਪ ਦਾ, ਸ਼ਾਨਦਾਰ ਸੁਆਗਤ ਕੀਤਾ। ਸ: ਨਿਹਾਲ ਸਿੰਘ ਤੇ ਉਸਦੀ ਪਤਨੀ ਸ੍ਰਦਾਰਨੀ ਹੀਰਾਂ ਨੇ ਬੜੀ ਸੇਵਾ ਕੀਤੀ। ਸ੍ਰਦਾਰ ਪਾਸ ਇਕ ਸੂਫੀ ਤੇ ਵੇਦਾਂਤੀ ਖਿਆਲਾਂ ਦਾ ਬੜਾ ਸਿਆਣਾ ਅਤੇ ਵਿਦਵਾਨ ਮੌਲਵੀ ਸੀ। ਉਸ ਨੇ ਬਾਬਾ ਜੀ ਦੀ ਸੇਵਾ ਵਿਚ ਪ੍ਰਸ਼ਨ ਕੀਤਾ—

"ਸਾਡੇ ਕੁਰਾਨ ਸ਼ਰੀਫ ਵਿਚ ਲਿਖਿਆ ਹੈ ਕਿ ਰੱਬੁਲਆਲਮੀਨ ਹੈ ਤੇ ਵੇਦਾਂਤੀ ਗਰੰਥਾਂ ਵਿਚ ਆਇਆ ਹੈ ਕਿ ਉਹ ਸਰਬ ਵਿਆਪਕ ਹੈ। ਜੇ ਇਹ ਗਲ ਠੀਕ ਹੈ ਕਿ ਖ਼ੁਦਾ ਸਾਰਿਆਂ ਵਿਚ ਵਿਆਪਕ ਹੈ ਤਾਂ ਇਕ ਜੀਵ ਦੇ ਦੁਖੀ ਜਾਂ ਸੁਖੀ ਹੋਣ ਨਾਲ ਸਾਰੇ ਜੀਵਾਂ ਨੂੰ ਦੁਖੀ ਜਾਂ ਸੁਖੀ ਹੋਣਾ ਚਾਹੀਦਾ ਹੈ। ਇਕ ਦੇ ਮਰਨ ਨਾਲ ਸਾਰਿਆਂ ਨੂੰ ਮਰ ਜਾਣਾ ਚਾਹੀਦਾ ਹੈ। ਇਕ ਨੂੰ ਗਿਆਨ ਹੋਣ ਨਾਲ ਸਾਰਿਆਂ ਨੂੰ ਗਿਆਨ ਹੋਣਾ ਚਾਹੀਦਾ ਹੈ। ਪਰ ਇਹ ਗਲ ਨਹੀਂ ਹੁੰਦੀ। ਇਸ ਤੋਂ ਜਾਪਦਾ ਇਹ ਹੈ ਕਿ ਖ਼ੁਦਾ ਇਕ ਹੈ। ਪਰ ਸਤਵੇਂ ਅਸਮਾਨ ਵਿਚ ਬੈਠਾ ਹੋਇਆ ਹੈ। ਉਸਦੇ ਪੈਦਾ ਕੀਤੇ ਹੋਏ ਮਨੁਖ ਤੇ ਜੀਅ ਜੰਤ ਵਖੋ ਵਖ ਹਨ। ਕੋਈ ਜੰਮਦਾ ਹੈ, ਕੋਈ ਮਰਦਾ ਹੈ। ਕੋਈ ਦੁਖੀ ਤੇ ਕੋਈ ਸੁਖੀ ਹੁੰਦਾ ਹੈ। ਮਨੁਖਾਂ ਦੇ ਭਿੰਨ ਭਿੰਨ ਹੋਣ ਕਰਕੇ ਜਿਸ ਨੂੰ ਦੁਖ ਜਾਂ ਸੁਖ ਹੁੰਦਾ ਹੈ, ਉਹੀ ਦੁਖੀ ਸੁਖੀ ਹੁੰਦਾ ਹੈ। ਸਾਰੀਆਂ ਰੂਹਾਂ ਕਿਆਮਤ ਦੇ ਰੋਜ਼ ਇਕ ਥਾਂ ਇਕਤ੍ਰ ਹੁੰਦੀਆਂ ਹਨ। ਉਨ੍ਹਾਂ ਦੇ ਚੰਗੇ ਮਾੜੇ ਕਰਮਾਂ ਦਾ

ਹਿਸਾਬ ਹੁੰਦਾ ਹੈ। ਉਸ ਦੇ ਅਨੁਸਾਰ ਉਨ੍ਹਾਂ ਨੂੰ ਸੁਖ ਦੁਖ, ਬਹਿਸ਼ਤ ਜਾਂ ਦੋਜ਼ਖ ਮਿਲਦਾ ਹੈ। ਪੁੰਨੀ ਬਹਿਸ਼ਤ ਵਿਚ ਜਾਂਦੇ ਹਨ। ਪਾਪੀ ਦੋਜ਼ਖ ਦੀ ਅੱਗ ਵਿਚ ਸੜਦੇ ਹਨ। ਜੇਹੜੇ ਲੋਕ ਮੁਹੰਮਦ ਦੀ ਉਮਤ ਵਿਚ ਆਏ ਹਨ, ਰੱਬ ਦੀ ਦਰਗਾਹ ਵਿਚ ਉਹਨਾਂ ਦੀ ਸ਼ਫਾਇਤ ਹੋਵੇਗੀ, ਦੂਜਿਆਂ ਦੀ ਨਹੀਂ। ਖੁਦਾ ਇਕ ਹੈ, ਪਰ ਮਨੁਖ ਆਤਮਾ ਸਾਰੇ ਇਕ ਨਹੀਂ, ਇਸ ਲਈ ਉਹ ਖੁਦਾ ਨਹੀਂ ਹੋ ਸਕਦੇ।"

ਬਾਬਾ ਜੀ ਨੇ ਉਤਰ ਦਿਤਾ—"ਮੌਲਵੀ ਜੀ, ਜੇ ਖੁਦਾ ਸਤਵੇਂ ਅਸਮਾਨ ਜਾਂ ਇਕ ਥਾਂ ਤੇ ਸੀਮਤ ਹੈ, ਤਾਂ ਉਹ ਇਕ ਥਾਂ ਬਹਿਕੇ ਸਾਰੇ ਜਗਤ ਦੀ ਉਤਪਤੀ ਕਿਸ ਤਰ੍ਹਾਂ ਕਰ ਸਕਦਾ ਹੈ ? ਸਾਰੇ ਜੀਅ ਜੰਤਾਂ ਨੂੰ ਰੋਜ਼ੀ ਕਿਸ ਤਰ੍ਹਾਂ ਦੇ ਸਕਦਾ ਹੈ ? ਜੇ ਖੁਦਾ ਇਕ ਥਾਂ ਤੀਕ ਮਹਿਦੂਦ ਹੈ ਤਾਂ ਉਸਨੂੰ ਇਕ ਥਾਂ ਦੀ ਖਬਰ ਹੋ ਸਕਦੀ ਹੈ। ਪਰ ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਸਾਰੇ ਜੀਆਂ ਨੂੰ ਰੋਜ਼ੀ ਦਿੰਦਾ ਹੈ। ਸਰਬ ਦਾ ਉਸਨੂੰ ਗਿਆਨ ਹੈ। ਕੁਰਾਨ ਦੇ ਮੁਤਾਬਿਕ ਹੀ ਜੇ ਉਹ ਰਬੁਲਆਲਮੀਨ ਹੈ ਤਾਂ ਫਿਰ ਸਾਰੇ ਆਲਮ ਦਾ ਹੋ ਸਕਦਾ ਹੈ। ਸਤਵੇਂ ਅਸਮਾਨ ਵਿਚ ਕਿਵੇਂ ਹੋਇਆ ? ਇਹ ਦੋਵੇਂ ਗਲਾਂ ਆਪਾ ਵਿਰੋਧੀ ਹਨ। ਜੇ ਉਹ ਕੁਲ ਸ੍ਰਿਸ਼ਟੀ (ਮਖਲੂਕ) ਦਾ ਕਰਤਾ (ਖਾਲਕ) ਹੈ ਉਹ ਸਰਬ ਵਿਆਪਕ ਹੈ।

ਬਾਬਾ ਜੀ ਨੇ ਮੌਲਵੀ ਨੂੰ ਸੰਬੋਧਨ ਕਰਦੇ ਹੋਏ ਕਿਹਾ—"ਜਿਸ ਖੁਦਾ ਦਾ ਕੋਈ ਰੰਗ ਰੂਪ ਅਤੇ ਚਕ੍ਰ ਚਿਹਨ ਨਹੀਂ, ਉਹ ਇਕ ਥਾਂ ਕਿਸ ਤਰ੍ਹਾਂ ਬੈਠ ਹੋਇਆ ਹੈ ? ਬਾਕੀ ਰਹੀ ਬਹਿਸ਼ਤ ਤੇ ਦੋਜ਼ਖ ਦੀ ਗਲ, ਇਹ ਮਨੁਖ ਦੀ ਕਲਪਣਾ ਹੈ। ਜਦ ਰੱਬ ਨੇ ਪਹਿਲੇ ਸ੍ਰਿਸ਼ਟੀ ਦੀ ਰਚਨਾ ਕੀਤੀ, ਉਸ ਸਮੇਂ ਮਨੁਖਾਂ ਨੇ ਕਦੋਂ ਪੁੰਨ-ਪਾਪ ਕੀਤੇ ਸਨ ਕਿ ਉਨ੍ਹਾਂ ਲਈ ਬਹਿਸ਼ਤ ਅਤੇ ਦੋਜ਼ਖ ਬਣਾ ਦਿਤੇ ਗਏ ? ਹਰ ਕੋਈ ਆਪਣੀ ਨੇਕੀ ਤੇ ਕਰਨੀ ਨਾਲ ਤੁਰ ਸਕਦਾ ਹੈ। ਕਿਸੇ ਪੈਗੰਬਰ ਦੀ ਸ਼ਫਾਇਤ ਕੰਮ ਨਹੀਂ ਕਰ ਸਕਦੀ।

ਨਾਮ ਰੂਪ ਕਰਕੇ ਸਾਰੀ ਦੀ ਸਾਰੀ ਰਚਨਾ ਉਸ ਖੁਦਾ ਤੋਂ ਵਖਰੀ ਨਹੀਂ ਹੈ। ਉਹ ਇਕ ਇਕ ਅਣੂ-ਪ੍ਰਮਾਣੂ ਵਿਚ ਵਿਆਪਕ ਹੈ। ਜੜ੍ਹ-ਚੇਤਨ ਸਾਰੀ ਉਸਦੀ ਮਾਇਆ ਹੈ।

ਬਾਕੀ ਰਹੀ ਦੁਖੀ ਤੇ ਸੁਖੀ ਹੋਣ ਦੀ ਗਲ ਇਹ ਵੀ ਅਗਿਆਨ ਕਰਕੇ ਪ੍ਰਤੀਤ ਹੁੰਦੀ ਹੈ। ਜਿਸ ਤਰ੍ਹਾਂ ਸੁਪਨੇ ਵਿਚ ਅਸੀਂ ਕਈ ਦ੍ਰਿਸ਼ ਵੇਖ ਕੇ ਦੁਖੀ ਜਾਂ ਸੁਖੀ ਹੁੰਦੇ ਹਾਂ, ਪਰ ਨੀਂਦ ਖੁਲ੍ਹ ਜਾਣ ਤੇ ਸੁਪਨੇ ਦੇ ਦੁਖ ਸੁਖ ਵਿਅਰਥ ਸਮਝਦੇ ਹਾਂ, ਇਸੇ ਤਰ੍ਹਾਂ ਆਤਮਿਕ ਗਿਆਨ ਦੀ ਅਵਸਥਾ ਵਿਚ ਸੁਖ ਦੁਖ ਖਤਮ ਹੋ ਜਾਂਦੇ ਹਨ। ਜਿਸ ਤਰ੍ਹਾਂ ਮਦਾਰੀ ਦੇ ਤਮਾਸ਼ੇ ਦੀਆਂ ਰਚੀਆਂ ਹੋਈਆਂ ਚੀਜ਼ਾਂ ਅਸੱਤ ਹੁੰਦੀਆਂ ਹਨ, ਇਸੇ ਤਰ੍ਹਾਂ ਦੁਖ ਸੁਖ ਅਸੱਤ ਪ੍ਰਤੀਤ ਹੁੰਦੇ ਹਨ। ਅਸਲ ਵਿਚ ਨਾ ਕੋਈ ਜੰਮਦਾ ਹੈ, ਨਾ ਮਰਦਾ ਹੈ। ਇਹ ਈਸ਼ਵਰ ਦੀ ਰਚਨਾ ਦੀ ਇਕ ਖੇਡ ਜਾਂ ਚਰਿਤ੍ਰ ਹੈ। ਮੌਤ ਕੋਈ ਚੀਜ਼ ਨਹੀਂ, ਮਨੁਖ ਸਿਰਫ ਦੇਹ ਬਦਲਦਾ ਹੈ ਪਰ ਆਤਮਾ ਅਮਰ ਹੈ। ਆਤਮਾ ਗਿਆਨ ਸਰੂਪ ਹੈ ਤੇ ਉਹ ਸਾਰਿਆਂ ਵਿਚ ਇਕੋ ਹੈ।

ਸਾਰੀ ਖਲਕਤ ਵਿਚ ਆਪੇ ਦਾ ਜੋ ਗਿਆਨ ਹੈ, ਉਹ ਇਕੋ ਜੇਹਾ ਹੈ। ਇਹ ਆਤਮਾ ਸੱਤ ਚਿਤ ਤੇ ਅਨੰਦ ਸਰੂਪ ਹੈ। ਉਸ ਲਈ ਕੋਈ ਦੁਖ ਨਹੀਂ।

ਜਿਸ ਤਰ੍ਹਾਂ ਸੋਨੇ, ਚਾਂਦੀ, ਤਾਂਬੇ, ਪਿੱਤਲ ਤੇ ਮਿੱਟੀ ਦੇ ਘੜਿਆਂ ਵਿਚ ਪਾਣੀ ਇਕੋ ਹੁੰਦਾ ਹੈ, ਪਰ ਕਿਸੇ ਦਾ ਜਲ ਨਿਰਮਲ ਤੇ ਮੈਲਾ ਹੁੰਦਾ ਹੈ, ਪਰ ਉਨ੍ਹਾਂ ਘੜਿਆਂ 'ਚ ਸੂਰਜ ਦਾ ਪ੍ਰਤੀਬਿੰਬ ਇਕੋ ਜੇਹਾ ਪੈਂਦਾ ਹੈ। ਭੇਦ ਇਤਨਾ ਹੈ ਕਿ ਜਿਸ ਘੜੇ ਦਾ ਜਲ ਨਿਰਮਲ ਹੁੰਦਾ ਹੈ, ਉਸ ਵਿਚ ਸੂਰਜ ਸਾਫ ਦਿਸਦਾ ਹੈ, ਜਿਸ ਦਾ ਜਲ ਮੈਲਾ ਹੁੰਦਾ ਹੈ, ਉਸ ਵਿਚ ਸੂਰਜ ਚੰਗੀ ਤਰ੍ਹਾਂ ਨਹੀਂ ਦਿਸਦਾ। ਕਿਸੇ ਘੜੇ ਦਾ ਜਲ ਮਲੀਨ ਹੋਣ ਨਾਲ ਸੂਰਜ ਦੇ ਪ੍ਰਕਾਸ਼ ਤੇ ਉਸ ਦੀ ਨਿਰਮਲਤਾ ਵਿਚ ਮਲੀਨਤਾ ਨਹੀਂ ਆ

ਜਾਂਦੀ, ਇਸੇ ਤਰ੍ਹਾਂ ਆਤਮਾ ਨਿਰਮਲ ਹੈ।

ਮਨੁਖ ਦੇ ਅੰਤਹ ਕਰਨ ਵਿਚ ਰਜੋ, ਤਮੋ, ਸਤੋ ਤਿੰਨਾ ਗੁਣਾਂ ਦੀ ਮੈਲ ਹੈ, ਜਿਸ ਕਰਕੇ ਚੇਤੰਨ ਸਰੂਪ ਆਤਮ ਮਲੀਨ ਵਿਖਾਈ ਦਿੰਦਾ ਹੈ। ਅਸਲ ਵਿਚ ਉਹ ਨਿਰਮਲ ਹੈ। ਜਹਾਲਤ ਕਰਕੇ ਮਨੁਖ ਅੰਮ੍ਰਿਤ ਰੂਪ ਹੋ ਕੇ ਆਪਣੇ ਆਪ ਨੂੰ ਮਰਨ ਵਾਲਾ ਸਮਝਦਾ ਹੈ। ਸੁਖ ਤੇ ਆਨੰਦ ਸਰੂਪ ਹੋ ਕੇ ਆਪਣੇ ਆਪ ਨੂੰ ਦੁਖੀ ਤੇ ਦਲਿਦਰੀ ਸਮਝਦਾ ਹੈ। ਜਿਹੜਾ ਕ੍ਰੋੜਾਂ ਬ੍ਰਹਿਮੰਡਾਂ ਵਿਚ ਨਹੀਂ ਸਮਾ ਸਕਦਾ, ਉਹ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਥਾਂ ਵਿਚ ਸੀਮਤ ਕਰ ਲੈਂਦਾ ਹੈ।

ਜਿਸ ਤਰ੍ਹਾਂ ਘੜੇ ਰੂਪ ਉਪਾਧੀ ਵਿਚ ਟਿਕੇ ਹੋਏ ਜਲ ਦੀ ਮਲੀਨਤਾ ਸੂਰਜ ਦੇ ਪ੍ਰਕਾਸ਼ ਨੂੰ ਨਹੀਂ ਛੋਹ ਸਕਦੀ, ਇਸੇ ਤਰ੍ਹਾਂ ਦੇ ਅੰਤਹ ਕਰਨ ਦੀਆਂ ਉਪਾਧੀਆਂ, ਦੁਖ, ਦਰਿਦ੍ਰ, ਸੁਖ ਆਦਿਕ "ਸਾਖੀ ਚੇਤਨ" ਨੂੰ ਨਹੀਂ ਛੋਹ ਸਕਦੀਆਂ। ਜਿਸ ਤਰ੍ਹਾਂ ਜਲ ਦਾ ਭਰਿਆ ਕੋਈ ਘੜਾ ਅਜਿਹਾ ਨਹੀਂ ਹੋ ਸਕਦਾ, ਜਿਸ ਵਿਚ ਸੂਰਜ ਦਾ ਪ੍ਰਤੀਬਿੰਬ ਨਾ ਪਵੇ, ਇਸੇ ਤਰ੍ਹਾਂ ਕੋਈ ਅੰਤਹ ਕਰਨ ਅਜਿਹਾ ਨਹੀਂ, ਜਿਸ ਵਿਚ ਵਾਹਿਗੁਰੂ ਦਾ ਪ੍ਰਕਾਸ਼ ਅਰਥਾਤ ਚੇਤੰਨ ਦਾ ਪ੍ਰਤੀਬਿੰਬ ਨਾ ਹੋਵੇ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ—

"ਸਭ ਕੋ ਆਖੈ ਆਪਣਾ ਜਿਸ ਨਾਹੀ ਸੋ ਚੁਣ ਕਢੀਐ।"

ਆਤਮਾ ਜਾਗਰਿਤੁ, ਸੁਪਨ ਤੇ ਸਖੋਪਤਿ ਤਿੰਨਾਂ ਹਾਲਤਾਂ ਵਿਚ ਇਕ ਰਸ ਰਹਿੰਦਾ ਹੈ।

ਸੁਣੋ ਮੌਲਵੀ ਜੀ! ਜਿਸ ਤਰ੍ਹਾਂ ਅਕਾਸ਼ ਵਿਚ ਬਦਲ ਉਪਾਧੀ ਰੂਪ ਵਿਚ ਉਠਦੇ ਹਨ, ਪਰ ਉਹ ਅਕਾਸ਼ ਦੇ ਥੋਹੜੇ ਜਹੇ ਹਿਸੇ ਨੂੰ ਢਕਦੇ ਹਨ, ਇਸੇ ਤਰ੍ਹਾਂ ਅਗਿਆਨਤਾ ਕਾਰਨ ਚੇਤੰਨ ਸਰੂਪ ਦਾ ਅਣੂ ਮਾਤਰ ਹਿੱਸਾ ਢਕਿਆ ਪ੍ਰਤੀਤ ਹੁੰਦਾ ਹੈ।

ਆਤਮਾ ਪ੍ਰਮਾਤਮਾ ਇਕੋ ਸਰੂਪ ਹਨ। ਪੰਜ ਤਤ (ਪੌਣ,

ਪਾਣੀ, ਅਗਨੀ, ਪ੍ਰਿਥਵੀ ਤੇ ਅਕਾਸ਼) ਜਿਨ੍ਹਾਂ ਨੂੰ ਤੁਸੀਂ "ਅਰਬਾ-ਨਾਸਰ" ਕਹਿੰਦੇ ਹੋ, ਇਹ ਵੀ ਖੁਦਾ ਤੋਂ ਵਖਰੇ ਨਹੀਂ। ਇਹ ਸਾਰੀ ਰਚਨਾ ਉਸ ਸਿਰਜਨਹਾਰ ਦਾ ਇਕ ਚਮਤਕਾਰ ਹੈ। ਇਸੇ ਲਈ ਸ੍ਰੀ ਗੁਰੂ ਜੀ ਦਾ ਵਾਕ ਹੈ—

"ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"

ਬਾਬਾ ਜੀ ਦੇ ਇਹ ਅੰਮ੍ਰਿਤ ਬਚਨ ਸੁਣ ਕੇ ਮੌਲਵੀ ਦਾ ਮਨ ਦਲੀਲਬਾਜ਼ੀ ਤੇ ਹੁਜਤਬਾਜ਼ੀ ਛਡ ਕੇ ਸ਼ਾਂਤ ਹੋ ਗਿਆ। ਉਹ ਪਰੇਮ ਤੇ ਸ਼ਰਧਾ-ਭਗਤੀ ਨਾਲ ਭਰ ਗਿਆ।

ਬਾਬਾ ਜੀ ਨੇ ਫਿਰ ਉਸਨੂੰ ਕਿਹਾ—"ਮੌਲਵੀ ਜੀ ! ਸ਼ੰਕਾ ਨਵਿਰਤ ਹੋਇਆ ਹੈ ਕਿ ਨਹੀਂ ? ਜੇ ਕੋਈ ਹੋਰ ਗਲ ਪੁਛਣੀ ਜੇ ਤਾਂ ਪੁਛ ਲਓ।"

ਜੇਲਵੀ ਨੇ ਉਤਰ ਦਿਤਾ—"ਬਾਬਾ ਜੀ ਸ: ਨਿਹਾਲ ਸਿੰਘ ਦੇ ਘਰ ਵਿਚ ਰਹਿ ਕੇ ਮੈਂ ਕਈ ਮਤਾਂ ਦੇ ਸੰਤਾਂ ਸਾਧੂਆਂ ਤੇ ਫਕੀਰਾਂ ਨਾਲ ਸੰਗਤ, ਚਰਚਾ ਅਤੇ ਗੋਸ਼ਟ ਕੀਤੀ ਹੈ, ਪਰ ਜਿਵੇਂ ਸਾਣ ਉਤੇ ਲਗੇ ਹੋਏ ਤਿੱਖੇ ਤੀਰ ਕਿਸੇ ਚੰਗੇ ਤੀਰ ਅੰਦਾਜ਼ ਦੀ ਕਮਾਨ ਵਿਚੋਂ ਨਿਕਲ ਕੇ ਬਿਰਥਾ ਨਹੀਂ ਜਾਂਦੇ, ਇਸੇ ਤਰ੍ਹਾਂ ਆਪਦੇ ਵਚਨ ਰੂਪੀ ਤੀਰ ਮੇਰੇ ਮਨ ਨੂੰ ਵਿੰਨ੍ਹ ਗਏ ਹਨ। ਮੇਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ।

ਜਿਸ ਤਰ੍ਹਾਂ ਤਿੱਖੀ ਹਵਾ ਕਈ ਬੂਟਿਆਂ ਨੂੰ ਮੁਢੋਂ ਪੁਟ ਦਿੰਦੀ ਹੈ, ਆਪ ਦੀ ਬਚਨ ਰੂਪ ਪ੍ਰਬਲ ਪੌਣ ਨੇ ਮੇਰੇ ਸਾਰੇ ਸ਼ੰਕੇ ਜੜ੍ਹੋਂ ਪੁਟ ਦਿਤੇ ਹਨ। ਆਪ ਨੇ ਆਤਮ ਗਿਆਨ ਦੀਆਂ ਕਿਰਨਾਂ ਨਾਲ ਮੇਰੇ ਮਨ ਦਾ ਹਨੇਰਾ ਦੂਰ ਕਰ ਦਿਤਾ ਹੈ।

ਕਿਬਲਾ ! ਇਕ ਗਲ ਬਾਕੀ ਹੈ, ਉਹ ਪੁਛਣੀ ਚਾਹੁੰਦਾ ਹਾਂ—ਇਸ ਜੀਵ ਨੂੰ ਸਵੈ-ਸਰੂਪ ਦਾ ਗਿਆਨ ਕਿਹੜੇ ਸਾਧਨਾਂ ਨਾਲ ਹੁੰਦਾ ਹੈ ਅਤੇ ਉਹ ਕਿਸ ਤਰ੍ਹਾਂ ਕਾਇਮ ਰਹਿੰਦਾ ਹੈ ?"

ਬਾਬਾ ਜੀ–ਦਿਲ ਸਾਫ਼ ਹੋਵੇ ਤਾਂ ਆਤਮ ਗਿਆਨ ਹੁੰਦਾ ਹੈ। ਰਬ ਨਾਲ ਜੁੜਨ ਅਤੇ ਪਰਾਇਆ ਹਕ ਨਾ ਖਾਣ ਨਾਲ ਮਨ ਸਾਫ ਹੁੰਦਾ ਹੈ। ਗੁਰੂ ਜੀ ਦਾ ਬਚਨ ਹੈ–

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ ॥

ਜੇਹੜੇ ਲੋਕ ਵੱਢੀ ਲੈ ਕੇ, ਅਨੀਤੀ ਕਰਕੇ ਸਚੇ ਦਾ ਹੱਕ ਗੁਆ ਕੇ ਜਾਂ ਚੋਰੀ ਕਰਕੇ ਖਾਂਦੇ ਹਨ, ਉਹ ਹਰਾਮ ਖਾਂਦੇ ਹਨ। ਪਾਪੀ ਅਤੇ ਦੋਜ਼ਖੀ ਹਨ। ਗੁਰੂ ਪੀਰ ਉਹਨਾਂ ਦੀ ਸ਼ਫਾਇਤ ਨਹੀਂ ਭਰ ਸਕਦੇ। ਧਰਮ ਦੀ ਕਿਰਤ ਤੇ ਹੱਕ ਦੀ ਕਮਾਈ ਖਾਣ ਨਾਲ ਦਿਲ ਸਾਫ਼ ਹੁੰਦਾ ਹੈ। ਗੁਰੂ ਜੀ ਦਾ ਫੁਰਮਾਨ ਹੈ–

ਨਾਨਕ ਨਾਮ ਖੁਦਾਇ ਕਾ ਦਿਲ ਹਛੇ ਮੁਖ ਲੇਇ।
ਅਵਰ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਇ।

ਭਾਵ–ਸਾਫ ਦਿਲ ਨਾਲ ਮੁਖ ਤੋਂ ਖੁਦਾ ਦਾ ਲਿਆ ਹੋਇਆ ਨਾਂ ਕਬੂਲ ਹੁੰਦਾ ਹੈ।

ਮਨੁਖ ਸੱਚ ਬੋਲ ਕੇ ਅਤੇ ਧਰਮ ਦੀ ਕਿਰਤ ਕਰਕੇ ਜੋ ਧਨ ਕਮਾਏ ਉਸ ਵਿਚੋਂ ਵੀ ਚੌਥਾ ਹਿੱਸਾ ਰੱਬ ਦੇ ਨਾਂ ਉਤੇ ਲੋੜਵੰਦਾਂ ਨੂੰ ਦੇਵੇ, ਤਦ ਉਹ ਪਵਿੱਤ੍ਰ ਤੇ ਸ਼ੁਧ ਹੁੰਦਾ ਹੈ।

ਅਜਿਹੀ ਸਤ ਧਰਮ ਦੀ ਕਮਾਈ ਖਾਣ ਨਾਲ ਦਿਲ ਸਾਫ਼ ਹੁੰਦਾ ਹੈ। ਅਜਿਹੇ ਸਾਫ਼ ਦਿਲ ਵਿਚ ਸੱਤ ਅਸੱਤ ਦੀ ਵਿਚਾਰ ਪੈਦਾ ਹੁੰਦੀ ਹੈ। ਫਿਰ ਵਿਸ਼ਿਆਂ ਵਿਕਾਰਾਂ ਦਾ ਦੋਸ਼ ਸਮਝ ਕੇ ਮਨ ਵਿਚ ਵੈਰਾਗ ਉਤਪੰਨ ਹੁੰਦਾ ਹੈ। ਵੈਰਾਗ ਨਾਲ ਸਮ ਦਮ ਆਦਿਕ ਸ਼ੁਭ ਗੁਣ ਤੇ ਮੁਕਤੀ ਦੀ ਇੱਛਾ ਪੈਦਾ ਹੁੰਦੀ ਹੈ।

ਸਤਿਗੁਰੂ ਤੇ ਸਤਿਸੰਗਤ ਕਰਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁਖ ਬੰਧਨਾਂ ਤੋਂ ਰਹਿਤ ਹੋਕੇ ਆਨੰਦ ਸਰੂਪ ਵਿਚ ਲੀਨ ਅਥਵਾ ਮੁਕਤ ਹੋ ਜਾਂਦਾ ਹੈ ਇਸੇ ਲਈ ਬੁਲੇ ਸ਼ਾਹ ਨੇ ਕਿਹਾ ਹੈ–

"ਬੇ ਬੰਨ੍ਹ ਅਖੀਂ ਅਤੇ ਕੰਨ ਦੋਵੇਂ,
ਗੋਸ਼ੇ ਬੈਠ ਕੇ ਬਾਤ ਵਿਚਾਰੀਏ ਜੀ।
ਛਡ ਖਾਹਿਸ਼ਾਂ ਜਾਨ ਜਹਾਨ ਕੂੜਾ,
ਕਿਹਾ ਆਜਜ਼ਾਂ ਦਾ ਹੀਏ ਧਾਰੀਏ ਜੀ।
ਪੈਰੀਂ ਪਾਇ ਜੰਜੀਰ ਬੇ ਖਾਹਿਸ਼ੀ ਦਾ,
ਇਸ ਨਫ਼ਸ ਨੂੰ ਕੈਦ ਕਰ ਡਾਰੀਏ ਜੀ।
ਜਾਣ ਜਾਣਦੀ ਨੂੰ ਜਾਣ ਰੂਪ ਤੇਰਾ,
ਬੁਲੇ ਸ਼ਾਹ ਇਹ ਖੁਸ਼ੀ ਗੁਜ਼ਾਰੀਏ ਜੀ।

ਸੰਤੋਖੀ ਤੇ ਬ੍ਰਹਮ ਗਿਆਨੀ ਹੀ ਪ੍ਰਮਾਤਮਾ ਨੂੰ ਪ੍ਰਾਪਤ ਕਰਦਾ ਹੈ। ਸੰਤੋਖ ਨਾਲ ਹੀ ਗਿਆਨ ਕਾਇਮ ਰਹਿੰਦਾ ਹੈ। ਝੂਠ ਨਹੀਂ ਬੋਲਣਾ, ਕਿਸੇ ਨਾਲ ਛਲ ਕਪਟ ਨਹੀਂ ਕਰਨਾ। ਵੱਢੀ ਨਹੀਂ ਲੈਣੀ। ਪ੍ਰਾਇਆ ਹੱਕ ਨਹੀਂ ਖਾਣਾ। ਕਿਸੇ ਨਾਲ ਵਾਦ-ਵਿਵਾਦ ਨਹੀਂ ਕਰਨਾ, ਇਹ ਗੱਲਾਂ ਚੰਗੇ ਜੀਵਨ ਲਈ ਜ਼ਰੂਰੀ ਹਨ। ਸੰਤਾਂ ਨਾਲ ਗੋਸ਼ਟ ਕਰਨ ਦੇ ਬਾਅਦ ਮੌਲਵੀ ਨੇ ਸ: ਨਿਹਾਲ ਸਿੰਘ ਨੂੰ ਜਾਕੇ ਦਸਿਆ ਕਿ ਮੈਂ ਬਹੁਤ ਸਾਰੇ ਮਤਾਂਮਤਾਤ੍ਰਾਂ ਦੇ ਸਾਧੂਆਂ ਫਕੀਰਾਂ ਨੂੰ ਮਿਲਦਾ ਰਿਹਾ ਹਾਂ, ਪਰ ਜੋ ਆਨੰਦ ਮੈਨੂੰ ਸੰਤ ਬਾਬਾ ਬੀਰ ਸਿੰਘ ਜੀ ਨਾਲ ਬਚਨ ਬਿਲਾਸ ਕਰਕੇ ਪ੍ਰਾਪਤ ਹੋਇਆ ਹੈ, ਉਹ ਕਿਤੋਂ ਨਹੀਂ ਮਿਲਿਆ। ਬਾਬਾ ਜੀ ਤਾਂ ਪ੍ਰਮੇਸ਼ਰ ਦਾ ਰੂਪ ਹਨ।

ਸੰਤ ਬਾਬਾ ਬੀਰ ਸਿੰਘ ਜੀ ਕਿਤਨੇ ਗਿਆਨਵਾਨ, ਬਿਬੇਕ ਬੁਧੀ ਵਾਲੇ ਅਤੇ ਸਮਦਰਸੀ ਸਨ, ਇਸ ਦਾ ਸਬੂਤ ਕਪੂਰਥਲੇ ਵਿਚ ਮੌਲਵੀ ਨਾਲ ਹੋਈ ਗਲਬਾਤ ਅਤੇ ਚਰਚਾ ਤੋਂ ਮਿਲਦਾ ਹੈ।

ਬਾਬਾ ਜੀ ਤਿੰਨ ਦਿਨ ਸ: ਨਿਹਾਲ ਸਿੰਘ ਕਪੂਰਥਲਾ ਪਾਸ ਰਹੇ। ਸ੍ਰਦਾਰ ਨੇ ਪ੍ਰਵਾਰ ਸਮੇਤ ਆਪ ਦੀ ਬੜੀ ਸੇਵਾ ਕੀਤੀ। ਸੰਗਤਾਂ ਨੇ ਦਰਸ਼ਨ ਦੀਦਾਰ ਅਤੇ ਆਤਮ ਵਿਚਾਰ ਕਰਕੇ ਬੜਾ ਲਾਭ ਪ੍ਰਾਪਤ ਕੀਤਾ।

ਇਕ ਦਿਨ ਰਾਜਾ ਨਿਹਾਲ ਸਿੰਘ ਨੇ ਬਾਬਾ ਜੀ ਤੋਂ ਪੁਛਿਆ—

"ਗੁਰੂ ਦੇ ਕੀ ਲਛਣ ਹਨ ਤੇ ਸਿਖੀ ਦੇ ਕੀ ਅਰਥ ਹਨ ?

ਬਾਬਾ ਜੀ—ਰਾਜਾ ਜੀ ! ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ੧੮ ਵੀਂ ਅਸਟਪਦੀ ਵਿਚ ਗੁਰੂ ਅਤੇ ਸਿੱਖ ਦੋਹਾਂ ਦੇ ਲਛਣ ਬਿਆਨ ਕੀਤੇ ਹਨ । ਮਹਾਰਾਜ ਪਹਿਲਾਂ ਗੁਰੂ ਦੇ ਲਛਣ ਦਸਦੇ ਹੋਏ ਫੁਰਮਾਉਂਦੇ ਹਨ—

ਸਲੋਕੁ ॥

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥

ਅਸਟਪਦੀ ॥

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇਇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥

ਸਿਖੀ ਦੇ ਲਛਣ ਗੁਰੂ ਦੇਵ ਨੇ ਇਉਂ ਵਰਣਨ ਕੀਤੇ ਹਨ—

(1) ਸਿਖੀ ਸਿਖਿਆ ਗੁਰ ਵੀਚਾਰ ॥
ਨਦਰੀ ਕਰਮ ਲੰਘਾਏ ਪਾਰ ॥
(2) ਗੁਰ ਕੇ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨਿ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥

ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥

ਬਾਬਾ ਜੀ ਨੇ ਸੁਖਮਨੀ ਸਾਹਿਬ ਦੀ ਇਸ ਅਸਟਪਦੀ ਵਿਚੋਂ ਗੁਰੂ ਅਤੇ ਸਿਖ ਦੇ ਲਛਣ ਬਿਆਨ ਕਰਨ ਦੇ ਨਾਲ ਜੋ ਰਸ ਦਾਇਕ ਤੇ ਭਾਵ ਪੂਰਤ ਵਿਆਖਿਆ ਕੀਤੀ, ਉਸਨੂੰ ਸੁਣਕੇ ਸ: ਨਿਹਾਲ ਸਿੰਘ ਬਹੁਤ ਪ੍ਰਸੰਨ ਹੋਏ ।

ਤੀਜੇ ਦਿਨ ਬਾਬਾ ਜੀ ਸਤਿਸੰਗੀਆਂ ਸਮੇਤ ਕਪੂਰਥਲੇ ਤੋਂ ਤੁਰਨ ਲਗੇ, ਸ: ਨਿਹਾਲ ਸਿੰਘ ਨੇ 500) ਰੁਪਏ ਦੀ ਥੈਲੀ ਤੇ ਇਕ ਸੁੰਦਰ ਘੋੜਾ ਸੁਨਹਿਰੀ ਕਾਠੀ ਸਮੇਤ ਭੇਟਾ ਕਰਕੇ ਬੜੇ ਪਰੇਮ ਅਤੇ ਸਤਿਕਾਰ ਨਾਲ ਆਪ ਨੂੰ ਵਿਦਾ ਕੀਤਾ ।

੮.

ਥਾਣੇਦਾਰ ਤੋਂ ਖੁਦਾ ਸਿੰਘ

"ਦਰਸ਼ਨ ਭੇਟਤ ਹੋਤ ਨਿਹਾਲ"

ਜਿਸ ਤਰ੍ਹਾਂ ਦੀਵੇ ਤੋਂ ਦੀਵਾ ਜਗਦਾ ਹੈ, ਇਸੇ ਤਰ੍ਹਾਂ ਜੀਵਨ ਤੋਂ ਜੀਵਨ ਬਣਦਾ ਹੈ। ਸਤ ਪੁਰਸ਼ ਪਾਰਸ ਵਾਂਗ ਹੁੰਦੇ ਹਨ, ਉਨ੍ਹਾਂ ਦੀ ਛੋਹ ਮਨੂਰ ਨੂੰ ਕੰਚਨ ਕਰ ਦਿੰਦੀ ਹੈ। ਪਾਰਸ ਤੇ ਸੰਤ ਵਿਚ ਇਤਨਾ ਹੀ ਫਰਕ ਹੈ ਕਿ ਪਾਰਸ ਲੋਹੇ ਜਾਂ ਕਿਸੇ ਧਾਂਤ ਨੂੰ ਕੰਚਨ ਕਰਦਾ ਹੈ, ਪਰ ਆਪਣੇ ਵਰਗਾ ਪਾਰਸ ਨਹੀਂ ਬਣਾ ਸਕਦਾ। ਸਤ ਪੁਰਸ਼ ਆਪਣੇ ਵਰਗੇ ਪੁਰਸ਼ ਪੈਦਾ ਕਰ ਸਕਦੇ ਹਨ।

ਈਸਾ ਨੇ ਪੀਟਰ ਨੂੰ ਮੱਛੀਆਂ ਫੜਦੇ ਵੇਖ ਕੇ ਕਿਹਾ ਸੀ—

"ਕੀ ਤੂੰ ਸਾਰੀ ਉਮਰ ਮੱਛੀਆਂ ਹੀ ਫ਼ੜਦਾ ਰਹੇਂਗਾ? ਆ ਮੈਂ ਤੈਨੂੰ ਮਨੁਖਾਂ ਦੇ ਫੜਨ ਵਾਲਾ ਮਾਛੀ ਬਣਾ ਦੇਵਾਂ।"

ਈਸਾ ਦਾ ਇਹ ਬਚਨ ਸੁਣਕੇ ਪੀਟਰ ਮੋਹਿਤ ਹੋ ਗਿਆ ਸੀ ਤੇ ਉਸਦੇ ਪਿਛੇ ਲਗ ਤੁਰਿਆ। ਇਕ ਮਾਛੀ ਤੋਂ ਸੇਂਟ ਪੀਟਰ ਬਣ ਗਿਆ।

ਠੀਕ ਇਸੇ ਤਰ੍ਹਾਂ ਸੰਤ ਬਾਬਾ ਬੀਰ ਸਿੰਘ ਜੀ ਨੇ ਆਪਣੀ ਚਰਨ ਛੋਹ ਨਾਲ ਜ਼ਿਲਾ ਕਰਨਾਲ ਦੇ ਇਕ ਪੁਲੀਸ ਥਾਣੇਦਾਰ ਜਸਵੰਤ ਸਿੰਘ ਨੂੰ ਬ੍ਰਹਮ ਗਿਆਨੀ ਪਰਮ ਸੰਤ, ਨਿਰਭੈ, ਨਿਰਵੈਰ ਅਤੇ ਮਸਤ ਲੋਕ ਬਣਾ ਦਿਤਾ, ਜੋ ਬਾਅਦ ਵਿਚ ਬਾਬਾ ਖੁਦਾ ਸਿੰਘ ਦੇ ਨਾਂ ਤੋਂ ਪ੍ਰਸਿਧ ਹੋਏ ਹਨ।

ਬਾਬਾ ਖੁਦਾ ਸਿੰਘ ਜੀ ਦਾ ਸੰਖੇਪ ਜੀਵਨ-ਚਰਿਤ੍ਰ ਇਸ ਪੁਸਤਕ ਦੇ ਅੰਤ ਵਿਚ ਦਿਤਾ ਗਿਆ ਹੈ, ਕਿਉਂਕਿ ਆਪ ਬਾਬਾ ਬੀਰ ਸਿੰਘ ਜੀ ਦੇ ਮੁਖੀ ਚਰਨ-ਸੇਵਕਾਂ ਵਿਚੋਂ ਇਕ ਸਨ, ਬਲਕਿ ਇਕ ਤਰ੍ਹਾਂ ਜਾਨਸ਼ੀਨ ਹੀ ਸਨ।

ਇਥੇ ਟੂਕ ਮਾਤਰ ਦਸਣਾ ਚਾਹੁੰਦੇ ਹਾਂ ਕਿ ਭਾਰਤ ਵਿਚੋਂ ਜਿਸ ਤਰ੍ਹਾਂ ਸਦੀਆਂ ਦੇ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕਰਕੇ ਪ੍ਰਦੇਸਾਂ ਵਿਚ ਪ੍ਰਚਾਰ ਕੀਤਾ, ਖਾਸ ਕਰ ਮੱਧ ਪੂਰਬ ਦੇ ਇਸਲਾਮੀ ਦੇਸਾਂ ਅਰਬ ਫਲਸਤੀਨ ਤੇ ਈਰਾਨ ਵਿਚ ਸਿੱਕਾ ਮਾਰਿਆ, ਇਸੇ ਤਰ੍ਹਾਂ ਗੁਰਸਿਖੀ ਦੇ ਪ੍ਰਚਾਰਕ ਤੇ ਕਰਨੀ ਵਾਲੇ ਸੰਤ ਬਾਬਾ ਬੀਰ ਸਿੰਘ ਜੀ ਤੋਂ ਵਰੋਸਾਏ ਹੋਏ ਜਸਵੰਤ ਸਿੰਘ ਉਰਫ ਬਾਬਾ ਖੁਦਾ ਸਿੰਘ ਨੇ ਸਰਹੱਦੀ ਇਲਾਕੇ, ਕਾਬਲ ਅਤੇ ਕੰਧਾਰ ਵਿਚ ਆਪਣੀ ਕਰਨੀ ਦਾ ਪਰਭਾਵ ਪਾਇਆ ਹੈ।

ਇਤਿਹਾਸਕਾਰ ਦਸਦੇ ਹਨ ਕਿ ਪ੍ਰਾਚੀਨ ਸਮੇਂ ਵਿਚ ਭਾਰਤ ਸਰਹੱਦੀ ਪਠਾਣ ਤੇ ਅਫਗਾਨਿਸਤਾਨ ਦੇ ਲੋਕ ਬੋਧੀ ਸਨ। ਪੁਰਾਤਨ ਗਰੰਥਾਂ ਵਿਚ ਪਸ਼ੌਰ ਦਾ ਨਾਂ "ਗੋਰਖ ਹਟੜੀ" ਵੀ ਮਿਲਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਸ ਇਲਾਕੇ ਤੇ ਜੋਗ ਮਤ ਦਾ ਵੀ ਅਸਰ ਰਿਹਾ। ਪਰ ਇਸਲਾਮ ਕਬੂਲਣ ਦੇ ਬਾਅਦ ਅਫ਼ਗਾਨਿਸਤਾਨ ਤੇ ਸਰਹੱਦੀ ਇਲਾਕੇ ਵਿਚੋਂ ਬੁਧ ਮਤ ਤੇ ਹਿੰਦੂ ਧਰਮ ਦੇ ਨਿਸ਼ਾਨ ਬਿਲਕੁਲ ਮਿਟਾ ਦਿਤੇ ਗਏ। ਇਸ ਲਈ ਭਾਰਤੀ ਸਾਧੂ ਸੰਤ ਇਸ ਇਲਾਕੇ ਨੂੰ "ਮਲੇਛ ਧਰਤੀ" ਕਹਿੰਦੇ ਸਨ। ਕਈ ਸਦੀਆਂ ਦੇ ਬਾਅਦ ਚੌਥੀ ਉਦਾਸੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੰਧਾਰ ਤੇ ਅਫਗਾਨਿਸਤਾਨ ਵਿਚ ਪ੍ਰਚਾਰ ਕੀਤਾ। ਛੇਵੇਂ ਤੇ ਸਤਵੇਂ ਸਤਿਗੁਰਾਂ ਦੇ ਸਮੇਂ ਭਾਈ ਗੋਂਦੇ ਨੇ ਕਾਬਲ ਵਿਚ ਅਸਰ ਪਾਇਆ। ਦਸਮ ਪਾਤਿਸ਼ਾਹ ਦੇ ਸਮੇਂ ਪਸ਼ੌਰ ਵਿਚ ਭਾਈ ਜੋਗਾ ਸਿੰਘ ਦਾ ਪ੍ਰਭਾਵ ਪਿਆ,

ਜਿਸ ਨੂੰ ਪਠਾਣ "ਜੋਗਨ ਸ਼ਾਹ" ਕਹਿੰਦੇ ਹਨ। ਸਿੱਖ ਰਾਜ ਦੇ ਅੰਤਮ ਦਿਨਾਂ ਵਿਚ ਬਾਬਾ ਬੀਰ ਸਿੰਘ ਜੀ ਦੇ ਸੇਵਕ ਬਾਬਾ ਖੁਦਾ ਸਿੰਘ ਜੀ ਨੇ ਅਸਰ ਪਾਇਆ। ਬਾਬਾ ਕਰਮ ਸਿੰਘ ਜੀ ਹੋਤੀਮਰਦਾਨ ਵਾਲੇ ਵੀ ਇਸ ਸ਼ਾਖ ਵਿਚ ਸ਼ਾਮਲ ਹੋਏ ਹਨ।

ਸੰਤ ਬਾਬਾ ਬੀਰ ਸਿੰਘ ਜੀ ਦੀ ਪਹਿਲੀ ਮੁਲਾਕਾਤ ਨੇ ਜਸਵੰਤ ਸਿੰਘ ਉਰਫ਼ ਬਾਬਾ ਖ਼ੁਦਾ ਸਿੰਘ ਤੇ ਕਿਸ ਤਰ੍ਹਾਂ ਪ੍ਰਭਾਵ ਪਾਇਆ ? ਇਸ ਦਾ ਸੰਖੇਪ ਵਰਣਨ ਕਰਦੇ ਹਾਂ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਵੇਰ ਬਾਬਾ ਬੀਰ ਸਿੰਘ ਜੀ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਮੈਨ ਦੁਆਬ ਦੇ ਇਲਾਕੇ ਵਿਚੋਂ ਜ਼ਿਲਾ ਕਰਨਾਲ ਦੇ ਇਕ ਨਗਰ ਕੁਰੜੀ ਵਿਖੇ ਪੁਜੇ। ਉਸ ਵਕਤ ਜਸਵੰਤ ਸਿੰਘ ਉਰਫ ਬਾਬਾ ਖੁਦਾ ਸਿੰਘ ਕੁਰੜੀ ਵਿਖੇ ਥਾਣੇਦਾਰ ਲਗੇ ਹੋਏ ਸਨ। ਆਪ ਬੜੇ ਚੰਗੇ ਗ੍ਰਿਹਸਤੀ ਦਲੇਰ ਤੇ ਲੋਕ ਸੇਵਾ ਕਰਨ ਵਾਲੇ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਬੜੀ ਮਿਠੀ ਸੁਰ ਵਿਚ ਕਰਦੇ ਸਨ।

ਬਾਬਾ ਬੀਰ ਸਿੰਘ ਜੀ ਅੰਮ੍ਰਿਤ ਵੇਲੇ ਇਸਨਾਨ ਕਰਕੇ ਕੁਰੜੀ ਦੀ ਧਰਮਸਾਲ ਵਿਚ ਚਲੇ ਗਏ। ਅਗੇ ਜਸਵੰਤ ਸਿੰਘ ਜੀ ਗੁਰਬਾਣੀ ਦਾ ਪਾਠ ਬੜੀ ਮਿਠੀ ਸੁਰ ਵਿਚ ਕਰ ਰਹੇ ਸਨ। ਬਾਬਾ ਜੀ ਪ੍ਰਕਰਮਾ ਕਰਕੇ ਤੇ ਮਥਾ ਟੇਕ ਕੇ ਬੈਠ ਗਏ। ਫਿਰ ਬਾਣੀ ਦਾ ਪਾਠ ਸੁਣਦੇ ਸੁਣਦੇ ਸਮਾਧੀ ਵਿਚ ਲੀਨ ਹੋ ਗਏ। ਹੋਰ ਸੰਗਤ ਵੀ ਰਸ ਵਿਚ ਮਗਨ ਹੋ ਗਈ।

ਜਸਵੰਤ ਸਿੰਘ ਜੀ ਨੇ ਪਾਠ ਦਾ ਭੋਗ ਪਾਇਆ ਤੇ ਆਕੇ ਸੰਤ ਬਾਬਾ ਬੀਰ ਸਿੰਘ ਜੀ ਦੇ ਚਰਨਾਂ ਤੇ ਮਥਾ ਟੇਕਿਆ ਤੇ ਕਹਿਣ ਲਗੇ, "ਮੇਰੇ ਧੰਨ ਭਾਗ ਹਨ ਕਿ ਆਪ ਦੇ ਦਰਸ਼ਨ ਹੋ ਗਏ ਹਨ।"

ਬਾਬਾ ਜੀ—"ਅਸੀਂ ਤੁਹਾਨੂੰ ਲੈਣ ਲਈ ਆਏ ਹਾਂ।"

ਇਹ ਬਚਨ ਕਰਕੇ ਇਸ ਤਰ੍ਹਾਂ ਮਿਲੇ ਜਿਵੇਂ ਕਿਸੇ ਬਹੁਤ ਪੁਰਾਣੇ ਵਾਕਫ ਤੇ ਪ੍ਰੇਮੀ ਨੂੰ ਮਿਲਦਾ ਹੈ।

ਜਸਵੰਤ ਸਿੰਘ ਬਾਬਾ ਜੀ ਨੂੰ ਪ੍ਰੇਮ ਨਾਲ ਘਰ ਲੈ ਗਏ। ਬੜੇ ਪਰੇਮ ਤੇ ਸ਼ਰਧਾ ਨਾਲ ਪ੍ਰਸ਼ਾਦ ਛਕਾਇਆ। ਫਿਰ ਆਪ ਦਾ ਸੀਤ ਪ੍ਰਸ਼ਾਦ ਛਕਿਆ। ਸਾਰੀ ਰਾਤ ਸਤਿਸੰਗ ਤੇ ਪਰਮਾਰਥ ਦੇ ਬਚਨ ਬਿਲਾਸ ਹੋਏ।

ਜਸਵੰਤ ਸਿੰਘ ਜੀ ਦੇ ਪਿਤਾ ਸ: ਨਥਾ ਸਿੰਘ ਨੇ ਬਾਬਾ ਜੀ ਨਾਲ ਗਲ ਬਾਤ ਕਰਦੇ ਹੋਏ ਕਿਹਾ—

"ਆਪ ਦੇ ਦਰਸ਼ਨ ਕਰਕੇ ਅਤੇ ਬਚਨ ਸੁਣ ਕੇ ਮਨ ਨੂੰ ਬੜੀ ਠੰਢ ਪਈ ਹੈ। ਆਪ ਵਰਗੇ ਸੰਤ ਵਿਰਲੇ ਹੀ ਮਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਹ ਵਾਕ ਆਪ ਲਈ ਠੀਕ ਢੁਕਦਾ ਹੈ—

ਜਿਹ ਕੁਲ ਸਾਧੁ ਬੈਸਨੋ ਹੋਇ ॥ ਬਰਨ ਅਬਰਨ* ਰੰਕੁ
ਨਹੀ ਈਸੁਰੁ† ਬਿਮਲ ਬਾਸੁ‡ ਜਾਨੀਐ ਜਗਿ ਸੋਇ ॥੧॥
ਰਹਾਉ ॥ ਬ੍ਰਾਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ
ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ ॥੧॥ ਧੰਨਿ ਸੁ ਗਾਉ ਧੰਨਿ
ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥ ਜਿਨਿ
ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ
ਡਾਰੇ ਬਿਖੁ ਖੋਇ ॥੨॥ ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰ ਨ ਕੋਇ ॥ ਜੈਸੇ ਪੁਰੈਨਪਾਤ ()
ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥
(ਬਿਲਾਵਲ) ॥੩॥੨॥)

ਬਾਬਾ ਜੀ ਨੇ ਉਤ੍ਰ ਦਿਤਾ—"ਭਾਈ ਨਥਾ ਸਿੰਘ ਜੀ! ਬਗਾਨੇ ਘਰ ਲਗੇ ਤਾਂ ਬੈਸੰਤਰ ਤੇ ਆਪਣੇ ਲਗੇ ਤਾਂ ਅੱਗ। ਤੁਸੀਂ ਦੂਜਿਆਂ ਨੂੰ ਸੰਤ ਸਾਧੂ ਵੇਖਕੇ ਤਾਂ ਚੰਗਾ ਕਹਿੰਦੇ ਹੋ ਪਰ ਪਤਾ ਤਾਂ

*ਊਚ ਨੀਚ। †ਕੰਗਾਲ ਤੇ ਰਾਜਾ। ‡ਨਿਰਮਲ ਸੁਗੰਧੀ।
() ਚੌਪਤੀ।

ਲਗੇ ਜੇ ਤੁਹਾਡਾ ਪੁਤਰ ਵੀ ਸਾਧੂ ਬਣ ਜਾਏ।"

ਜਿਸ ਤਰ੍ਹਾਂ ਚੁੰਬਕ ਲੋਹੇ ਨੂੰ ਖਿੱਚਦਾ ਹੈ, ਇਸੇ ਤਰ੍ਹਾਂ ਬਾਬਾ ਜੀ ਦੇ ਦਰਸ਼ਨ ਤੇ ਬਚਨਾਂ ਨੇ ਜਸਵੰਤ ਸਿੰਘ ਜੀ ਦੇ ਮਨ ਵਿਚ ਖਿੱਚ ਪਾਈ। ਸੰਗਤ ਤੇ ਜਸਵੰਤ ਸਿੰਘ ਜੀ ਦੇ ਪ੍ਰੇਮ ਕਰਕੇ ਬਾਬਾ ਜੀ ਦੋ ਮਹੀਨੇ ਲਗਾਤਾਰ ਕੁਰੜੀ ਵਿਚ ਰਹਿ ਕੇ ਪਵਿਤ੍ਰ ਉਪਦੇਸ਼ ਕਰਦੇ ਰਹੇ। ਛੇ ਮਹੀਨੇ ਬਾਅਦ ਫਿਰ ਦੂਜੀ ਵੇਰੀ ਕੁਰੜੀ ਗਏ।

ਕੁਰੜੀ ਦਾ ਇਕ ਜਗੀਰਦਾਰ ਭਾਈ ਦਇਆ ਸਿੰਘ ਵੀ ਬਾਬਾ ਜੀ ਦਾ ਸਤਿਸੰਗੀ ਸੀ। ਉਹ ਰੋਜ਼ ਆਪ ਨੂੰ ਆਪਣੇ ਖੂਹ ਤੇ ਲੈ ਜਾਂਦਾ। ਬੜੇ ਪਰੇਮ ਤੇ ਸ਼ਰਧਾ ਨਾਲ ਸੇਵਾ ਕਰਦਾ। ਮੱਕੀ ਦੀ ਰੋਟੀ, ਸਰੋਂ ਦਾ ਸਾਗ ਮਖਣ ਪਾ ਕੇ ਛਕਾਉਂਦਾ। ਕਦੀ ਮਿੱਠੇ ਗੰਨੇ ਚੂਪਣ ਲਈ ਹਾਜ਼ਰ ਕਰਦਾ।

ਇਕ ਦਿਨ ਗੋਸ਼ਟ ਕਰਦਿਆਂ ਭਾਈ ਦਇਆ ਸਿੰਘ ਨੇ ਬਾਬਾ ਜੀ ਤੋਂ ਪੁਛਿਆ—

"ਇਸ ਸੰਸਾਰ ਰੂਪੀ ਬ੍ਰਿਛ ਦਾ ਬੀਜ ਕੌਣ ਹੈ? ਇਹ ਕਿਥੋਂ ਉਤਪੰਨ ਹੋਇਆ ਹੈ? ਕਿਸ ਤਰ੍ਹਾਂ ਨਾਸ ਹੋਵੇਗਾ? ਇਹ ਦ੍ਰਿਸ਼ਟਮਾਨ ਜਗਤ ਕਿਸ ਵਿਚ ਸਥਿਰ ਹੈ ਜਾਂ ਟਿਕਿਆ ਹੋਇਆ ਹੈ?"

ਬਾਬਾ ਜੀ ਨੇ ਉਤਰ ਦਿਤਾ—ਇਹ ਜਗਤ ਕਰਤਾ ਪੁਰਖ ਦੀ ਰਚਨਾ ਹੈ। ਪ੍ਰਕਿਰਤੀ ਤੋਂ ਬਣਿਆ ਹੋਇਆ ਹੈ। ਮਨ ਦੀ ਵਾਸ਼ਨਾ ਕਰਕੇ ਸਤ ਪ੍ਰਤੀਤ ਹੁੰਦਾ ਹੈ। ਅਸਲ ਵਿਚ ਨਾਸ਼ਵੰਤ ਤੇ ਹਰ ਖਿਨ ਪਲ ਵਿਚ ਬਦਲਣਹਾਰ ਹੈ। ਕਰਮਾਂ ਦੇ ਜਾਲ ਨਾਲ ਇਹ ਬ੍ਰਿਛ ਵਧਦਾ ਹੈ। ਸੰਕਲਪ ਨਾਲ ਵਧ ਤੋਂ ਵਧ ਪ੍ਰਤੀਤ ਹੁੰਦਾ ਹੈ। ਬ੍ਰਹਮ ਗਿਆਨ ਨਾਲ ਇਸ ਦੀ ਅਸਲੀਅਤ ਦਾ ਪਤਾ ਲਗਦਾ ਹੈ। ਇਕ ਦਿਨ ਜਸਵੰਤ ਸਿੰਘ ਜੀ ਨਾਲ ਗਲ ਬਾਤ ਕਰਦੇ ਹੋਏ ਬਾਬਾ ਜੀ ਨੇ ਕਿਹਾ—

"ਅਸਾਂ ਦੋਹਾਂ ਨੇ ਗੁਰਮਤਿ ਅਨੁਸਾਰ ਨਾਮ ਦਾਨ ਇਸ਼ਨਾਨ ਦ੍ਰਿੜ ਕਰਾਉਣ ਲਈ ਜਨਮ ਲਿਆ ਹੈ। ਆਮ ਲੋਕੀਂ ਰਹੁ ਰੀਤਾ

ਨੂੰ ਛਡ ਕੇ ਹੋਰ ਪਾਸੇ ਪੈ ਗਏ ਹਨ । ਅਸੀਂ ਗੁਰਮਤਿ ਨੂੰ ਦ੍ਰਿੜ ਕਰਵਾਉਣਾ ਹੈ । ਤੁਹਾਨੂੰ ਹੁਣ ਇਸ ਕੰਮ ਲਈ ਤਿਆਰੀ ਕਰ ਲੈਣੀ ਚਾਹੀਦੀ ਹੈ ।

ਜਸਵੰਤ ਸਿੰਘ ਜੀ ਨੇ ਉਤਰ ਦਿਤਾ—"ਸਤ ਬਚਨ ।"

ਇਕ ਦਿਨ ਰਾਤ ਨੂੰ ਬਾਬਾ ਜੀ ਨੇ ਜਸਵੰਤ ਸਿੰਘ ਜੀ ਨਾਲ ਪਰਮਾਰਥ ਦੇ ਬਚਨ ਬਿਲਾਸ ਕੀਤੇ । ਪਿਛਲੀ ਰਾਤ ਉਠਕੇ ਭਾਈ ਦਇਆ ਸਿੰਘ ਦੇ ਖੂਹ ਉਤੇ ਗਏ । ਕੁਝ ਚਿਰ ਬਾਅਦ ਜਸਵੰਤ ਸਿੰਘ ਜੀ ਵੀ ਖੂਹ ਤੇ ਚਲੇ ਗਏ । ਉਸ ਵਕਤ ਦਇਆ ਸਿੰਘ ਕਹਿਣ ਲਗਾ ਕਿ ਬਾਬਾ ਜੀ ਰਾਤ ਇਸ ਖੂਹ ਤੇ ਮੇਰੇ ਪਾਸ ਰਹੇ ਹਨ । ਜਸਵੰਤ ਸਿੰਘ ਜੀ ਸਮਝਦੇ ਸਨ ਕਿ ਮੇਰੇ ਪਾਸ ਰਹੇ ਹਨ ।

ਬਾਬਾ ਜੀ ਦੀ ਸੰਗਤ ਕਰਕੇ ਅਤੇ ਉਪਦੇਸ਼ ਸੁਣਕੇ ਜਸਵੰਤ ਸਿੰਘ ਜੀ ਨੇ ਕੁਰੜੀ ਦੀ ਥਾਣੇਦਾਰੀ ਛਡ ਕੇ ਆਪਣੀ ਪਤਨੀ ਚੰਦ ਕੌਰ ਤੇ ਪੰਜ ਸਾਲ ਦੇ ਪੁਤਰ ਸਮੇਤ ਸੰਤਾਂ ਨਾਲ ਚਲਣ ਦੀ ਤਿਆਰੀ ਕਰ ਲਈ ।

ਬਾਬਾ ਜੀ ਨੇ ਕਿਹਾ—"ਅਸੀਂ ਹੁਣ ਚਲਦੇ ਹਾਂ, ਤੁਹਾਨੂੰ ਆਪੇ ਸੱਦ ਲਵਾਂਗੇ ।"

ਬਾਬਾ ਜੀ ਕੁਰੜੀ ਤੋਂ ਉਠ ਕੇ ਬਾਬਾ ਸਾਹਿਬ ਸਿੰਘ ਜੀ ਨੂੰ ਮਿਲਣ ਲਈ ਆ ਗਏ । ਜਸਵੰਤ ਸਿੰਘ ਜੀ ਥਾਣੇਦਾਰੀ ਦੇ ਕੰਮ ਵਿਚ ਰੁਝ ਗਏ । ਇਸ ਤਰ੍ਹਾਂ ਛੇ ਮਹੀਨੇ ਗੁਜ਼ਰ ਗਏ । ਉਡੀਕ ਕਰਦੇ ਸਨ ਕਿ ਬਾਬਾ ਜੀ ਕਦੋਂ ਸਦਣਗੇ ।

ਅਚਾਨਕ ਜਸਵੰਤ ਸਿੰਘ ਜੀ ਨੂੰ ਅੱਧ-ਸਰਿਤਾ (ਅਧੇ ਸਿਰ ਦਾ ਦਰਦ ਹੋ ਗਿਆ । ਆਪ ਦੀ ਪਤਨੀ ਨੇ ਕਿਹਾ—"ਬਾਬਾ ਜੀ ਨੇ ਆਪ ਨੂੰ ਸਦਿਆ ਹੈ । ਤੁਸੀਂ ਉਨ੍ਹਾਂ ਦੇ ਬਚਨ ਨੂੰ ਭੁਲ ਗਏ ਸੀ, ਇਸ ਲਈ ਇਹ ਪੀੜ ਹੋਈ ਹੈ, ਚਲੋ ਉਨ੍ਹਾਂ ਦੇ ਦਰਸ਼ਨ ਕਰਨ ਚਲੀਏ । ਉਨ੍ਹਾਂ ਨੇ ਅਰਦਾਸ ਕੀਤੀ, ਸਿਰ ਦਰਦ ਹਟ ਗਿਆ ।

ਜਸਵੰਤ ਸਿੰਘ ਜੀ ਥਾਣੇਦਾਰੀ ਛੱਡਕੇ ਆਪਣੀ ਪਤਨੀ ਚੰਦ ਕਰ ਤੇ ਪੰਜ ਸਾਲ ਦੇ ਪੁਤਰ ਨੂੰ ਲੈ ਕੇ ਊਨੇ ਵਲ ਤੁਰ ਪਏ। ਉਥੇ ਪੁਜ ਕੇ ਆਪ ਨੇ ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨ ਕੀਤੇ । ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਭਜਨ ਸਿਮਰਨ ਤੇ ਸਤਿਸੰਗ ਦਾ ਬੜਾ ਰੰਗ ਮਾਣਿਆ, ਬੜੀ ਨਿਸ਼ਕਾਮ ਸੇਵਾ ਕੀਤੀ। ਫਿਰ ਬਾਬਾ ਸਾਹਿਬ ਸਿੰਘ ਜੀ ਨੇ ਜਸਵੰਤ ਸਿੰਘ ਜੀ ਨੂੰ ਕਿਹਾ—

"ਹੁਣ ਤੁਸੀਂ ਬੀਰ ਸਿੰਘ ਜੀ ਪਾਸ ਨੌਰੰਗਾਬਾਦ ਚਲੇ ਜਾਓ।"

ਬਾਬਾ ਸਾਹਿਬ ਸਿੰਘ ਜੀ ਦਾ ਬਚਨ ਮੰਨਕੇ ਜਸਵੰਤ ਸਿੰਘ ਤੇ ਉਨ੍ਹਾਂ ਦੀ ਪਤਨੀ ਨੌਰੰਗਾਬਾਦ ਆ ਗਏ । ਭਗਤੀ ਤੇ ਵੈਰਾਗ ਦਾ ਜਜ਼ਬਾ ਦਿਨੋ ਦਿਨ ਵਧਦਾ ਗਿਆ । ਆਪ ਨੇ ਬਾਬਾ ਬੀਰ ਸਿੰਘ ਜੀ ਦੀ ਅਤੁਟ ਤੇ ਨਿਸ਼ਕਾਮ ਸੇਵਾ ਕੀਤੀ । ਅੰਮ੍ਰਿਤ ਵੇਲੇ ਬਾਬਾ ਜੀ ਦਾ ਇਸ਼ਨਾਨ ਕਰਵਾਉਂਦੇ ਸਨ । ਫਿਰ ਇਕਾਂਤ ਵਿਚ ਬੈਠ ਕੇ ਭਜਨ ਕਰਨਾ, ਦਿਨ ਚੜ੍ਹੇ ਲੰਗਰ ਦੀ ਸੇਵਾ ਕਰਨੀ। ਲੋੜਵੰਦਾਂ ਤੇ ਗਰੀਬਾਂ ਦੇ ਘਰਾਂ ਵਿਚ ਜਾ ਕੇ ਅੰਨ ਬਸਤ੍ਰਾਂ ਦੀ ਮਦਦ ਕਰਨੀ।

ਇਕ ਦਿਨ ਅੰਮ੍ਰਿਤ ਵੇਲੇ ਬਾਬਾ ਜੀ ਇਸ਼ਨਾਨ ਕਰਕੇ ਭਜਨ ਸਿਮਰਨ ਵਿਚ ਬੈਠੇ । ਉਹਨਾਂ ਦੇ ਲਾਗੇ ਜਸਵੰਤ ਸਿੰਘ ਜੀ ਵੀ ਬੈਠੇ ਹੋਏ ਸਨ। ਬਾਬਾ ਜੀ ਨੇ ਪ੍ਰਸੰਨ ਹੋ ਕੇ ਕਿਹਾ—

ਆਤਮਾ ਵਿਚਾਰ ਦੀ ਕੋਈ ਗਲ ਪੁਛਣੀ ਹੋਵੇ ਤਾਂ ਪੁਛ ਸਕਦੇ ਹੋ?"

ਜਸਵੰਤ ਸਿੰਘ ਨੇ ਹਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਮੈਨੂੰ ਪੰਚਾਂਗ ਯੋਗ ਦੀ ਬਿਧੀ ਸਮਝਾਓ । ਇਹ ਦਸੋ ਕਿ ਯੋਗ ਦਾ ਅਧਿਕਾਰੀ ਕੌਣ ਹੈ ? ਇਸ ਨਾਲ ਕਿਹੜੀ ਚੀਜ਼ ਦੀ ਪ੍ਰਾਪਤੀ ਹੁੰਦੀ ਹੈ ? ਯੋਗੀ ਮਰ ਕੇ ਕਿਥੇ ਪੁਜਦਾ ਹੈ ? ਗਿਆਨ ਮਾਰਗ ਤੇ ਯੋਗ ਵਿਚ ਕਿਤਨਾ ਕੁ ਭੇਦ ਹੈ ? ਕੀ ਗਿਆਨ ਤੇ ਯੋਗ ਦੋਹਾਂ ਦਾ ਅਧਿਕਾਰੀ ਇਕੋ ਪੁਰਸ਼ ਹੋ ਸਕਦਾ ਹੈ ?"

ਬਾਬਾ ਜੀ ਨੇ ਬੜੀ ਗੰਭੀਰਤਾ ਨਾਲ ਉਤਰ ਦਿਤਾ–"ਯੋਗ ਦੇ ਅਰਥ ਹਨ ਜੁੜਨਾ। ਯੋਗ ਦਰਸ਼ਨ ਅਨੁਸਾਰ ਚਿਤ ਬ੍ਰਿਤੀ ਦੇ ਰੋਕਣ ਜਾਂ ਨਿਰੋਧ ਦਾ ਨਾਂ ਯੋਗ ਹੈ। ਪਰ ਗੁਰਮਤਿ ਅਨੁਸਾਰ ਆਤਮਾ ਪ੍ਰਮਾਤਮਾ ਦੀ ਏਕਤਾ ਦਾ ਨਾਂ ਯੋਗ ਹੈ। ਸਾਡੇ ਸਤਿ-ਗੁਰੂਆਂ ਨੇ ਹਠ ਯੋਗ ਨਹੀਂ ਦਸਿਆ, ਸਹਿਜ ਯੋਗ ਜਾਂ ਰਾਜ ਯੋਗ ਦਸਿਆ ਹੈ। ਜਿਸ ਸਾਧਨ ਨਾਲ ਅਗਿਆਨ ਕ੍ਰਿਤ ਜੀਵ ਦਾ ਈਸ਼ਵਰ ਨਾਲ ਮਿਲਾਪ ਹੋ ਜਾਵੇ, ਉਸ ਸਾਧਨ ਦਾ ਨਾਂ ਯੋਗ ਹੈ। ਆਤਮ ਯੋਗ ਹੈ–ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਰੋਕ ਕੇ ਮਨ ਨੂੰ ਅੰਤਰਮੁਖੀ ਕਰਨਾ। ਯਮ, ਨਿਯਮਾਂ, ਪ੍ਰਾਣਾਯਮ, ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ ਆਦਿਕ ਸਾਧਨਾ ਨਾਲ ਨਿਰ-ਵਿਕਲਪ ਸਮਾਧੀ ਵਿਚ ਲੀਨ ਹੋਣਾ।

ਸਤਿਗੁਰੂਆਂ ਨੇ ਜੋ ਰਾਜ ਯੋਗ ਦਸਿਆ ਹੈ, ਉਹ ਹੈ–ਗਿਆਨ ਇੰਦ੍ਰੀਆਂ ਰਾਹੀਂ ਸਾਰੇ ਸਰੀਰਕ ਵਿਹਾਰ ਕਰਦੇ ਹੋਏ, ਤੁਰਦੇ ਫਿਰਦੇ ਸੁਤੇ ਜਾਗਦੇ, ਖਾਂਦੇ ਪੀਂਦੇ, ਹਾਸ ਬਿਲਾਸ ਤੇ ਜੰਗ ਜੁਧ ਕਰਦੇ ਹੋਏ ਵਾਸ਼ਨਾਂ ਨੂੰ ਰੋਕ ਕੇ ਮਨ ਨੂੰ ਸਵੈਸਰੂਪ ਅਰਥਾਤ ਪ੍ਰਮਾਤਮਾ ਵਿਚ ਜੋੜਨਾ ਤੇ ਲੀਨ ਕਰ ਦੇਣਾ।

ਇਸ ਯੋਗ ਨਾਲ ਮਨੁਖ ਦੇ ਪੂਰਬਲੇ ਸੰਚਤ ਕਰਮ ਦਗੰਧ (ਸੜ) ਜਾਂਦੇ ਹਨ। ਜਿਹੜੇ ਕਰਮ ਸਰੀਰ ਰਾਹੀਂ ਕਰੀਦੇ ਹਨ, ਉਨ੍ਹਾਂ ਦਾ ਜੀਵਾਤਮਾ ਨੂੰ ਕੋਈ ਸਪਰਸ਼ (ਛੋਹ ਨਹੀਂ ਹੁੰਦਾ) ਪ੍ਰਾਰਬਧ ਕਰਮ ਭੁਗਤਣ ਦੇ ਬਾਅਦ ਮੋਖਸ਼ ਦੀ ਤੇ ਪਾਰਬ੍ਰਹਮ ਪ੍ਰਾਪਤੀ ਹੁੰਦੀ ਹੈ। "ਯੋਗੀ ਸਚਖੰਡ ਵਿਚ ਪੁਜਦਾ ਹੈ। ਇਸ ਅਵਸਥਾ ਵਿਚ ਆਤਮਗਿਆਨ ਹੁੰਦਾ ਹੈ। ਇਸ ਯੋਗ ਦਾ ਅਧਿਕਾਰੀ ਗੁਰੂ ਦੀ ਸਿਖਿਆ ਲੈਕੇ ਉਸ ਦੀ ਕਮਾਈ ਕਰਨ ਵਾਲਾ ਹੋ ਸਕਦਾ ਹੈ।"

ਬਾਬਾ ਜੀ ਦੇ ਬਚਨ ਸੁਣਕੇ ਤੇ ਸੰਗਤ ਕਰਕੇ ਜਸਵੰਤ ਸਿੰਘ ਜੀ ਦੇ ਕਪਾਟ ਖੁਲ੍ਹ ਗਏ। ਉਹ ਭਗਤੀ ਤੇ ਸੇਵਾ ਵਿਚ ਮਗਨ ਰਹਿਣ ਲਗ ਪਏ।

ਇਕ ਦਿਨ ਜਸਵੰਤ ਸਿੰਘ ਜੀ ਨੇ ਬਾਬਾ ਜੀ ਨੂੰ ਪੁਛਿਆ-"ਜੀਭ ਤੇ ਇੰਦ੍ਰੀ ਦੇ ਰਸ ਬਹੁਤ ਪ੍ਰਬਲ ਹਨ। ਇਹਨਾਂ ਤੇ ਕਾਬੂ ਪਾਉਣ ਦਾ ਬਲ ਬਖਸ਼ੋ।"

ਬਾਬਾ ਜੀ ਨੇ ਉਤਰ ਦਿਤਾ—"ਭਜਨ ਸਿਮਰਨ, ਸਤਿਸੰਗ ਅਤੇ ਸੇਵਾ, ਆਤਮ ਵਿਚਾਰ, ਗਿਆਨ ਅਤੇ ਵੈਰਾਗ ਨਾਲ ਇਨ੍ਹਾਂ ਰਸਾਂ ਤੇ ਕਾਬੂ ਪਾ ਸਕੀਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜਾਂ ਵਿਕਾਰਾਂ ਤੇ ਕਾਬੂ ਪਾ ਲਈਦਾ ਹੈ।

ਉਚੀ ਸੁਰਤ, ਪਵਿਤ੍ਰ ਅਚਾਰਨ, ਨਿਸਕਾਮ ਸੇਵਾ ਤੇ ਸਾਧਨਾ ਵਿਚ ਨਿਪੁੰਨ ਵੇਖ ਕੇ ਇਕ ਦਿਨ ਸਤ ਬਾਬਾ ਬੀਰ ਸਿੰਘ ਜੀ ਨੇ ਜਸਵੰਤ ਸਿੰਘ ਜੀ ਨੂੰ ਸੰਬੋਧਨ ਕਰਕੇ ਕਿਹਾ—

"ਤੁਹਾਡੀ ਘਾਲ ਥਾਂ ਪਈ ਹੈ। ਜਾਓ ਹੁਣ ਫਿਰ ਕੇ ਸਤ ਧਰਮ ਦਾ ਪ੍ਰਚਾਰ ਕਰੋ। ਤੁਹਾਨੂੰ ਕਿਸੇ ਚੀਜ਼ ਦੀ ਤੋਟ ਨਹੀਂ ਆਵੇਗੀ।" ਬਾਬਾ ਜੀ ਦੀ ਇਹ ਅਸ਼ੀਰਵਾਦ ਲੈ ਕੇ ਜਸਵੰਤ ਸਿੰਘ ਜੀ ਸਾਧੂ ਬਣੇ ਵਿਚ ਪ੍ਰਚਾਰ ਲਈ ਤੁਰ ਪਏ। ਨੌਰੰਗਾਬਾਦ ਤੋਂ ਚਲ ਕੇ ਅੰਮ੍ਰਿਤਸਰ ਪੁਜੇ।

ਫਿਰ ਪੋਠੋਹਾਰ ਵਿਚ ਉਪਦੇਸ਼ ਕਰਦੇ ਹੋਏ ਅਟਕ ਪਾਰ ਕਰਕੇ ਪਸ਼ੌਰ ਵਿਚ ਜਾ ਬਿਰਾਜੇ। ਪਸ਼ੌਰ ਤੋਂ ਚਲ ਕੇ ਆਪ ਕਾਬਲ ਤੇ ਅਫਗਾਨਿਸਤਾਨ ਵਿਚ ਵਿਚਰੇ। ਬਲਖ ਤੇ ਬੁਖਾਰੇ ਤੀਕ ਗਏ। ਕਾਬਲ ਵਿਚ ਹੀ ਆਪ ਦਾ ਨਾਂ ਜਸਵੰਤ ਸਿੰਘ ਦੀ ਬਜਾਏ ਖੁਦਾ ਸਿੰਘ ਪ੍ਰਚਲਤ ਹੋਇਆ।

ਸੰਤ ਬਾਬਾ ਬੀਰ ਸਿੰਘ ਜੀ ਦੀ ਸੰਗਤ, ਸੇਵਾ ਤੇ ਚਰਨ ਛੋਹ ਨਾਲ ਪੁਲੀਸ ਦੇ ਇਕ ਥਾਣੇਦਾਰ ਜਸਵੰਤ ਸਿੰਘ ਜੀ, ਜਿਨ੍ਹਾਂ ਦਾ ਵਾਹ ਸਾਰੀ ਉਮਰ ਮੁਜਰਮਾਂ ਨਾਲ ਪੈਣਾ ਸੀ, ਬਾਬਾ ਖੁਦਾ ਸਿੰਘ ਜੀ ਬਣ ਗਏ। ਉਨ੍ਹਾਂ ਦਾ ਜੀਵਨ ਰੂਹਾਨੀ ਮਸਤੀ ਤੇ ਵਜਦ ਨਾਲ ਭਰਪੂਰ ਹੋ ਗਿਆ।

—o—

੯.

ਸਿਦਕ ਅਤੇ ਲੰਗਰ ਦੀ ਸੇਵਾ

ਇਕ ਵੇਰ ਬਾਬਾ ਬੀਰ ਸਿੰਘ ਸਿੰਘ ਜੀ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਦੇ ਦਰਸ਼ਨ ਲਈ ਗਏ । ਉਥੇ ਬੜੇ ਪ੍ਰੇਮ ਨਾਲ ਸੇਵਾ ਕਰਦੇ ਰਹੇ । ਜਦ ਤੁਰਨ ਲਗੇ ਤਾਂ ਬਾਬਾ ਭਾਗ ਸਿੰਘ ਜੀ ਨੇ ਇਕ ਸੁੰਦਰ ਘੋੜਾ ਤੇ ਇਕ ਟੋਕਰਾ ਕੰਧਾਰੀ ਅਨਾਰਾਂ ਦਾ ਦੇ ਕੇ ਕਿਹਾ—

"ਸਾਡੇ ਵਲੋਂ ਇਹ ਭੇਟਾ ਬਾਬਾ ਸਾਹਿਬ ਸਿੰਘ ਜੀ ਦੀ ਸੇਵਾ ਵਿਚ ਪੁਚਾ ਦੇਣੀ ।

ਆਪ ਨੇ ਅਨਾਰਾਂ ਦਾ ਟੋਕਰਾ ਸਿਰ ਉਤੇ ਚੁਕ ਲਿਆ ਅਤੇ ਘੋੜੇ ਦੀ ਵਾਗ ਫੜ ਲਈ ਅਤੇ ਕੁਰੀ ਤੋਂ ਚਲ ਪਏ । ਕਹਿੰਦੇ ਹਨ ਕਿ ਅਨਾਰਾਂ ਦਾ ਟੋਕਰਾ ਸਿਰ ਤੋਂ ਲਾਹ ਕੇ ਨਾ ਰਖਣ, ਤਾਂ ਕਿ ਅਨਾਰਾਂ ਨੂੰ ਕਿਤੇ ਜ਼ਰਬ ਨਾ ਲਗ ਜਾਏ । ਜਦ ਆਪ ਲੰਮਾ ਪੰਧ ਕਰਕੇ ਬਾਬਾ ਸਾਹਿਬ ਸਿੰਘ ਜੀ ਦੀ ਸੇਵਾ ਵਿਚ ਪੁਜੇ ਤਾਂ ਉਹ ਬੜੇ ਪ੍ਰਸੰਨ ਹੋਏ । ਉਨ੍ਹਾਂ ਨੇ ਕਿਹਾ—

"ਆਪ ਨੇ ਬੜੀ ਖੇਚਲ ਕੀਤੀ ਹੈ, ਏਨੀ ਦੂਰੋਂ ਸਾਡੇ ਲਈ ਅਨਾਰ ਚੁਕ ਕੇ ਲਿਆਏ ਹੋ ।"

ਬਾਬਾ ਬੀਰ ਸਿੰਘ—"ਮਹਾਰਾਜ ! ਸੇਵਕ ਨੇ ਤਾਂ ਸੇਵਾ ਕਰਨੀ ਹੈ । ਇਸ ਨਾਲ ਤਾਂ ਮਨ ਦੀ ਮੈਲ ਕੱਟੀ ਜਾਂਦੀ ਹੈ ।"

ਕੁਝ ਦਿਨ ਊਨੇ ਵਿਚ ਨਿਵਾਸ ਕਰਕੇ ਆਪ ਫਿਰ ਨੌਰੰਗਾਬਾਦ ਪੁਜ ਗਏ ।

ਪਿਛੇ ਦਸ ਆਏ ਹਾਂ ਕਿ ਬਾਬਾ ਜੀ ਦਾ ਲੰਗਰ ਅਤੁਟ ਚਲਦਾ ਸੀ। ਉਸ ਵਿਚ ਹਜ਼ਾਰਾਂ ਆਦਮੀ ਹਰ ਰੋਜ ਬਿਨਾਂ ਕਿਸੇ ਭਰਮ ਭੇਦ ਦੇ ਪ੍ਰਸ਼ਾਦ ਛਕਦੇ ਸਨ। ਬਾਬਾ ਜੀ ਦਾ ਲਾਂਗਰੀਆਂ ਨੂੰ ਹੁਕਮ ਸੀ ਕਿ ਜਿਸ ਵਕਤ ਕੋਈ ਸਾਧੂ ਅਭਿਆਗਤ ਜਾਂ ਰਾਹੀ ਆਵੇ, ਉਸ ਨੂੰ ਪ੍ਰਸ਼ਾਦ ਛਕਾਇਆ ਜਾਵੇ। ਕੋਈ ਪ੍ਰਾਣੀ ਦਰਸ਼ਨ ਕਰਨ ਆਇਆ ਭੁਖਾ-ਤਿਹਾਇਆ ਨਹੀਂ ਜਾਣਾ ਚਾਹੀਦਾ।

ਇਤਿਹਾਸਕਾਰ ਲਿਖਦੇ ਹਨ ਕਿ ਇਕ ਰਾਤ ਸੰਗਤ ਬਹੁਤ ਆ ਗਈ। ਤਿਆਰ ਕੀਤਾ ਹੋਇਆ ਸਾਰਾ ਲੰਗਰ ਸੰਗਤ ਨੇ ਛਕ ਲਿਆ। ਬਾਕੀ ਕੁਝ ਨਾ ਬਚ ਸਕਿਆ।

ਬਾਬਾ ਜੀ ਦੇ ਲੰਗਰ ਵਿਚ ਦੋ ਸੇਵਾਦਾਰ ਸਨ-ਸੰਤ ਬਲਾਕਾ ਸਿੰਘ ਤੇ ਗੁਲਾਬ ਸਿੰਘ ਉਹਨਾਂ ਨੇ ਆਟਾ ਗੁੰਨ੍ਹ ਕੇ ਫਿਰ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿਤਾ। ਉਤੋਂ ਅਧੀ ਰਾਤ ਹੋ ਗਈ। ਕਿਸੇ ਪਰੇਮੀ ਨੇ ਉਨ੍ਹਾਂ ਨੂੰ ਪੁਛਿਆ—"ਇਸ ਵਕਤ ਅਧੀ ਰਾਤ ਨੂੰ ਲੰਗਰ ਪਕਾਉਣ ਦੀ ਕੀ ਲੋੜ ਪੈ ਗਈ ?

ਸੰਤ ਬਲਾਕਾ ਸਿੰਘ ਤੇ ਸੰਤ ਗੁਲਾਬ ਸਿੰਘ ਨੇ ਹਥ ਜੋੜ ਕੇ ਉਤਰ ਦਿਤਾ—

"ਸਾਰੀ ਸੰਗਤ ਨੇ ਤਾਂ ਲੰਗਰ ਛੱਕ ਲਿਆ ਹੈ, ਪਰ ਇਸ ਡੇਰੇ ਦੇ ਆਸਰੇ ਜਿਹੜੇ ਕੁਤੇ ਤੇ ਜਾਨਵਰ ਰਹਿੰਦੇ ਹਨ, ਉਹਨਾਂ ਨੂੰ ਭੋਜਨ ਨਹੀਂ ਮਿਲਿਆ। ਗੁਰੂ ਕੇ ਲੰਗਰ ਦੇ ਆਸਰੇ ਰਹਿਣ ਵਾਲੇ ਕੁੱਤੇ ਵੀ ਤਾਂ ਰਾਤ ਨੂੰ ਭੁਖੇ ਨਹੀਂ ਰਹਿਣੇ ਚਾਹੀਦੇ। ਇਹ ਲੰਗਰ ਉਨ੍ਹਾਂ ਲਈ ਤਿਆਰ ਹੋ ਰਿਹਾ ਹੈ।"

ਇਸ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਬਾਬਾ ਜੀ ਦੇ ਮਨ ਵਿਚ ਕਿਤਨਾ ਸੇਵਾ ਤੇ ਦਇਆ ਭਾਵ ਸੀ।

ਕਈ ਅਸਥਾਨਾਂ ਵਿਚ ਜਾਣੂਆਂ ਜਾਂ ਡੇਰੇ ਦੇ ਵਸਨੀਕਾਂ ਨੂੰ ਚੰਗਾ ਪ੍ਰਸ਼ਾਦ ਛਕਾਇਆ ਜਾਂਦਾ ਹੈ ਅਤੇ ਆਮ ਸੰਗਤ ਨੂੰ ਸਾਧਾਰਨ ਭੋਜਨ ਦਿਤਾ ਜਾਂਦਾ ਹੈ। ਬਾਬਾ ਜੀ ਦੇ ਲੰਗਰ ਵਿਚ

ਵਧ ਤੋਂ ਵਧ ਚੰਗੇ ਪਦਾਰਥ ਵੀ ਬਣਦੇ ਸਨ ਪਰ ਲੰਗਰ ਵਿਚ ਵਿਤਕਰਾ ਕੋਈ ਨਹੀਂ ਸੀ।

ਆਪ ਦੀ ਲਾਂਗਰੀਆਂ ਨੂੰ ਹਦਾਇਤ ਸੀ ਕਿ ਉਹ ਗੁਰੂ ਕੇ ਲੰਗਰ ਦੀ ਕੋਈ ਚੀਜ਼ ਚੋਰੀ ਨਾ ਖਾਣ। ਸਾਰੀ ਸੰਗਤ ਵਿਚ ਵੰਡ ਕੇ ਛਕਣ।

ਰਵਾਇਤ ਹੈ ਕਿ ਇਕ ਦਿਨ ਕੋਈ ਪ੍ਰੇਮੀ ਲੰਗਰ ਵਾਸਤੇ ਘਿਉ ਦਾ ਇਕ ਕੂਜਾ ਲਿਆਇਆ। ਲਾਂਗਰੀ ਨੇ ਲੈ ਲਿਆ। ਪਰ ਲੰਗਰ ਵਿਚ ਵਰਤਣ ਦੀ ਥਾਂ ਆਪਣੇ ਖਾਣ ਲਈ ਵਖਰਾ ਰਖ ਲਿਆ। ਲਾਂਗਰੀ ਹੌਲੀ ਹੌਲੀ ਸਾਰਾ ਘਿਉ ਖਾ ਗਿਆ। ਕਹਿੰਦੇ ਹਨ ਕਿ ਉਸ ਲਾਂਗਰੀ ਦੇ ਸਰੀਰ ਉਤੇ ਬੜੇ ਫੜ ਫਿਨਸੀਆਂ ਨਿਕਲ ਆਏ। ਉਹ ਬਹੁਤ ਦੁਖੀ ਹੋ ਕੇ ਇਕ ਦਿਨ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਕਹਿਣਾ ਲਗਾ—

"ਮਹਾਰਾਜ ! ਆਪ ਕਈ ਲੋਕਾਂ ਦੇ ਸਰੀਰਕ ਤੇ ਮਾਨਸਕ ਰੋਗ ਦੂਰ ਕਰਦੇ ਹੋ। ਮੈਂ ਕਈ ਸਾਲਾਂ ਤੋਂ ਆਪ ਦੇ ਲੰਗਰ ਦੀ ਸੇਵਾ ਕਰਦਾ ਹਾਂ, ਮੇਰਾ ਸਰੀਰ ਫੋੜੇ ਫਿਨਸੀਆਂ ਨਾਲ ਬੜਾ ਦੁਖੀ ਹੋ ਰਿਹਾ ਹੈ, ਮੇਰੇ ਤੇ ਵੀ ਕ੍ਰਿਪਾ ਦ੍ਰਿਸ਼ਟੀ ਕਰਕੇ ਦੁਖ ਨਵਿਰਤ ਕਰੋ।"

ਕੁਝ ਚਿਰ ਬਾਬਾ ਜੀ ਚੁਪ ਰਹੇ। ਇਉਂ ਜਾਪਦਾ ਸੀ ਕਿ ਅੰਤ੍ਰ ਧਿਆਨ ਹੋਕੇ ਕੁਝ ਸੋਚ ਰਹੇ ਹਨ। ਲਾਂਗਰੀ ਨੂੰ ਕਹਿਣ ਲਗੇ—"ਤੂੰ ਲੋਭ ਕਰਕੇ ਲੰਗਰ ਦੀ ਚੜ੍ਹਤ ਦਾ ਘਿਉ, ਗੁੜ, ਮਿਠਾ ਜਾਂ ਹੋਰ ਕੋਈ ਪਦਾਰਥ ਚੋਰੀ ਤੇ ਨਹੀਂ ਖਾ ਲਿਆ ?"

ਲਾਂਗਰੀ ਨੂੰ ਚੋਰੀ ਘਿਉ ਦਾ ਕੂਜਾ ਖਾਣ ਦਾ ਚੇਤਾ ਆ ਗਿਆ। ਹਥ ਜੋੜ ਕੇ ਕਹਿਣ ਲਗਾ—

"ਜੀ, ਮੈਥੋਂ ਇਕ ਭੁਲ ਹੋ ਗਈ ਹੈ। ਕੁਝ ਦਿਨ ਹੋਏ,ਇਕ ਪ੍ਰੇਮੀ ਲੰਗਰ ਲਈ ਘਿਉ ਦਾ ਕੂਜਾ ਲਿਆਇਆ ਸੀ। ਉਹ ਘਿਉ ਬਹੁਤ ਖਾਲਸ, ਖੁਸ਼ਬੂਦਾਰ ਕੇ ਕੇਸਰ ਵਰਗਾ ਸੀ। ਮੇਰਾ ਖਾਣ ਤੇ

ਜੀਅ ਕਰ ਆਇਆ। ਉਹ ਘਿਉ ਮੈਂ ਸੰਗਤ ਤੋਂ ਚੋਰੀ ਖਾਂਦਾ ਰਿਹਾ ਹਾਂ।"

ਬਾਬਾ ਜੀ ਹੱਸ ਪਏ ਕਹਿਣ ਲਗੇ-"ਪੜਤਾਲ ਕਰੋ ਕਿ ਉਹ ਘਿਉ ਕਿਸੇ ਪਰੇਮੀ ਨੇ ਫੋੜੇ ਫਿਨਸੀਆਂ ਦੀ ਨਵਿਰਤੀ ਲਈ ਸੁਖਣਾ ਦੇ ਤੌਰ ਤੇ ਤਾਂ ਨਹੀਂ ਸੀ ਚੜ੍ਹਾਇਆ ?"

ਜਦ ਪੜਤਾਲ ਕੀਤੀ ਗਈ ਤਾਂ ਪਤਾ ਲਗਾ ਕਿ ਜਿਸ ਆਦਮੀ ਨੇ ਘਿਉ ਚੜ੍ਹਾਇਆ ਸੀ, ਉਸ ਨੂੰ ਵਾਕਈ ਫੋੜੇ ਫਿਨਸੀਆਂ ਨਿਕਲੇ ਸਨ, ਜਿਨ੍ਹਾਂ ਦੀ ਨਵਿਰਤੀ ਲਈ ਉਸ ਨੇ ਗੁਰੂ ਕੇ ਲੰਗਰ ਲਈ ਘਿਉ ਦੀ ਸੁਖਣਾ ਸੁਖੀ ਸੀ।

ਬਾਬਾ ਜੀ ਨੇ ਲਾਂਗਰੀ ਨੂੰ ਸਦਿਆ ਤੇ ਬਚਨ ਕੀਤਾ—

"ਲਾਂਗਰੀ ਸਿੰਘ ਜੀ ! ਜੇ ਤੁਸੀਂ ਉਹ ਘਿਉ ਸਾਰੀ ਸੰਗਤ ਵਿਚ ਵੰਡ ਕੇ ਛਕਦੇ ਤਾਂ ਤੁਹਾਡੇ ਇਕ ਅੱਧ ਫੋੜਾ ਹਿਸੇ ਆਉਣਾ ਸੀ। ਤੁਸੀ ਲਾਲਚ ਕਰਕੇ ਫੋੜਿਆਂ ਦੀ ਸੁਖਣਾ ਦਾ ਸਾਰਾ ਘਿਉ ਚੋਰੀ ਆਪ ਹੀ ਖਾ ਲਿਆ ਹੈ, ਇਸ ਲਈ ਸਾਰੇ ਫੋੜੇ ਤੁਹਾਨੂੰ ਹੀ ਨਿਕਲ ਆਏ ਹਨ।"

ਇਹ ਸੁਣ ਕੇ ਲਾਂਗਰੀ ਬਹੁਤ ਸ਼ਰਮਿੰਦਾ ਹੋ ਗਿਆ। ਉਸ ਨੇ ਪ੍ਰਣ ਕੀਤਾ ਕਿ ਅਗੋਂ ਲਈ ਮੈਂ ਲੰਗਰ ਨਮਿਤ ਆਈ ਹੋਈ ਕੋਈ ਚੀਜ਼ ਨਹੀਂ ਖਾਵਾਂਗਾ।

ਬਾਬਾ ਜੀ ਨੇ ਸਾਰੀ ਸੰਗਤ ਤੇ ਡੇਰੇ ਦੇ ਸੇਵਕਾਂ ਨੂੰ ਉਪਦੇਸ਼ ਕਰਦੇ ਹੋਇਆ ਕਿਹਾ—

ਸਤੀ ਦੇਇ ਸੰਤੋਖੀ ਖਾਇ ॥
ਤਉ ਨਾਨਕ ਦਰ ਦੀਦਾਰ ਸਮਾਇ ॥

ਭਾਵ—ਦੇਣ ਵਾਲਾ ਸਤੀ ਹੋਵੇ, ਧਰਮ ਦੀ ਕਿਰਤ ਕਰਕੇ ਗੁਰੂ ਕੇ ਨਮਿਤ ਦੇਵੇ ਅਤੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਵਾਲਾ ਸੰਤੋਖੀ ਹੋਵੇ। ਉਹ ਲੋਭ ਕਰਕੇ ਚੜ੍ਹਤ ਦਾ ਕੋਈ ਪਦਾਰਥ ਨਾ ਛਕੇ, ਉਸ ਹਾਲਤ ਵਿਚ ਦੇਣ ਵਾਲਾ

ਅਤੇ ਛਕਣ ਵਾਲਾ ਵਾਹਿਗੁਰੂ ਦੇ ਦਰ ਉਤੇ ਪ੍ਰਵਾਨ ਹੁੰਦੇ
ਹਨ । ਉਸਦੇ ਦੀਦਾਰ ਨੂੰ ਪ੍ਰਾਪਤ ਕਰਦੇ ਹਨ ।

ਜਿਹੜੇ ਲੋਕ ਗੁਰਦਵਾਰਿਆਂ ਤੇ ਮੰਦਰਾਂ ਦੇ ਲੰਗਰਾਂ ਵਿਚ
ਬੈਠ ਕੇ ਲਾਲਚ ਕਰਕੇ ਚੜ੍ਹਤ ਦੇ ਪਦਾਰਥ ਖਾਣਗੇ, ਉਨ੍ਹਾਂ ਦਾ
ਮਨ ਮਲੀਨ ਤੇ ਤਨ ਰੋਗੀ ਹੋਣਗੇ । ਕਹਾਵਤ ਹੈ–

"ਜੈਸਾ ਅੰਨ ਵੈਸਾ ਮਨ"

ਜਿਸ ਤਰ੍ਹਾਂ ਦੀ ਕਿਸੇ ਦੀ ਚੰਗੀ ਮੰਦੀ ਕਮਾਈ ਹੁੰਦੀ ਹੈ,
ਉਸ ਦੇ ਖਾਣ ਨਾਲ ਮਨ ਉਤੇ ਉਹੋ ਜਿਹਾ ਅਸਰ ਪੈਂਦਾ ਹੈ ।

ਜਿਸ ਭਾਵਨਾ ਨਾਲ ਕੋਈ ਚੜ੍ਹਤ ਚੜ੍ਹਾਉਂਦਾ ਹੈ, ਉਸ ਦੇ
ਖਾਣ ਵਾਲੇ ਦੇ ਮਨ ਉਤੇ ਉਹੋ ਜਿਹਾ ਅਸਰ ਪੈਂਦਾ ਹੈ ।
ਇਸ ਲਈ ਪੂਜਾ ਜਾਂ ਚੜ੍ਹਤ ਚੋਰੀ ਨਹੀਂ ਖਾਣੀ ਚਾਹੀਦੀ ।
ਫਿਰ ਭਜਨ ਤੇ ਸੇਵਾ ਕਰਨੀ ਚਾਹੀਦੀ ਹੈ, ਜਿਸ ਨਾਲ
ਮਨ ਤੇ ਤਨ ਅਰੋਗ ਰਹਿ ਸਕਦੇ ਹਨ ।

ਹਰ ਗ੍ਰਿਹਸਤੀ ਨੂੰ ਸਤ ਧਰਮ ਦੀ ਕਿਰਤ ਕਰਕੇ
ਉਸ ਵਿਚੋਂ ਗੁਰੂ ਕਾ ਦਸਵੰਧ ਦੇਣਾ ਚਾਹੀਦਾ ਹੈ । ਪਰ
ਉਸਦਾ ਅਭਿਮਾਨ ਨਹੀਂ ਕਰਨਾ ਚਾਹੀਦਾ । ਸਤਿਗੁਰਾਂ ਦਾ
ਹੁਕਮ ਹੈ ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨੁ ॥
ਨਾਨਕ ਨਿਹਫਲ ਜ਼ਾਤ ਤਿਹਿ ਜਿਉ ਕੁੰਚਰ ਇਸਨਾਨੁ ॥
(ਸਲੋਕ ਮ: ੯–੪੬)

ਸਾਧੂ ਤੇ ਅਭਿਆਗਤ ਨੂੰ ਭਜਨ ਤੇ ਸੇਵਾ ਕਰਕੇ
ਗ੍ਰਿਹਸਤੀ ਦਾ ਅੰਨ ਖਾਣਾ ਚਾਹੀਦਾ ਹੈ । ਇਸ ਨਾਲ
ਦੋਹਾਂ ਦਾ ਭਲਾ ਹੁੰਦਾ ਹੈ ।

੧੦.

ਲਾਹੌਰ ਦਰਬਾਰ ਦੀ ਹਾਲਤ

ਸ਼ੇਰੇ ਪੰਜਾਬ ਦੇ ਵੰਸ਼ ਦੀ ਤਬਾਹੀ

ਪਿਛੇ ਅਸੀਂ ਸੰਤ ਬਾਬਾ ਬੀਰ ਸਿੰਘ ਜੀ ਦੇ ਧਾਰਮਿਕ ਤੇ ਪਵਿੱਤ੍ਰ ਜੀਵਨ, ਇਖ਼ਲਾਕੀ ਗੁਣਾਂ, ਨਿਸ਼ਕਾਮ ਸੇਵਾ ਅਤੇ ਸਿੱਖੀ ਉਤੇ ਉਨ੍ਹਾਂ ਦੇ ਮਹਾਨ ਪ੍ਰਭਾਵ ਦਾ ਜ਼ਿਕਰ ਕਰ ਆਏ ਹਾਂ। ਹੁਣ ਉਸ ਸਮੇਂ ਲਾਹੌਰ ਦਰਬਾਰ ਤੇ ਪੰਜਾਬ ਦੀ ਜੋ ਪੁਲੀਟੀਕਲ ਹਾਲਤ ਸੀ, ਉਸਦਾ ਵਰਣਨ ਕਰਨਾ ਚਾਹੁੰਦੇ ਹਾਂ, ਜਿਸ ਨੂੰ ਬਦਲਣ ਲਈ ਬਾਬਾ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਰਾਜਸੀ ਦੂਰ ਅੰਦੇਸ਼ੀ, ਸਿਆਣਪ, ਅਦੁਤੀ ਸੂਰਬੀਰਤਾ, ਬਾਹੂਬਲ ਤੇ ਡਿਪਲੋਮੇਸੀ ਨਾਲ ਪੰਜਾਬ ਵਿਚ ਚਾਲੀ ਸਾਲ ਰਾਜ ਕੀਤਾ। ਉਸ ਦੇ ਰਾਜ ਦੀਆਂ ਹੱਦਾਂ ਕਾਬਲ, ਕੰਧਾਰ, ਤਿੱਬਤ, ਚੀਨ ਅਤੇ ਸਿੰਧ ਨਾਲ ਲਗਦੀਆਂ ਸਨ। ਸਿਖ ਫੌਜ ਬੜੀ ਸ਼ਾਨਦਾਰ ਸੀ। ਰੂਸ, ਚੀਨ ਅੰਗਰੇਜ਼ ਤੇ ਫਰਾਂਸ ਮ: ਰਣਜੀਤ ਸਿੰਘ ਨਾਲ ਸੰਧੀ ਕਰਨ ਦੇ ਚਾਹਵਾਨ ਸਨ। ਪਰ ਉਸ ਦੀ ਮੌਤ ਦੇ ਦਸ ਸਾਲ ਪਿਛੋਂ ਡੋਗਰਿਆਂ ਅਤੇ ਸੰਧਾਂਵਾਲੀਆਂ ਦੀਆਂ ਲਾਹੌਰ ਦਰਬਾਰ ਵਿਚ ਤਾਕਤ ਹਾਸਲ ਕਰਨ ਲਈ ਕੀਤੀਆਂ ਗਈਆਂ ਸਾਜ਼ਸ਼ਾਂ, ਈਰਖਾ, ਖਾਨਾ ਜੰਗੀ, ਬੁਰਛੇ ਗਰਦੀ ਅਤੇ ਸਤਲੁਜੋਂ ਪਾਰ ਬੈਠੇ ਅੰਗਰੇਜ਼ ਸਾਮਰਾਜੀਆਂ ਦੀਆਂ ਕੁਟਲ ਚਾਲਾਂ ਨੇ ਪੰਜਾਬੀਆਂ ਦੇ ਇਕ ਮਹਾਨ ਰਾਜ ਨੂੰ ਤਬਾਹ ਕਰਕੇ ਰਖ ਦਿਤਾ।

ਉਸ ਵਕਤ ਲਾਹੌਰ ਦਰਬਾਰ ਦੀ ਹਾਲਤ ਉਸ ਜੰਗਲ ਵਰਗੀ ਸੀ, ਜਿਸ ਦੇ ਬਾਂਸ ਆਪਸ ਵਿਚ ਖਹਿ ਕੇ ਪੈਦਾ ਕੀਤੀ

ਹੋਈ ਅੱਗ ਨਾਲ ਸਾਰੇ ਜੰਗਲ ਨੂੰ ਭਸਮ ਕਰ ਦੇਂਦੇ ਹਨ। ਸ਼ੇਰੇ-ਪੰਜਾਬ ਦਾ ਕੋਈ ਯੋਗ ਜਾਨਸ਼ੀਨ ਨਾ ਹੋਣ ਕਰਕੇ ਦੂਤੀ ਦੁਸ਼ਮਣ ਸਿਖ ਰਾਜ ਦੇ ਚੰਨਣ-ਬ੍ਰਿਛ ਨੂੰ ਚੁਆਤੀਆਂ ਲਾ ਰਹੇ ਸਨ। ਹਰ ਪਾਸੇ ਆਪਾ ਧਾਪੀ ਮਚੀ ਹੋਈ ਸੀ। ਬਾਬਾ ਬੀਰ ਸਿੰਘ ਜੀ ਨੇ ਆਪਣਾ ਲਹੂ ਡੋਹਲ ਕੇ ਸਿਖਾਂ ਵਿਚ ਭੜਕ ਰਹੀ ਈਰਖਾ, ਦਵੈਸ਼ ਅਤੇ ਕ੍ਰੋਧ ਅਗਨੀ ਨੂੰ ਸ਼ਾਂਤ ਕਰਨ ਦਾ ਜਤਨ ਕੀਤਾ। ਪੰਜਾਬ ਨੂੰ ਵਿਦੇਸ਼ੀਆਂ ਦੇ ਕਬਜ਼ੇ ਵਿਚ ਜਾਣ ਤੋਂ ਬਚਾਉਣ ਦਾ ਉਪਰਾਲਾ ਕੀਤਾ। ਆਪ ਨੇ ਆਪਣਾ ਆਪ ਵਾਰ ਕੇ ਸਿਖਾਂ ਨੂੰ ਭਰਾ-ਮਾਰੂ ਜੰਗ ਤੋਂ ਬਚਾਉਣ ਲਈ ਕੁਰਬਾਨੀ ਦਿਤੀ।

ਸੰਤ ਬਾਬਾ ਬੀਰ ਸਿੰਘ, ਉਨ੍ਹਾਂ ਦੇ ਜਾ-ਨਸ਼ੀਨ ਬਾਬਾ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ, ਸ: ਸ਼ਾਮ ਸਿੰਘ ਅਟਾਰੀ, ਸ: ਚਤਰ ਸਿੰਘ ਤੇ ਸ: ਸ਼ੇਰ ਸਿੰਘ ਸਿੱਖ ਰਾਜ ਦੇ ਡੁਬਦੇ ਸੂਰਜ ਦੀਆਂ ਅੰਤਮ ਕਿਰਨਾਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਪਿਛੋਂ ਉਨ੍ਹਾਂ ਦਾ ਵਡਾ ਪੁਤਰ ਮਹਾਰਾਜਾ ਖੜਗ ਸਿੰਘ ਲਾਹੌਰ ਦੇ ਤਖਤ ਉਤੇ ਬੈਠਾ। ਧਿਆਨ ਸਿੰਘ ਡੋਗਰਾ ਵਡਾ ਵਜ਼ੀਰ ਬਣਿਆ। ਮਹਾਰਾਜੇ ਨੇ ਮਰਨ ਸਮੇਂ ਖੜਕ ਸਿੰਘ ਦੀ ਬਾਂਹ ਧਿਆਨ ਸਿੰਘ ਦੇ ਹੱਥ ਫੜਾਈ ਸੀ। ਮਹਾਰਾਜਾ ਖੜਗ ਸਿੰਘ ਬੜਾ ਸਾਧੂ ਸੁਭਾ ਤੇ ਨੇਕ ਆਦਮੀ ਸੀ। ਧਿਆਨ ਸਿੰਘ ਤੇ ਗੁਲਾਬ ਸਿੰਘ ਡੋਗਰੇ ਨੇ ਸ਼ਾਹੀ ਖਾਨਦਾਨ ਵਿਚ ਫੁਟ ਪਾਉਣ ਲਈ ਮ: ਖੜਕ ਸਿੰਘ ਦੀ ਰਾਣੀ ਚੰਦ ਕੌਰ ਤੇ ਉਸਦੇ ਪੁਤਰ ਕੰਵਰ ਨੌਨਿਹਾਲ ਸਿੰਘ ਨੂੰ ਪੱਟੀ ਚੜ੍ਹਾਈ ਕਿ ਮਹਾਰਾਜਾ ਸਾਹਿਬ ਰਾਜ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਹਨ।

ਇਸ ਸਾਰੀ ਸਾਜ਼ਸ਼ ਦਾ ਕਾਰਨ ਇਹ ਸੀ ਕਿ ਮ: ਖੜਕ ਸਿੰਘ ਦਾ ਇਕ ਵਿਸ਼ਵਾਸੀ ਅਹਿਲਕਾਰ ਚੇਤ ਸਿੰਘ ਸੀ। ਮ: ਧਿਆਨ ਸਿੰਘ ਦੀ ਨਿਸਬਤ ਚੇਤ ਸਿੰਘ ਦੀ ਗੱਲ ਵਧੇਰੇ ਮੰਨਦਾ

ਸੀ। ਇਹ ਗੱਲ ਧਿਆਨ ਸਿਘ ਨੂੰ ਚੁਭਦੀ ਸੀ । ਉਸ ਨੇ ਪਹਿਲਾਂ ਸ਼ਾਹੀ ਖਾਨਦਾਨ ਵਿਚ ਫੁਟ ਪਾਈ । ਮਹਾਰਾਜਾ ਖੜਕ ਸਿੰਘ ਉਸ ਦੇ ਪੁਤ੍ਰ ਕੰਵਰ ਨੌਨਿਹਾਲ ਸਿੰਘ ਤੇ ਉਸ ਦੀ ਮਾਤਾ ਰਾਣੀ ਚੰਦ ਕੌਰ ਨੂੰ ਇਕ ਦੂਜੇ ਦਾ ਵਿਰੋਧੀ ਬਣਾ ਦਿਤਾ । ਇਸ ਦੇ ਨਾਲ ਹੀ ਸਿਖ ਫੌਜਾਂ ਵਿਚ ਇਹ ਪ੍ਰਾਪੇਗੰਡਾ ਵੀ ਕੀਤਾ ਗਿਆ ਕਿ ਮ: ਖੜਕ ਸਿੰਘ ਚੇਤ ਸਿੰਘ ਰਾਹੀਂ ਅੰਗਰੇਜ਼ਾਂ ਨਾਲ ਮਿਲ ਗਿਆ ਹੈ । ਉਸ ਨੇ ਲਾਹੌਰ ਦਰਬਾਰ ਦੀ ਆਮਦਨੀ ਵਿਚੋਂ ਇਕ ਰੁਪਏ ਚੋਂ ਛੇ ਆਨੇ ਅੰਗਰੇਜ਼ਾਂ ਨੂੰ ਦੇਣੇ ਮੰਨ ਲਏ ਹਨ । ਉਹ ਛੇਤੀ ਲਾਹੌਰ ਉਤੇ ਅੰਗਰੇਜ਼ਾਂ ਦਾ ਕਬਜ਼ਾ ਕਰਵਾ ਦੇਵੇਗਾ । ਹਾਲਾਂ ਕਿ ਇਹ ਝੂਠਾ ਪ੍ਰਾਪੇਗੰਡਾ ਕਰਨ ਵਾਲਾ ਧਿਆਨ ਸਿੰਘ ਖੁਦ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ ।

ਧਿਆਨ ਸਿੰਘ ਨੇ ਆਪਣੇ ਪ੍ਰਾਪੇਗੰਡੇ ਦੀ ਪੁਸ਼ਟੀ ਲਈ ਮ: ਖੜਕ ਸਿੰਘ ਦੀ ਮੋਹਰ ਲਾ ਕੇ ਉਸ ਦੇ ਜਾਹਲੀ ਦਸਖਤ ਕਰਕੇ ਇਕ ਚਿੱਠੀ ਸਿਖ ਸਰਦਾਰਾਂ ਨੂੰ ਵਿਖਾ ਦਿਤੀ, ਜਿਸਦਾ ਨਤੀਜਾ ਇਹ ਹੋਇਆ ਕਿ ਸਿਖ ਸਰਦਾਰ ਤੇ ਫੌਜਾਂ ਭੰਬਲ ਭੂਸੇ ਵਿਚ ਪੈ ਗਈਆਂ ।

ਜਦ ਧਿਆਨ ਸਿੰਘ ਨੇ ਵੇਖਿਆ ਕਿ ਉਸ ਦਾ ਜਾਦੂ ਚਲ ਗਿਆ ਹੈ, ਉਸ ਨੇ ਇਕ ਦਿਨ ਸਵੇਰੇ ਦੋ ਘੜੀਆਂ ਰਾਤ ਰਹਿੰਦੇ ਕੰਵਲ ਨੌਨਿਹਾਲ ਸਿੰਘ ਤੇ ਆਪਣੇ ਭਰਾ ਗੁਲਾਬ ਸਿੰਘ ਡੋਗਰੇ ਨੂੰ ਨਾਲ ਲੈ ਕੇ ਲਾਹੌਰ ਕਿਲ੍ਹੇ ਵਿਚ ਜਾ ਕੇ ਕੰਵਰ ਪਾਸੋਂ ਮਹਾਰਾਜਾ ਖੜਕ ਸਿੰਘ ਦੇ ਵਿਸ਼ਵਾਸ਼ੀ ਚੇਤ ਸਿੰਘ ਨੂੰ ਕਤਲ ਕਰਵਾ ਦਿਤਾ।

(ਰਾਜ ਖਾਲਸਾ ਪੰਨਾ 319)

ਧਿਆਨ ਸਿੰਘ ਮਹਾਰਾਜਾ ਖੜਕ ਸਿੰਘ ਨੂੰ ਵੀ ਖਤਮ ਕਰਨਾ ਚਾਹੁੰਦਾ ਸੀ, ਪਰ ਇਸ ਕੰਮ ਲਈ ਕੰਵਰ ਨੌਨਿਹਾਲ ਸਿੰਘ ਤੇ ਰਾਣੀ ਚੰਦ ਕੌਰ ਨਾ ਮੰਨੇ ।

ਆਪਣੇ ਵਿਸਵਾਸ਼ੀ ਅਹਿਲਕਾਰ ਚੇਤ ਸ਼ਿੰਘ ਦੇ ਕੰਵਰ

ਨ-ਨਿਹਾਲ ਸਿੰਘ ਦੇ ਹਥੋਂ ਮਾਰੇ ਜਾਣ ਦਾ ਮਹਾਰਾਜਾ ਖੜਕ ਸਿੰਘ ਨੂੰ ਬਹੁਤ ਦੁਖ ਹੋਇਆ । "ਬੀਰ ਮ੍ਰਿਗੇਸ਼" ਵਿਚ ਪੰਡਤ ਸ਼ੇਰ ਸਿੰਘ ਲਿਖਦੇ ਹਨ ਕਿ ਮਹਾਰਾਜਾ ਖੜਕ ਸਿੰਘ ਨੇ ਆਪਣੇ ਪੁਤ੍ਰ ਕੰਵਰ ਨੌਨਿਹਾਲ ਸਿੰਘ ਨੂੰ ਸੰਬੋਧਨ ਕਰਕੇ ਕਿਹਾ—

"ਤੂੰ ਕੌਰ ਨਹੀਂ, ਚੌੜ ਹੈਂ, । ਕੋਈ ਚੰਗਾ ਆਦਮੀ ਆਪਣੇ ਮਾਤਾ ਪਿਤਾ, ਸਤ ਅਤੇ ਗੁਰੂ ਅਵੱਗਿਆ ਨਹੀਂ ਕਰਦਾ । ਪਰ ਤੂੰ ਚੇਤ ਸਿੰਘ ਨੂੰ ਮਾਰ ਕੇ ਮੇਰੀ ਨਿਰਾਦਰੀ ਕੀਤੀ ਹੈ, ਮੈਨੂੰ ਦੁਖੀ ਕੀਤਾ ਹੈ । ਇਸ ਲਈ ਹੁਣ ਲਾਹੌਰ ਦਰਬਾਰ ਵਿਚ ਤੇਰਾ ਮਾਣ ਸਤਕਾਰ ਕਾਇਮ ਨਹੀਂ ਰਹੇਗਾ । ਜਿਹੜੀ ਤਲਵਾਰ ਤੂੰ ਚੇਤ ਸਿੰਘ ਉਤੇ ਚਲਾਈ ਹੈ, ਇਹ ਹੁਣ ਚਲਦੀ ਹੀ ਰਹੇਗੀ ।"

ਇਸ ਹਾਲਤ ਵਿਚ ਮਹਾਰਾਜਾ ਖੜਕ ਸਿੰਘ ਨੇ ਉਦਾਸ ਅਤੇ ਨਿਰਾਸ ਹੋ ਕੇ ਰਾਜ ਭਾਗ ਛਡ ਦਿਤਾ ਅਤੇ ਲੁਹਾਰੀ ਦਰਵਾਜ਼ੇ ਦੀ ਸ਼ਾਹੀ ਹਵੇਲੀ ਵਿਚ ਜਾ ਨਿਵਾਸ ਕੀਤਾ ।

ਮਹਾਰਾਜਾ ਖੜਕ ਸਿੰਘ ਦੀ ਅਲਹਿਦਗੀ ਦੇ ਪਿਛੋਂ ਉਸ ਦੇ ਪੁਤਰ ਕੰਵਰ ਨੌਨਿਹਾਲ ਸਿੰਘ ਨੂੰ ਲਾਹੌਰ ਦੇ ਤਖਤ ਉਤੇ ਬਿਠਾਇਆ ਗਿਆ । ਰਾਜਾ ਧਿਆਨ ਸਿੰਘ ਪ੍ਰਧਾਨ ਮੰਤਰੀ ਬਣਾਇਆ ਗਿਆ । ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਨੂੰ ਜ਼ਹਿਰ ਦੁਆਈ, ਜਿਸ ਕਰਕੇ ਉਹ ਅਤਿ ਦੁਖੀ ਹੋਕੇ 5 ਨਵੰਬਰ 1840 ਈ: ਨੂੰ 38 ਸਾਲ ਦੀ ਉਮਰ ਵਿਚ ਚਲਾਣਾ ਕਰ ਗਿਆ ।

ਪੰ: ਸ਼ੇਰ ਸਿੰਘ ਨੇ "ਬੀਰ ਮ੍ਰਿਗੇਸ਼" ਵਿਚ ਇਹ ਵੀ ਲਿਖਿਆ ਹੈ ਕਿ ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਦੀ ਰਾਣੀ ਈਸ਼ਰ ਕੌਰ ਨੂੰ ਸਤੀ ਹੋਣ ਲਈ ਕਿਹਾ । ਜਦ ਉਹ ਗਹਿਣੇ ਬਸਤ੍ਰ ਆਦਿਕ ਪਹਿਨ ਕੇ ਸਤੀ ਹੋਣ ਲਈ ਪਤੀ ਦਾ ਸੀਸ ਗੋਦ ਵਿਚ ਲੈ ਕੇ ਚਿਖਾ ਵਿਚ ਬੈਠੀ, ਉਸ ਵਕਤ ਧਿਆਨ ਸਿੰਘ ਨੇ ਕਿਹਾ— "ਰਾਣੀ ਜੀ, ਤੁਸੀਂ ਪਤੀ ਦੀ ਜਿਗਾ ਕਲਗੀ ਕੰਵਰ ਨੌਨਿਹਾਲ ਸਿੰਘ ਨੂੰ ਦਿਓ ।" ਉਸ ਵਕਤ ਰਾਣੀ ਨੇ ਕਿਹਾ—"ਜੋ ਕੁਝ ਮ:

ਖੜਕ ਸਿੰਘ ਨੇ ਕੀਤਾ ਹੈ, ਉਹ ਦਰੁਸਤ ਹੈ।" ਇਹ ਆਖ ਕੇ ਉਸ ਨੇ ਜਿਗਾ ਕਲਗੀ ਜ਼ਮੀਨ ਉਤੇ ਸੁਟ ਦਿਤੀ ਅਤੇ ਆਪ ਸਤੀ ਹੋ ਗਈ। 18 ਸਾਲ ਦੀ ਉਮਰ ਵਿਚ ਕੰਵਰ ਨੌਨਿਹਾਲ ਸਿੰਘ ਤਖਤ ਉਤੇ ਬੈਠਾ। ਉਹ ਬੜਾ ਸੂਝਵਾਨ ਸੀ। ਉਸ ਦਾ ਖਿਆਲ ਸੀ ਕਿ ਡੋਗਰੇ ਮੇਰੀ ਵਫਾਦਾਰੀ ਕਰਨਗੇ। ਪਰ ਉਸਨੂੰ ਵੀ ਖਤਮ ਕਰਨ ਲਈ ਸਾਜਸ਼ ਕੀਤੀ ਗਈ। ਜਦ ਉਹ ਆਪਣੇ ਪਿਤਾ ਮ: ਖੜਕ ਸਿੰਘ ਦਾ ਅੰਤਮ ਸੰਸਕਾਰ ਕਰਕੇ ਹਜ਼ੂਰੀ ਬਾਗ ਲਾਹੌਰ ਦੀ ਡਿਉਢੀ ਵਿਚੋਂ ਗੁਲਾਬ ਸਿੰਘ ਦੇ ਪੁਤ੍ਰ ਮੀਆਂ ਊਧਮ ਸਿੰਘ ਨਾਲ ਬਾਂਹ ਵਿਚ ਬਾਂਹ ਪਾਈ ਲੰਘ ਰਿਹਾ ਸੀ, ਉਤੋਂ ਡਿਉਢੀ ਦਾ ਛੱਜਾ ਸੁਟਿਆ ਗਿਆ। ਜਿਸ ਨਾਲ ਊਧਮ ਸਿੰਘ ਥਾਂ ਤੇ ਮਰ ਗਿਆ। ਕੰਵਰ ਨੌਨਿਹਾਲ ਸਿੰਘ ਨੂੰ ਜ਼ਖਮੀ ਹਾਲਤ ਵਿਚ ਕਿਲ੍ਹੇ ਅੰਦਰ ਪੁਚਾਇਆ ਗਿਆ। ਧਿਆਨ ਸਿੰਘ ਨੇ ਡੋਗਰਿਆਂ ਦਾ ਪਹਿਰਾ ਲਾ ਕੇ ਰਾਣੀ ਚੰਦ ਕੌਰ ਤੇ ਕੰਵਰ ਅਰਥਾਤ ਮਾਂ ਪੁਤ੍ਰ ਨੂੰ ਵੀ ਨਾ ਮਿਲਣ ਦਿਤਾ। ਇਸੇ ਤਰ੍ਹਾਂ ਤੀਜੇ ਦਿਨ ਉਸਦਾ ਅੰਤ ਕਰ ਦਿਤਾ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਦੇ ਪਿਛੋਂ ਉਸਦੀ ਮਾਤਾ ਰਾਣੀ ਚੰਦ ਕੌਰ ਰਾਜ ਪ੍ਰਬੰਧ ਕਰਨਾ ਚਾਹੁੰਦੀ ਸੀ। ਪਰ ਡੋਗਰੇ ਸਾਰੇ ਸ਼ਾਹੀ ਖਾਨਦਾਨ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸ ਲਈ ਕੰਵਰ ਦੇ ਮਰਨ ਪਿਛੋਂ ਧਿਆਨ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੂਜੇ ਪੁਤਰ ਰਾਜਾ ਸ਼ੇਰ ਸਿੰਘ ਨੂੰ ਤਖਤ ਤੇ ਬਿਠਾਉਣ ਲਈ ਬਟਾਲੇ ਤੋਂ ਸਦ ਲਿਆ। ਸੰਧਾਂਵਾਲੀਏ ਸਰਦਾਰ ਰਾਜਾ ਸ਼ੇਰ ਸਿੰਘ ਦੇ ਵਿਰੋਧੀ ਅਤੇ ਰਾਣੀ ਚੰਦ ਕੌਰ ਦੇ ਹੱਕ ਵਿਚ ਸਨ। ਫੌਜਾਂ ਨੇ ਵੀ ਸ਼ੇਰ ਸਿੰਘ ਦੀ ਮਦਦ ਨਾ ਕੀਤੀ। ਇਸ ਲਈ ਉਹ ਛਿੱਥਾ ਹੋ ਕੇ ਮੁੜ ਬਟਾਲੇ ਚਲਾ ਗਿਆ।

ਰਾਣੀ ਚੰਦ ਕੌਰ ਨੇ ਰਾਜ ਪ੍ਰਬੰਧ ਸੰਭਾਲ ਲਿਆ। ਇਹ ਗੱਲ ਧਿਆਨ ਸਿੰਘ ਦੀ ਮਰਜ਼ੀ ਦੇ ਉਲਟ ਸੀ। ਇਸ ਲਈ ਉਸਨੇ ਰਾਣੀ ਵਿਰੁਧ ਸਾਜ਼ਸ਼ ਸ਼ੁਰੂ ਕਰ ਦਿਤੀ। ਉਹ ਇਹ ਸੀ ਕਿ ਫੌਜਾਂ

ਵਿਚ ਕੁਝ ਆਦਮੀ ਛਡੇ, ਜਿਹੜੇ ਇਹ ਪ੍ਰਾਪੇਗੰਡਾ ਕਰਦੇ ਸਨ– "ਕੀ ਪੰਜਾਬ ਵਿਚ ਰਾਜ ਕਰਨ ਵਾਲਾ ਮਰਦ ਕੋਈ ਨਹੀਂ ਰਹਿ ਗਿਆ, ਜਿਸ ਕਰਕੇ ਰਾਜ ਪ੍ਰਬੰਧ ਇਕ ਔਰਤ ਦੇ ਹਵਾਲੇ ਕੀਤਾ ਗਿਆ ਹੈ ? ਮ: ਰਣਜੀਤ ਸਿੰਘ ਦੇ ਦੂਜੇ ਪੁਤਰ ਰਾਜਾ ਸ਼ੇਰ ਸਿੰਘ ਨੂੰ ਕਿਉਂ ਨਾ ਹਕੂਮਤ ਦਿਤੀ ਜਾਏ ? ਜੇ ਰਾਣੀ ਰਹੀ ਤਾਂ ਤੁਹਾਨੂੰ ਸੰਧਾਂਵਾਲੀਆਂ ਦੀਆਂ ਜੁਤੀਆਂ ਝਾੜਨੀਆਂ ਪੈਣਗੀਆਂ । ਉਹ ਜਿਸਨੂੰ ਚਾਹੁਣਗੇ ਨੌਕਰ ਰਖਣਗੇ, ਜਿਸਨੂੰ ਚਾਹੁਣਗੇ ਹਟਾਉਣਗੇ ।

ਧਿਆਨ ਸਿੰਘ ਦਾ ਇਹ ਅਸਰ ਵੀ ਜਾਦੂ ਕਰ ਗਿਆ ! ਉਹ ਆਪਣੀ ਵਿਰੋਧਤਾ ਤੋਂ ਬਚਣ ਲਈ ਬੀਮਾਰੀ ਦਾ ਬਹਾਨਾ ਕਰਕੇ ਜੰਮੂ ਚਲਾ ਗਿਆ, ਪਰ ਉਸ ਨੇ ਸ਼ੇਰ ਸਿੰਘ ਨਾਲ ਚਿੱਠੀ ਪੱਤ੍ਰ ਜਾਰੀ ਰਖੀ । ਸ਼ੇਰ ਸਿੰਘ ਦਾ ਇਕ ਵਿਸ਼ਵਾਸੀ ਸ: ਜਵਾਲਾ ਸਿੰਘ ਸਿਖ ਫੌਜਾਂ ਵਿਚ ਰਾਣੀ ਚੰਦ ਕੌਰ ਦੇ ਵਿਰੁਧ ਅਤੇ ਸ਼ੇਰ ਸਿੰਘ ਦੇ ਹੱਕ ਵਿਚ ਪ੍ਰਚਾਰ ਕਰਦਾ ਰਿਹਾ । ਇਸ ਲਈ ਕਈ ਫੌਜਾਂ ਸ਼ੇਰ ਸਿੰਘ ਦੇ ਹੱਕ ਵਿਚ ਹੋ ਗਈਆਂ ।

ਰਾਜਾ ਸ਼ੇਰ ਸਿੰਘ ਧਿਆਨ ਸਿੰਘ ਨਾਲ ਚਿੱਠੀ ਪਤਰ ਕਰ, ਕੇ ਬਟਾਲੇ ਤੋਂ 800 ਫੌਜੀ ਲੈ ਕੇ ਲਾਹੌਰ ਪੁਜਾ । ਉਸਨੇ ਸ਼ਾਲਾ-ਮਾਰ ਬਾਗ ਦੇ ਕੋਲ ਡੇਰਾ ਕੀਤਾ । 14 ਜਨਵਰੀ ਸੰਨ 1841 ਈ: ਨੂੰ ਸਿਖਾਂ ਦੀਆਂ 4 ਪਲਟਨਾਂ, 2 ਰਸਾਲੇ ਤੇ ਤੋਪਖਾਨੇ ਬੁਧੂ ਦੇ ਆਵੇ ਕੋਲ ਉਸਨੂੰ ਜਾ ਮਿਲੇ । ਉਨ੍ਹਾਂ ਨੇ ਸ਼ੇਰ ਸਿੰਘ ਨੂੰ ਤੋਪਾਂ ਦੀ ਸਲਾਮੀ ਦਿਤੀ ਅਤੇ ਲਾਹੌਰ ਦਾ ਬਾਦਸਾਹ ਮੰਨ ਲਿਆ ।

ਜਨਰਲ ਵਨਤੂਰਾ ਤੇ ਸੁਚੇਤ ਸਿੰਘ ਵੀ ਜਾ ਮਿਲੇ । ਇਸ ਤਰ੍ਹਾਂ 50 ਹਜ਼ਾਰ ਫੌਜ ਰਾਜਾ ਸ਼ੇਰ ਸਿੰਘ ਦੁਆਲੇ ਇਕੱਠੀ ਹੋ ਗਈ । ਦੂਜੇ ਪਾਸੇ ਰਾਣੀ ਚੰਦ ਕੌਰ ਨੇ ਸ਼ਾਹਦਰੇ ਤੋਂ ਆਪਣੀ ਫੌਜ ਮੰਗਵਾ ਲਈ । ਗੁਲਾਬ ਸਿੰਘ ਡੋਗਰੇ, ਸ: ਫਤਹ ਸਿੰਘ ਸੰਧਾਂਵਾਲੀਏ ਤੇ ਜਮਾਂਦਾਰ ਖੁਸ਼ਹਾਲ ਸਿੰਘ ਨੂੰ ਸ਼ੇਰ ਸਿੰਘ ਦਾ ਹਮਲਾ ਰੋਕਣ ਲਈ ਨੀਯਤ ਕੀਤਾ ।

ਰਾਜਾ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਦੀਆਂ ਫੌਜਾਂ ਦੀ 3 ਦਿਨ ਸਖਤ ਲੜਾਈ ਹੋਈ । ਬਾਬਾ ਬਿਕ੍ਰਮ ਸਿੰਘ ਊਨੇ ਵਾਲਿਆਂ ਨੇ ਵਿਚ ਪੈ ਕੇ ਇਹ ਲੜਾਈ ਬੰਦ ਕਰਵਾਉਣ ਦਾ ਜਤਨ ਕੀਤਾ। ਉਧਰੋਂ ਧਿਆਨ ਸਿੰਘ ਡੋਗਰਾ ਜੰਮੂ ਤੋਂ ਮੁੜ ਆਇਆ। ਉਸਨੇ ਝਗੜਾ ਨਿਬੇੜਨ ਲਈ ਤਜਵੀਜ਼ਾਂ ਪੇਸ਼ ਕੀਤੀਆਂ—

(1) ਲਾਹੌਰ ਦੇ ਤਖਤ ਤੇ ਸ਼ੇਰ ਸਿੰਘ ਨੂੰ ਬਿਠਾਇਆ ਜਾਵੇ।

(2) ਰਾਣੀ ਚੰਦ ਕੌਰ ਨੂੰ ਜੰਮੂ ਦੇ ਇਲਾਕੇ ਵਿਚ 16 ਲਖ ਦੀ ਜਗੀਰ ਦਿਤੀ ਜਾਏ, ਜਿਸਦਾ ਪ੍ਰਬੰਧ ਰਾਜਾ ਗੁਲਾਬ ਸਿੰਘ ਕਰੇ ।

ਇਹਨਾਂ ਸ਼ਰਤਾਂ ਨੂੰ ਦੋਹਾਂ ਧਿਰਾਂ ਨੇ ਪ੍ਰਵਾਨ ਕੀਤਾ । 18 ਜਨਵਰੀ 1841 ਈ: ਨੂੰ ਰਾਜਾ ਸ਼ੇਰ ਸਿੰਘ ਲਾਹੌਰ ਦੇ ਕਿਲੇ ਵਿਚ ਦਾਖਲ ਹੋਇਆ । ਉਸਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਗਿਆ ਤੇ ਧਿਆਨ ਸਿੰਘ ਡੋਗਰੇ ਨੂੰ ਪ੍ਰਧਾਨ ਮੰਤਰੀ।

ਇਸ ਫੈਸਲੇ ਅਨੁਸਾਰ ਮਹਾਰਾਜਾ ਸ਼ੇਰ ਸਿੰਘ ਨੇ ਰਾਣੀ ਚੰਦ ਕੌਰ ਨੂੰ ਜੰਮੂ ਦੇ ਇਲਾਕੇ ਵਿਚ 16 ਲੱਖ ਦੀ ਜਗੀਰ ਦਿਤੀ। ਰਾਜਾ ਗੁਲਾਬ ਸਿੰਘ ਨੂੰ ਉਸਦਾ ਪ੍ਰਬੰਧਕ ਨੀਯਤ ਕੀਤਾ । ਰਾਣੀ ਜੰਮੂ ਚਲੀ ਗਈ। ਇਸਦੇ ਬਾਅਦ ਰਾਣੀ ਚੰਦ ਕੌਰ ਨੇ ਮਹਾਰਾਜਾ ਸ਼ੇਰ ਸਿੰਘ ਨਾਲ ਚਾਦਰ ਪਾਉਣੀ ਚਾਹੀ, ਪਰ ਗੁਲਾਬ ਸਿੰਘ ਡੋਗਰੇ ਨੇ ਸਾਜ਼ਸ਼ ਕਰਕੇ ਇਹ ਗੱਲ ਨਾ ਹੋਣ ਦਿਤੀ । ਰਾਣੀ ਦੀ ਜਗੀਰ ਸੰਭਾਲਣ ਲਈ ਧਿਆਨ ਸਿੰਘ ਤੇ ਗੁਲਾਬ ਸਿੰਘ ਡੋਗਰਿਆ ਨੇ ਸਾਜਸ਼ ਕਰਕੇ ਚਾਰ ਗੋਲੀਆਂ ਤੋ ਜੰਮੂ ਵਿਚ ਰਾਣੀ ਚੰਦ ਕੌਰ ਨੂੰ ਪੱਥਰਾਂ ਨਾਲ ਮਰਵਾ ਦਿਤਾ।

ਉਸ ਵਕਤ ਸ਼ੇਰ ਸਿੰਘ ਵਜੀਰਾਬਾਦ ਵਿਚ ਸੀ । ਰਾਜਾ ਧਿਆਨ ਸਿੰਘ ਨੇ ਲੋਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਲਈ ਰਾਣੀ ਚੰਦ ਕੌਰ ਨੂੰ ਮਾਰਨ ਵਾਲੀਆਂ ਤਿੰਨਾਂ ਗੋਲੀਆਂ ਨੂੰ ਫਾਹੇ ਲਾ ਦਿਤਾ ਤੇ ਇਕ ਨੂੰ ਨਠਾ ਦਿਤਾ । ਕੰਵਰ ਨੌਨਿਹਾਲ ਸਿੰਘ ਦੀ ਇਸਤ੍ਰੀ ਨੂੰ ਵੀ ਮਰਵਾਇਆ ਗਿਆ।

ਰਾਣੀ ਚੰਦ ਕੌਰ ਦੀ ਜਗੀਰ ਤੇ ਗੁਲਾਬ ਸਿੰਘ ਨੇ ਕਬਜ਼ਾ ਕਰ ਲਿਆ। ਰਾਣੀ ਦਾ ਅੰਤਮ ਸੰਸਕਾਰ ਜੰਮੂ ਵਿਚ ਕੀਤਾ ਗਿਆ, ਇਸ ਲਈ ਉਸ ਦੀ ਸਮਾਧ ਉਥੇ ਬਣੀ ਹੋਈ ਹੈ।

ਮਹਾਰਾਜਾ ਸ਼ੇਰ ਸਿੰਘ ਨੇ ਤਖਤ ਉਤੇ ਬੈਠ ਕੇ ਚੰਗੀ ਤਰ੍ਹਾਂ ਰਾਜ ਪ੍ਰਬੰਧ ਚਲਾਇਆ। ਚੋਰਾਂ, ਡਾਕੂਆਂ ਤੇ ਬਦਮਾਸ਼ਾਂ ਨੂੰ ਸੋਧਿਆ। ਧਿਆਨ ਸਿੰਘ ਡੋਗਰਾ ਵੱਡਾ ਵਜ਼ੀਰ ਸੀ। ਉਸਦਾ ਖਿਆਲ ਸੀ ਕਿ ਉਸਨੇ ਮਹਾਰਾਜੇ ਨੂੰ ਤਖਤ ਦੁਆਉਣ ਵਿਚ ਸਹਾਇਤਾ ਕੀਤੀ ਹੈ, ਇਸ ਲਈ ਉਹ ਉਸਦੀ ਕਠ ਪੁਤਲੀ ਬਣ ਕੇ ਰਹੇਗਾ। ਪਰ ਡੋਗਰੇ ਦੀ ਇਹ ਮੁਰਾਦ ਪੂਰੀ ਨਾ ਹੋਈ। ਸੰਧਾਂਵਾਲੀਏ ਸ਼ੇਰ ਸਿੰਘ ਤੇ ਧਿਆਨ ਸਿੰਘ ਦੋਹਾਂ ਦੇ ਵਿਰੋਧੀ ਸਨ।

ਮ: ਸ਼ੇਰ ਸਿੰਘ ਦੇ ਤਖਤ ਪਰ ਬੈਠਣ ਦੇ ਬਾਅਦ ਸ: ਲਹਿਣਾ ਸਿੰਘ ਸੰਧਾਵਾਲੀਏ ਨੂੰ ਕੈਦ ਕੀਤਾ ਗਿਆ। ਸ: ਅਤਰ ਸਿੰਘ ਤੇ ਅਜੀਤ ਸਿੰਘ ਨਠ ਕੇ ਅੰਗਰੇਜ਼ੀ ਇਲਾਕੇ ਵਿਚ ਚਲੇ ਗਏ।

ਮ: ਸ਼ੇਰ ਸਿੰਘ ਨੇ ਕੁਝ ਚਿਰ ਸਿਆਣਪ ਤੇ ਦ੍ਰਿੜਤਾ ਨਾਲ ਰਾਜ ਪ੍ਰਬੰਧ ਚਲਾਇਆ। ਪਰ ਧਿਆਨ ਸਿੰਘ ਨੇ ਉਸਨੂੰ ਖਤਮ ਕਰਨ ਲਈ ਵੀ ਸਾਜ਼ਸ਼ਾਂ ਸ਼ੁਰੂ ਕਰ ਦਿਤੀਆਂ। ਉਸਦੇ ਵਿਰੁਧ ਸਿਖ ਫੌਜਾਂ ਵਿਚ ਇਹ ਪ੍ਰਚਾਰ ਕੀਤਾ ਕਿ ਉਹ ਮ: ਰਣਜੀਤ ਸਿੰਘ ਦਾ ਪੁਤ੍ਰ ਨਹੀਂ, ਬਲਕਿ ਕਿਸੇ ਛੀਂਬੇ ਦਾ ਪੁਤ੍ਰ ਹੈ।

ਡੋਗਰਿਆਂ ਨੇ ਮ: ਸ਼ੇਰ ਸਿੰਘ ਵਿਰੁਧ ਫੌਜਾਂ ਵਿਚ ਬਗਾਵਤ ਕਰਵਾਉਣ ਦੀ ਕੋਸ਼ਸ਼ ਕੀਤੀ, ਪਰ ਉਹ ਸਫਲ ਨਾ ਹੋਈ। ਸ: ਜਵਾਲਾ ਸਿੰਘ ਮਹਾਰਾਜੇ ਦਾ ਬਹੁਤਾ ਵਿਸ਼ਵਾਸ-ਪਾਤ੍ਰ ਸੀ। ਧਿਆਨ ਸਿੰਘ ਨੇ ਉਸਦੇ ਵਿਰੁਧ ਮਹਾਰਾਜੇ ਦੇ ਕੰਨ ਭਰ ਕੇ ਉਸ ਨੂੰ ਕੈਦ ਕਰਵਾ ਕੇ ਸ਼ੇਖੂਪੁਰੇ ਜੇਹਲ ਵਿਚ ਮਰਵਾ ਦਿਤਾ।

ਇਕ ਦਿਨ ਮ: ਸ਼ੇਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਲਈ ਗਿਆ। ਉਥੇ ਗਿ: ਗੁਰਮੁਖ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਗਰੰਥੀ ਅਤੇ ਕੁਝ ਸਰਦਾਰਾਂ ਨੇ ਉਸਨੂੰ ਰਾਇ

ਦਿਤੀ ਕਿ ਸੰਧਾਂਵਲੀਏ ਤੁਹਾਡੇ ਵੰਸ਼ ਵਿਚੋਂ ਹਨ । ਇਸ ਲਈ ਸ: ਲਹਿਣਾ ਸਿੰਘ ਨੂੰ ਰਿਹਾ ਕੀਤਾ ਜਾਏ । ਸ੍ਰ: ਅਤਰ ਸਿੰਘ ਤੇ ਅਜੀਤ ਸਿੰਘ ਨੂੰ ਅੰਗਰੇਜ਼ੀ ਇਲਾਕੇ ਵਿਚੋਂ ਵਾਪਸ ਬੁਲਾਇਆ ਜਾਵੇ ਮਹਾਰਾਜੇ ਨੇ ਇਹ ਗੱਲ ਮੰਨ ਲਈ । ਉਸ ਨੇ ਲਹਿਣਾ ਸਿੰਘ ਨੂੰ ਰਿਹਾ ਕਰ ਦਿਤਾ । ਸ੍ਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਨੂੰ ਵਾਪਸ ਬੁਲਾ ਲਿਆ । ਉਨ੍ਹਾਂ ਦੇ ਅਹੁਦੇ ਤੇ ਜਗੀਰਾਂ ਬਹਾਲ ਕਰ ਦਿਤੀਆਂ । ਸ੍ਰਦਾਰ ਅਜੀਤ ਸਿੰਘ ਸੰਧਾਵਾਲੀਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਗੰਧ ਖਾਕੇ ਵਫਾਦਾਰ ਰਹਿਣ ਦਾ ਭਰੋਸਾ ਦੁਆਇਆ ਪਰ ਪਿਛੋਂ ਉਹ ਬਦਲ ਗਿਆ ।

ਸ੍ਰਦਾਰ ਅਜੀਤ ਸਿੰਘ ਨੇ ਇਕ ਪਾਸੇ ਸ: ਸ਼ੇਰ ਸਿੰਘ ਨੂੰ ਜਾ ਕਿਹਾ ਕਿ ਧਿਆਨ ਸਿੰਘ ਡੋਗਰਾ ਤੁਹਾਨੂੰ ਮਰਵਾਉਣ ਲਈ ਜਤਨ ਕਰ ਰਿਹਾ ਹੈ । ਜਿਸ ਤਰ੍ਹਾਂ ਉਸ ਨੇ ਮ: ਖੜਕ ਸਿੰਘ ਤੇ ਨੌਨਿਹਾਲ ਸਿੰਘ ਨਾਲ ਕੀਤੀ ਹੈ, ਉਹ ਤੁਹਾਡੇ ਨਾਲ ਕਰੇਗਾ । ਉਹ ਸਾਡਾ ਵੀ ਦੁਸ਼ਮਣ ਹੈ ਅਤੇ ਤੁਹਾਡਾ ਵੀ । ਇਸ ਲਈ ਜੇ ਆਗਿਆ ਦਿਓ ਤਾਂ ਡੋਗਰੇ ਦਾ ਖਾਤਮਾ ਕਰ ਦੇਵੀਏ । ਮਹਾਰਾਜੇ ਨੇ ਉਸਨੂੰ ਲਿਖਤੀ ਪ੍ਰਵਾਨਗੀ ਦੇ ਦਿਤੀ । ਦੂਜੇ ਪਾਸੇ ਅਜੀਤ ਸਿੰਘ ਨੇ ਧਿਆਨ ਸਿੰਘ ਨੂੰ ਜਾ ਦਸਿਆ ਕਿ ਮਹਾਰਾਜਾ ਤੈਨੂੰ ਮਰਵਾਉਣਾ ਚਾਹੁੰਦਾ ਹੈ ਅਤੇ ਸਾਡਾ ਵੀ ਵਿਰੋਧੀ ਹੈ । ਜੇ ਪ੍ਰਵਾਨਗੀ ਦਿਓ ਤਾਂ ਮਹਾਰਾਜੇ ਦਾ ਅੰਤ ਕਰ ਦੇਵੀਏ । ਇਹ ਕਹਿ ਕੇ ਧਿਆਨ ਸਿੰਘ ਪਾਸੋਂ ਮਹਾਰਾਜਾ ਸ਼ੇਰ ਸਿਘ ਵਿਰੁਧ ਲਿਖਤ ਲੈ ਲਈ ।

15 ਸਤੰਬਰ 1843 ਈ: ਨੂੰ ਮਹਾਰਾਜਾ ਸ਼ੇਰ ਸਿੰਘ ਸ਼ਾਹ ਬਿਲਾਵਲ ਦੇ ਪਾਸ ਕੁਸ਼ਤੀਆਂ ਵੇਖ ਰਿਹਾ ਸੀ ਅਤੇ ਉਸਦਾ ਪੁਤ੍ਰ ਕੰਵਰ ਪ੍ਰਤਾਪ ਸਿੰਘ ਪਢਾਣੀਏ ਸ੍ਰਦਾਰਾਂ ਦੇ ਬਾਗ ਵਿਚ ਤੁਲਾ ਦਾਨ ਕਰ ਰਿਹਾ ਸੀ ਕਿ ਲਹਿਣਾ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਏ ਕੁਝ ਫੌਜੀ ਨਾਲ ਲੈ ਕੇ ਮ: ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿਘ ਨੂੰ ਮਾਰਨ ਲਈ ਤੁਰ ਪਏ । ਅਜੀਤ ਸਿੰਘ ਨੇ ਦੁਨਾਲੀ ਬੰਦੂਕ ਵੇਖਣ ਲਈ

ਮਹਾਰਾਜੇ ਦੇ ਪੇਸ਼ ਕੀਤੀ। ਜਦ ਉਸ ਨੇ ਬੰਦੂਕ ਫੜਨੀ ਚਾਹੀ, ਅਜੀਤ ਸਿੰਘ ਨੇ ਉਸੇ ਬੰਦੂਕ ਨਾਲ ਗੋਲੀ ਮਾਰ ਕੇ ਮ: ਸ਼ੇਰ ਸਿੰਘ ਨੂੰ ਖਤਮ ਕਰ ਦਿਤਾ।

ਲਹਿਣਾ ਸਿੰਘ ਸੰਧਾਵਾਲੀਏ ਨੇ ਕੰਵਰ ਪ੍ਰਤਾਪ ਸਿੰਘ ਉਤੇ ਜਾ ਹਮਲਾ ਕੀਤਾ। ਕੰਵਰ ਨੇ ਉਸ ਦੇ ਬੜੇ ਤਰਲੇ ਕੀਤੇ ਕਿ ਮੈਨੂੰ ਕਿਉਂ ਮਾਰਦੇ ਹੋ ? ਪਰ ਸੰਧਾਵਾਲੀਏ ਦੀਆਂ ਅੱਖਾਂ ਵਿਚ ਲਹੂ ਭਰਿਆ ਹੋਇਆ ਸੀ। ਉਸਨੇ ਬੜੀ ਬੇਤਰਸੀ ਨਾਲ ਕੰਵਰ ਪ੍ਰਤਾਪ ਸਿੰਘ ਨੂੰ ਵੀ ਕਤਲ ਕਰ ਦਿਤਾ।

ਅਜੀਤ ਸਿੰਘ ਤੇ ਲਹਿਣਾ ਸਿੰਘ ਨੇ ਮਹਾਰਾਜੇ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦੇ ਸਿਰ ਵੱਢ ਕੇ ਨੇਜ਼ਿਆਂ ਉਤੇ ਟੰਗ ਲਏ ਤੇ ਲਾਹੌਰ ਦੇ ਕਿਲ੍ਹੇ ਵਲ ਚਲ ਪਏ। ਉਨ੍ਹਾਂ ਨੂੰ ਅਗੋਂ ਵਡਾ ਵਜ਼ੀਰ ਧਿਆਨ ਸਿੰਘ ਡੋਗਰਾ ਮਿਲ ਪਿਆ। ਸੰਧਾਵਾਲੀਆਂ ਨੇ ਉਸ ਨੂੰ ਵੇਖ ਕੇ ਕਿਹਾ—

"ਤੁਸੀਂ ਜਾਣਦੇ ਹੋ ਕਿ ਇਹ ਕੰਮ ਅਸੀਂ ਕਾਹਦੇ ਲਈ ਕੀਤਾ ਹੈ ? ਜੇ ਵਲਟੋਹਾ ਨਵਾਂ ਲਾਉਣਾ ਹੈ ਤਾਂ ਕੜਛਾ ਪੁਰਾਣਾ ਰਖਣ ਦਾ ਕੀ ਲਾਭ ?"

ਅਜੀਤ ਸਿੰਘ ਦੇ ਆਦਮੀ ਨੇ ਧਿਆਨ ਸਿੰਘ ਡੋਗਰੇ ਨੂੰ ਗੋਲੀ ਮਾਰ ਦਿਤੀ। ਉਹ ਉਥੇ ਹੀ ਢੇਰ ਹੋ ਗਿਆ। ਉਸਦੀ ਲਾਸ਼ ਗੰਦੀ ਨਾਲੀ ਵਿਚ ਸੁਟਵਾਈ ਗਈ।

ਅਜੀਤ ਸਿੰਘ ਸੰਧਾਵਾਲੀਆ ਰਾਜ ਮਹਿਲਾਂ ਵਿਚ ਗਿਆ। ਉਥੇ ਪੰਜ ਸਾਲ ਦੇ ਬੱਚੇ ਦਲੀਪ ਸਿੰਘ ਨੂੰ ਲਾਹੌਰ ਦੇ ਤਖਤ ਉਤੇ ਬਿਠਾਉਣ ਦੀ ਰਸਮ ਅਦਾ ਕੀਤੀ ਗਈ। ਉਸ ਦੇ ਮਥੇ ਉਤੇ ਮਹਾਰਾਜਾ ਸ਼ੇਰ ਸਿੰਘ ਦੇ ਲਹੂ ਦਾ ਟਿਕਾ ਲਾਇਆ ਗਿਆ।

ਧਿਆਨ ਸਿੰਘ ਡੋਗਰੇ ਦੇ ਪੁਤ੍ਰ ਹੀਰਾ ਸਿੰਘ ਨੇ ਜਦ ਪਿਉ ਦੇ ਮਾਰੇ ਜਾਣ ਦੀ ਖਬਰ ਸੁਣੀ, ਤਾਂ ਬਹੁਤ ਦੁਖੀ ਹੋ ਕੇ ਰੋਇਆ ਪਰ ਉਸ ਦੇ ਚਾਚੇ ਸੁਚੇਤ ਸਿੰਘ ਨੇ ਉਸਨੂੰ ਧੀਰਜ ਦਿਤੀ ਅਤੇ ਕਿਹਾ—

"ਮਰਦ ਬਣ ਕੇ ਪਿਉ ਦੇ ਕਤਲ ਦਾ ਬਦਲਾ ਲਓ।"

ਇਸ ਪਰ ਰਾਜਾ ਹੀਰਾ ਸਿੰਘ ਨੇ ਸਿਖ ਫੌਜਾਂ ਦੇ ਸਾਹਮਣੇ ਜਾ ਕੇ ਰੋਣਾ ਸ਼ੁਰੂ ਕਰ ਦਿਤਾ। ਉਸ ਨੇ ਕਿਹਾ—

"ਖਾਲਸਾ ਜੀ ! ਸੰਧਾਂਵਾਲੀਏ ਅੰਗਰੇਜ਼ਾਂ ਦੇ ਆਦਮੀ ਹਨ। ਉਨ੍ਹਾਂ ਨੇ ਬੇਗੁਨਾਹ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਬੇਰਹਿਮੀ ਨਾਲ ਕਤਲ ਕਰ ਦਿਤਾ ਹੈ। ਮੇਰੇ ਪਿਤਾ ਧਿਆਨ ਸਿੰਘ ਨੂੰ ਵੀ ਮਾਰਿਆ ਹੈ।

"ਤੁਸੀਂ ਜਾਣਦੇ ਹੋ ਕਿ ਮ: ਰਣਜੀਤ ਸਿੰਘ ਮੇਰੇ ਪਿਤਾ ਨੂੰ ਸੱਜੀ ਬਾਂਹ ਤੇ ਮੈਨੂੰ ਆਪਣਾ ਪੁਤ੍ਰ ਸਮਝਦੇ ਸਨ। ਸੰਧਾਂਵਾਲੀਏ ਅੰਗਰੇਜ਼ਾਂ ਨਾਲ ਮਿਲੇ ਹੋਏ ਹਨ। ਉਹਨਾਂ ਨੇ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਇਸ ਲਈ ਮਾਰਿਆ ਹੈ ਕਿ ਪੰਜਾਬ ਪਰ ਅੰਗਰੇਜ਼ਾਂ ਦਾ ਕਬਜ਼ਾ ਕਰਵਾ ਦੇਣ।"

"ਖਾਲਸਾ ਜੀ ! ਤੁਸੀਂ ਸਿੱਖ ਰਾਜ ਬਚਾਉਣ ਲਈ ਕੋਈ ਉਪਰਾਲਾ ਕਰੋ।"

"ਮੈਂ ਸੁਗੰਧ ਖਾ ਕੇ ਕਹਿੰਦਾ ਹਾਂ ਕਿ ਹਰੇਕ ਪੈਦਲ ਸਿਪਾਹੀ ਦੀ ਤਨਖਾਹ ਬਾਰਾਂ ਰੁਪਏ ਅਤੇ ਘੋੜ ਸਵਾਰ ਦੀ ਤੀਹ ਰੁਪਏ ਕਰ ਦਿਆਂਗਾ। ਤੁਸੀਂ ਸੰਧਾਂਵਾਲੀਆਂ ਤੋਂ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਮੇਰੇ ਪਿਤਾ ਦੇ ਖੂਨ ਦਾ ਬਦਲਾ ਲਓ।" ਉਸਦੀ ਇਹ ਅਪੀਲ ਅਸਰ ਕਰ ਗਈ।

ਦੂਜੇ ਪਾਸੇ ਸੰਧਾਂਵਾਲੀਆਂ ਨੇ ਦਲੀਪ ਸਿੰਘ ਨੂੰ ਮਹਾਰਾਜਾ ਤੇ ਸ: ਲਹਿਣਾ ਸਿੰਘ ਸੰਧਾਂਵਾਲੀਆਂ ਨੂੰ ਵਜ਼ੀਰ ਬਣਾ ਦਿਤਾ। ਪਰ ਫੌਜਾਂ ਵਿਚ ਹੀਰਾ ਸਿੰਘ ਡੋਗਰੇ ਦੀ ਅਪੀਲ ਦਾ ਬਹੁਤ ਅਸਰ ਪਿਆ। ਫੌਜਾਂ ਸੰਧਾਂਵਾਲੀਆਂ ਦੇ ਸਖਤ ਵਿਰੁਧ ਹੋ ਗਈਆਂ।

ਇਧਰ ਸੰਧਾਂਵਾਲੀਆਂ ਨੇ ਚੁਲਾਕੀ ਕਰਕੇ ਧਿਆਨ ਸਿੰਘ ਦੀ ਲਾਸ਼ ਦੇ ਨਾਲ ਇਕ ਮੁਸਲਮਾਨ ਦੀ ਲਾਸ਼ ਦੇ ਤਿਨ ਟੁਕੜੇ ਰਖ ਕੇ

ਇਹ ਦਸਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਧਿਆਨ ਸਿੰਘ ਨੂੰ ਨਹੀਂ ਮਾਰਿਆ। ਇਕ ਮੁਸਲਮਾਨ ਨੇ ਕਤਲ ਕੀਤਾ ਹੈ, ਜਿਸਦੇ ਟੁਕੜੇ ਕੀਤੇ ਗਏ ਹਨ। ਪਰ ਇਸ ਗੱਲ ਦਾ ਫੌਜਾਂ ਤੇ ਕੋਈ ਵੀ ਅਸਰ ਨਾ ਹੋਇਆ।

ਉਸ ਵਕਤ ਸੰਧਾਂਵਾਲੀਏ ਲਾਹੌਰ ਕਿਲ੍ਹੇ ਵਿਚ ਸਨ। ਫੌਜ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਸਾਰੀ ਰਾਤ ਗੋਲਾਬਾਰੀ ਹੁੰਦੀ ਰਹੀ। ਕਿਲ੍ਹੇ ਦੀ ਅੱਧ ਫੌਜ ਮਾਰੀ ਗਈ। ਲਹਿਣਾ ਸਿੰਘ ਸੰਧਾਂ-ਵਾਲੀਏ ਨੂੰ ਗੋਲੀ ਵਜੀ। ਉਹ ਜ਼ਖਮੀ ਹੋ ਕੇ ਨਠਣ ਲਗਾ ਪਰ ਫੜਿਆ ਅਤੇ ਮਾਰਿਆ ਗਿਆ। ਸਿਪਾਹੀਆਂ ਨੇ ਉਸਦਾ ਸਿਰ ਵਢ ਕੇ ਰਾਜਾ ਹੀਰਾ ਸਿੰਘ ਦੇ ਪੇਸ਼ ਕੀਤਾ। ਅਜੀਤ ਸਿੰਘ ਵੀ ਮਾਰਿਆ ਗਿਆ। ਹੀਰਾ ਸਿੰਘ ਨੇ ਦੂਜੀ ਵੇਰ ਪੰਜ ਸਾਲ ਦੇ ਦਲੀਪ ਸਿੰਘ ਨੂੰ ਤਖਤ ਉਤੇ ਬਿਠਾਇਆ, ਅਤੇ ਆਪ ਪ੍ਰਧਾਨ ਮੰਤ੍ਰੀ ਬਣ ਗਿਆ। ਗਿ: ਗੁਰਮੁਖ ਸਿੰਘ ਤੇ ਮਿਸਰ ਬੇਲੀ ਰਾਮ ਵੀ ਮਾਰੇ ਗਏ। ਹੀਰਾ ਸਿੰਘ ਨੇ ਸੰਧਾਂਵਾਲੀਆਂ ਦੀ ਜਗੀਰ ਜ਼ਬਤ ਕਰ ਲਈ। ਰਾਜਾ ਸਾਂਸੀ ਵਿਚ ਉਨ੍ਹਾਂ ਦੇ ਮਕਾਨ ਗਿਰਾ ਦਿਤੇ। ਅਜੀਤ ਸਿੰਘ ਤੇ ਲਹਿਣਾ ਸਿੰਘ ਦੀਆਂ ਲਾਸ਼ਾਂ ਨੂੰ ਲਾਹੌਰ ਦੇ ਬਾਜ਼ਾਰਾਂ ਵਿਚ ਘਸੀਟਿਆ ਗਿਆ। ਕਾਵਾਂ ਕੁਤਿਆਂ ਅਗੇ ਸੁਟਿਆ ਗਿਆ।

ਸੰਧਾਂਵਾਲੀਆਂ ਨੇ ਆਪਣੀ ਗਲਤੀ ਨਾਲ, ਜਾਣ ਬੁਝ ਕੇ ਜਾਂ ਡੋਗਰਿਆਂ ਦੀ ਚਾਲ ਵਿਚ ਫਸ ਕੇ ਈਰਖਾ, ਦਵੈਸ਼ ਤੇ ਕਰੋਧ ਦੀ ਜੋ ਅੱਗ ਬਾਲੀ ਸੀ, ਉਹ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਭਸਮ ਕਰਨ ਦੇ ਨਾਲ ਹੀ ਅਜੀਤ ਸਿੰਘ ਤੇ ਲਹਿਣਾ ਸਿੰਘ ਨੂੰ ਵੀ ਖਤਮ ਕਰ ਗਈ। ਸ: ਅਤਰ ਸਿੰਘ ਫਿਰ ਸਤਲੁਜੋਂ ਪਾਰ ਚਲਾ ਗਿਆ।

ਸੰਮਤ 1843 ਵਿਚ ਜਦ ਅਜੀਤ ਸਿੰਘ ਸੰਧਾਂਵਾਲੀਏ ਨੇ ਮ: ਸ਼ੇਰ ਸਿੰਘ ਅਤੇ ਲਹਿਣਾ ਸਿੰਘ ਨੇ ਉਸ ਦੇ ਪੁਤ੍ਰ ਕੰਵਰ ਪ੍ਰਤਾਪ ਨੂੰ ਬੇਰਹਿਮੀ ਨਾਲ ਕਤਲ ਕਰ ਦਿਤਾ ਅਤੇ ਧਿਆਨ ਸਿੰਘ ਡੋਗਰੇ

ਨੂੰ ਵੀ ਮਾਰਿਆ, ਉਸ ਵਕਤ ਲਾਹੌਰ ਦਰਬਾਰ ਅਤੇ ਸਾਰੇ ਪੰਜਾਬ ਵਿਚ ਸਖਤ ਬੇਚੈਨੀ ਤੇ ਆਪਾ ਧਾਪੀ ਫੈਲ ਗਈ । ਸੰਧਾਂਵਾਲੀਆਂ ਨੇ ਪੰਜ ਸਾਲ ਦੇ ਬਚੇ ਮ: ਦਲੀਪ ਸਿੰਘ ਤੇ ਉਸਦੀ ਮਾਤਾ ਰਾਣੀ ਜਿੰਦਾਂ ਨੂੰ ਅਗੇ ਲਿਆਉਣ ਦਾ ਜਤਨ ਕੀਤਾ, ਪਰ ਦਲੀਪ ਸਿੰਘ ਨਾਬਾਲਗ ਸੀ । ਇਸ ਲਈ ਲਾਹੌਰ ਦਰਬਾਰ ਦੀ ਉਲਝੀ ਹੋਈ ਰਾਜਨੀਤਕ ਤਾਣੀ ਸੁਲਝ ਨਾ ਸਕੀ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਸ਼ੁਭਚਿੰਤਕ, ਵਫਾਦਾਰ ਸ੍ਰਦਾਰ ਅਤੇ ਸੈਨਾਪਤੀ ਇਸ਼ ਹਾਲਤ ਤੋਂ ਬਹੁਤ ਨਿਰਾਸ ਸਨ ।

ਧਿਆਨ ਸਿੰਘ ਦੇ ਮਾਰੇ ਜਾਣ ਨਾਲ ਵੀ ਡੋਗਰਿਆਂ ਦਾ ਅਸਰ ਖ਼ਤਮ ਨਾ ਹੋਇਆ । ਉਸਦਾ ਪੁਤ੍ਰ ਰਾਜਾ ਹੀਰਾ ਸਿੰਘ ਪ੍ਰਧਾਨ ਮੰਤ੍ਰੀ ਬਣ ਗਿਆ । ਉਸ ਨੇ ਜਲ੍ਹੇ ਮਿਸਰ ਨੂੰ ਜਿਸ ਦਾ ਅਸਲੀ ਨਾਂ ਜਵਾਲਾ ਸਹਾਇ ਸੀ–ਮੀਤ ਮੰਤ੍ਰੀ ਬਣਾਇਆ ।

ਧਿਆਨ ਸਿੰਘ ਡੋਗਰੇ ਨੇ ਮ: ਰਣਜੀਤ ਸਿੰਘ ਦੀ ਮੌਜੂਦਗੀ ਵਿਚ ਹੀ ਆਪਣੇ ਪੁਤਰ ਹੀਰਾ ਸਿੰਘ ਦਾ ਅਸਰ ਰਸੂਖ ਲਾਹੌਰ ਦਰਬਾਰ ਵਿਚ ਕਾਇਮ ਕਰ ਦਿਤਾ ਸੀ ।

ਗਿ: ਗਿਆਨ ਸਿੰਘ ਨੇ "ਰਾਜ ਖਾਲਸਾ" ਵਿਚ ਲਿਖਿਆ ਹੈ ਕਿ ਮ: ਰਣਜੀਤ ਸਿੰਘ ਹਰ ਰੋਜ਼ ਰਾਤ ਸਮੇਂ ਪੰਜ ਸੌ ਰੁਪਏ ਹੀਰਾ ਸਿੰਘ ਦੇ ਸਿਰਹਾਣੇ ਰਖਵਾ ਦੇਂਦੇ ਸਨ ਤਾਂ ਕਿ ਉਹ ਸਵੇਰੇ ਉਠ ਕੇ ਦਾਨ ਕਰੇ । ਉਸ ਨੇ ਦਸ ਵੀਹ ਰੁਪਏ ਦਾਨ ਕਰ ਦੇਣੇ ਅਤੇ ਬਾਕੀ ਰੁਪਏ ਘਰ ਭੇਜ ਦਿੰਦਾ ਸੀ ।

ਡੋਗਰਿਆਂ ਨੇ ਲਾਹੌਰ ਦਰਬਾਰ ਵਿਚ ਆਪਣੀ ਰਾਜਸੀ ਤਾਕਤ ਕਾਇਮ ਰਖਣ ਲਈ ਮ: ਰਣਜੀਤ ਸਿੰਘ ਦੇ ਖਾਨਦਾਨ ਨਾਲ ਵਿਸਾਹਘਾਤ ਅਤੇ ਗਦਾਰੀ ਕੀਤੀ । ਸੰਧਾਂਵਾਲੀਆਂ ਨੇ ਲਾਹੌਰ ਦਰਬਾਰ ਵਿਚ ਤਾਕਤ ਹਾਸਲ ਕਰਨ ਲਈ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਕਤਲ ਕਰਕੇ ਵਿਸਾਹਘਾਤ ਅਤੇ ਕੁਲ-ਘਾਤ ਕੀਤਾ ।

ਇਹ ਸਭ ਕੁਝ ਇਸ ਲਈ ਹੋਇਆ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਘਰਾਣੇ ਵਿਚ ਉਸ ਵਰਗਾ ਨੀਤੀਵਾਨ ਅਤੇ ਤੇਜਸਵੀ ਪੁਰਸ਼ ਕੋਈ ਨਹੀਂ ਸੀ ਰਿਹਾ।

ਜਿਸ ਤਰ੍ਹਾਂ ਸਰੀਰ ਦੇ ਨਿਰਬਲ ਹੋਣ ਨਾਲ ਕਈ ਰੋਗ ਉਸ ਤੇ ਹਮਲਾ ਕਰਕੇ ਉਸ ਨੂੰ ਨਸ਼ਟ ਕਰ ਦੇਂਦੇ ਹਨ, ਇਸ ਤਰ੍ਹਾਂ ਕਿਸੇ ਰਾਜ ਦੇ ਮੁਖੀ ਕਮਜ਼ੋਰ ਹੋਣ ਨਾਲ ਸੁਆਰਥੀ, ਸਾਜ਼ਸ਼ੀ, ਵਿਸ਼ਾਹਘਾਤੀ ਅਤੇ ਗਦਾਰ ਪ੍ਰਬਲ ਹੋ ਜਾਂਦੇ ਹਨ ਤੇ ਰਾਜ ਦਾ ਅੰਤ ਕਰ ਦੇਂਦੇ ਹਨ।

ਮ: ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦੇ ਮਾਰੇ ਜਾਣ ਪਰ ਸ: ਅਤਰ ਸਿੰਘ ਨਠ ਕੇ ਅੰਬਾਲੇ ਚਲਾ ਗਿਆ। ਉਸਨੂੰ ਡਰ ਸੀ ਕਿ ਰਾਜਾ ਹੀਰਾ ਸਿੰਘ ਉਸਦੇ ਪ੍ਰਵਾਰ ਨੂੰ ਖਤਮ ਕਰ ਦੇਵੇਗਾ। ਇਸ ਲਈ ਉਸਨੇ ਡਰਦੇ ਮਾਰੇ ਇਕ ਸਾਲ ਪਹਿਲਾਂ ਹੀ ਸਾਰਾ ਟਬਰ ਕਬੀਲਾ ਬਾਬਾ ਬੀਰ ਸਿੰਘ ਜੀ ਦੀ ਸ਼ਰਨ ਵਿਚ ਭੇਜ ਦਿਤਾ ਸੀ।

ਉਸ ਵਕਤ ਮ: ਰਣਜੀਤ ਸਿੰਘ ਦੇ ਪੁਤ੍ਰ ਕੰਵਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਆਪਣੀ ਜਗੀਰ ਪਰਗਣਾ ਸਿਆਲ ਕੋਟ ਤੇ ਕਿਲ੍ਹਾ ਕੜਿਆਂ ਵਾਲੇ ਵਿਚ ਸਨ। ਇਹ ਇਲਾਕਾ ਜੰਮੂ ਦੇ ਨਾਲ ਲਗਦਾ ਸੀ। ਇਸ ਲਈ ਗੁਲਾਬ ਸਿੰਘ ਡੋਗਰੇ ਦੀ ਰਾਜ ਕੁਮਾਰਾਂ ਨਾਲ ਅਣ ਬਣ ਰਹਿੰਦੀ ਸੀ। ਉਸਨੇ ਤਿੰਨ ਜਾਹਲੀ ਖਤ ਬਣਾ ਕੇ ਹੀਰਾ ਸਿੰਘ ਨੂੰ ਭੇਜੇ ਜਿਨ੍ਹਾਂ ਤੋਂ ਸਾਬਤ ਹੁੰਦਾ ਸੀ ਕਿ ਮ: ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਨੂੰ ਮਰਵਾਉਣ ਵਿਚ ਕੰਵਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਦਾ ਵੀ ਹਥ ਸੀ। ਉਹ ਸੰਧਾਂਵਾਲੀਆਂ ਤੇ ਅੰਗਰੇਜ਼ਾਂ ਨਾਲ ਮਿਲੇ ਹੋਏ ਹਨ।

ਗੁਲਾਬ ਸਿੰਘ ਨੇ ਇਸਦੀ ਪੁਸ਼ਟੀ ਲਈ ਕਸ਼ਮੀਰਾ ਸਿੰਘ ਦੇ ਇਕ ਵਿਸ਼ਵਾਸੀ ਕਪੂਰ ਸਿੰਘ ਦੀ ਗੁਵਾਹੀ ਵੀ ਪੇਸ਼ ਕਰ ਦਿਤੀ। ਹੀਰਾ ਸਿੰਘ ਡੋਗਰੇ ਨੇ ਦੋਹਾਂ ਰਾਜ ਕੁਮਾਰਾਂ ਦੀ ਜਗੀਰ ਜ਼ਬਤ ਕਰਨ ਦਾ ਹੁਕਮ ਦੇ ਦਿਤਾ ਤੇ ਉਹਨਾਂ ਦੀ ਗ੍ਰਿਫਤਾਰੀ ਲਈ ਫੌਜ

ਭੇਜ ਦਿਤੀ । ਰਾਜਕੁਮਾਰਾਂ ਨੇ ਬੜੀ ਸਫਾਈ ਪੇਸ਼ ਕੀਤੀ, ਪਰ ਉਨ੍ਹਾਂ ਦੀ ਕਿਸੇ ਨਾ ਸੁਣੀ ।

ਰਾਜਾ ਗੁਲਾਬ ਸਿੰਘ ਨੇ ਕਸ਼ਮੀਰ ਸਿੰਘ ਤੇ ਪਸ਼ੌਰਾ ਸਿੰਘ ਵਿਰੁਧ ਫੌਜ ਦਾ ਪਹਿਰਾ ਲਾ ਦਿਤਾ । ਉਨ੍ਹਾਂ ਨੂੰ ਪੰਜਾਹ ਹਜ਼ਾਰ ਜੁਰਮਾਨਾ ਕੀਤਾ ਗਿਆ, ਪਰ ਵੀਹ ਹਜ਼ਾਰ ਲੈ ਕੇ ਛਡ ਦਿਤਾ ਤੇ ਲਾਹੌਰ ਦਰਬਾਰ ਨੂੰ ਲਿਖ ਦਿਤਾ ਕਿ ਉਹ ਨਠ ਗਏ ਹਨ ।

ਗੁਲਾਬ ਸਿੰਘ ਦੀਆਂ ਧੋਖੇਬਾਜੀਆਂ ਤੋਂ ਤੰਗ ਆ ਕੇ ਦੋਹਾਂ ਭਰਾਵਾਂ ਨੇ ਉਸ ਦੇ ਵਿਰੁਧ ਲੜਨ ਦਾ ਫੈਸਲਾ ਕਰ ਲਿਆ । ਉਨ੍ਹਾਂ ਨੇ 200 ਸਿਪਾਹੀਆਂ ਨਾਲ ਗੁਲਾਬ ਸਿੰਘ ਦੇ 700 ਸਿਪਾਹੀਆਂ ਨੂੰ ਮਾਰ ਕੇ ਨਠਾ ਦਿਤਾ ।

ਹੀਰਾ ਸਿੰਘ ਡੋਗਰੇ ਨੇ ਲਾਹੌਰ ਤੋਂ ਸਿਖ ਫੌਜਾਂ ਕੰਵਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਨੂੰ ਫੜਣ ਲਈ ਭੇਜੀਆਂ ਸਨ, ਉਨ੍ਹਾਂ ਨੇ ਰਾਜ ਕੁਮਾਰਾਂ ਵਿਰੁਧ ਲੜਨ ਤੋਂ ਇਨਕਾਰ ਕਰ ਦਿਤਾ । ਇਸ ਲਈ ਲਾਹੌਰ ਤੋਂ ਦੋ ਪਲਟਨਾਂ ਰਾਜਾ ਧਿਆਨ ਸਿੰਘ ਦੀਆਂ ਪੰਜ ਸੌ ਸਵਾਰ ਤੇ ਛੇ ਤੋਪਾਂ ਭੇਜੀਆਂ ਗਈਆਂ । ਰਾਜ ਕੁਮਾਰਾਂ ਨੇ ਚੰਗੀ ਤਕੜੀ ਲੜਾਈ ਮਗਰੋਂ ਸਿਆਲ ਕੋਟ ਦਾ ਕਿਲ੍ਹਾ ਤੇ ਸ਼ਹਿਰ ਖਾਲੀ ਕਰ ਦਿਤਾ । ਅਤੇ ਸੰਤ ਬਾਬਾ ਬੀਰ ਸਿੰਘ ਜੀ ਪਾਸ ਚਲੇ ਗਏ ।

ਹੀਰਾ ਸਿੰਘ ਨੇ ਰਾਣੀ ਜਿੰਦਾਂ ਦੇ ਭਰਾ ਤੇ ਦਲੀਪ ਸਿੰਘ ਦੇ ਮਾਮੇ ਜਵਾਹਰ ਸਿੰਘ ਨੂੰ ਵੀ ਕੈਦ ਕਰ ਦਿਤਾ ।

੧੧.

ਬਾਬਾ ਖੁਦਾ ਸਿੰਘ ਜੀ ਨਾਲ ਮੁਲਾਕਾਤ

ਜਾ-ਨਸ਼ੀਨ ਦੀ ਚੋਣ

ਰਾਜਾ ਹੀਰਾ ਸਿੰਘ ਡੋਗਰੇ ਨੇ ਬਾਬਾ ਬੀਰ ਸਿੰਘ ਜੀ ਨੂੰ ਵੀ ਮਾਰਨ ਦਾ ਇਰਾਦਾ ਕਰ ਲਿਆ । ਉਸ ਵਕਤ ਬਾਬਾ ਜੀ ਮਾਝੇ ਦੇ ਪਿੰਡਾਂ ਵਿਚ ਪ੍ਰਚਾਰ ਕਰ ਰਹੇ ਸਨ ।

"ਬੀਰ ਮ੍ਰਿਗੇਸ਼" ਵਿਚ ਲਿਖਿਆ ਹੈ ਕਿ ਬਾਬਾ ਜੀ ਜ਼ਿਲਾ ਅੰਮ੍ਰਿਤਸਰ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਨਗਰ ਨਾਗੋਕੇ ਵਿਚ ਜਾ ਉਤਰੇ। ਉਸ ਵਕਤ ਆਪਦੇ ਸੇਵਕ ਬਾਬਾ ਖੁਦਾ ਸਿੰਘ ਜੀ ਖਡੂਰ ਸਾਹਿਬ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਤਪ ਅਸਥਾਨ ਗੁਰਦਵਾਰਾ ਤਪਿਆਣਾ ਸਾਹਿਬ 'ਚ ਸਨ । ਬਾਬਾ ਬੀਰ ਸਿੰਘ ਜੀ ਵਲੋਂ ਭਾਈ ਮਖਣ ਸਿੰਘ ਪੁਜਾਰੀ ਨੇ ਜਾ ਕੇ ਬੇਨਤੀ ਕੀਤੀ–"ਮਹਾਰਾਜ ਨੇ ਆਪ ਨੂੰ ਯਾਦ ਕੀਤਾ ਹੈ । ਆਪ ਦੀ ਸੁਆਰੀ ਲਈ ਹਥਨੀ ਭੇਜੀ ਹੈ ।"

ਬਾਬਾ ਖੁਦਾ ਸਿੰਘ ਜੀ ਨੇ ਬੜੀ ਨਿੰਮ੍ਰਤਾ ਨਾਲ ਉਤਰ ਦਿਤਾ–"ਸੰਤ ਪੁਰਸ਼ਾਂ ਦੇ ਦਰਸ਼ਨ ਕਰਨ ਲਈ ਜਾਈਏ ਤਾਂ ਹਾਥੀ ਘੋੜਿਆਂ ਤੇ ਚੜ੍ਹਕੇ ਨਹੀਂ ਜਾਈਦਾ । ਸਾਡੇ ਵਲੋਂ ਹਜ਼ੂਰ ਦੇ ਚਰਨਾਂ ਤੇ ਨਮਸਕਾਰ ਕਰਨੀ । ਇਸ ਵਕਤ ਨਾਗੋਕੇ ਜਾਣ ਨੂੰ ਜੀਅ ਨਹੀਂ ਕਰਦਾ ।

ਭਾਈ ਮਖਣ ਸਿੰਘ ਬਾਬਾ ਖੁਦਾ ਸਿੰਘ ਜੀ ਦਾ ਉਤਰ ਸੁਣਕੇ

ਨਿਰਾਸ ਵਾਪਸ ਚਲਾ ਗਿਆ । ਉਸ ਨੇ ਸੰਤ ਬਾਬਾ ਬੀਰ ਸਿੰਘ ਜੀ ਨੂੰ ਦਸਿਆ ਕਿ ਬਾਬਾ ਖੁਦਾ ਸਿੰਘ ਜੀ ਆਉਣ ਲਈ ਤਿਆਰ ਨਹੀਂ ਹਨ । ਬਾਬਾ ਜੀ ਨੇ ਫਿਰ ਕੁਝ ਸਿਖ ਭੇਜੇ, ਪਰ ਬਾਬਾ ਖੁਦਾ ਸਿੰਘ ਜੀ ਨਾ ਆਏ ।

ਨਗਰ ਨਾਗੋਕੇ ਵਿਚ ਦੀਵਾਨ ਸਜਿਆ ਹੋਇਆ ਸੀ । ਪ੍ਰੇਮੀਆਂ ਨੇ ਬਾਬਾ ਜੀ ਨੂੰ ਜਾ ਕੇ ਦਸਿਆ ਕਿ ਖੁਦਾ ਸਿੰਘ ਜੀ ਆਉਣ ਤੋਂ ਇਨਕਾਰੀ ਹਨ । ਇਹ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ—

"ਹੁਣ ਅਸੀਂ ਅੰਤਰ ਧਿਆਨ ਹੋ ਕੇ ਖੁਦਾ ਸਿੰਘ ਜੀ ਨੂੰ ਸਦਾਂਗੇ । ਸੰਗਤ ਜਗਰਾਤਾ ਕਰਕੇ ਭਜਨ ਕੀਰਤਨ ਕਰੇ । ਅੰਮ੍ਰਿਤ ਵੇਲੇ ਦੀਵਾਨ ਦੀ ਸਮਾਪਤੀ ਤੇ ਵਰਤਾਉਣ ਲਈ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾਵੇ ।"

ਦੀਵਾਨ ਵਿਚ ਸਾਰੀ ਰਾਤ ਭਜਨ ਕੀਰਤਨ ਹੁੰਦਾ ਰਿਹਾ । ਸੰਤ ਬਾਬਾ ਬੀਰ ਸਿੰਘ ਜੀ ਸਮਾਧੀ ਵਿਚ ਬੈਠ ਗਏ । ਦੂਜੇ ਪਾਸੇ ਸ੍ਰੀ ਖਡੂਰ ਸਾਹਿਬ ਵਿਚ ਅੰਮ੍ਰਿਤ ਵੇਲੇ ਬਾਬਾ ਖੁਦਾ ਸਿੰਘ ਜੀ ਸੋਚ ਇਸ਼ਨਾਨ ਲਈ ਉਠੇ ਤਾਂ ਉਹਨਾਂ ਨੂੰ ਅਜਿਹੀ ਖਿੱਚ ਪਈ ਨੰਗੇ ਪੈਰੀਂ ਨਾਗੋਕੇ ਵਲ ਦੌੜ ਪਏ । ਦੀਵਾਨ ਵਿਚ ਹਾਜ਼ਰ ਹੋ ਕੇ ਆਪ ਨੇ ਨਮਸਕਾਰ ਕੀਤੀ । ਬਾਬਾ ਬੀਰ ਸਿੰਘ ਜੀ ਨੇ ਉਹਨਾਂ ਨੂੰ ਸੰਬੋਧਨ ਕਰਕੇ ਕਿਹਾ—

"ਤੁਸੀਂ ਤਾਂ ਆਉਣ ਤੋਂ ਇਨਕਾਰੀ ਸਓ । ਹੁਣ ਕਿਸ ਤਰ੍ਹਾਂ ਆ ਗਏ ?"

ਬਾਬਾ ਖੁਦਾ ਸਿੰਘ ਜੀ—"ਜਿਵੇਂ ਮੱਛੀ ਕੁੰਡੀ ਨਾਲ ਖਿੱਚੀ ਆਉਂਦੀ ਹੈ, ਆਪ ਦੀ ਸਿਮਰਨ ਸ਼ਕਤੀ ਨੇ ਖਿੱਚ ਲਿਆਂਦਾ ਹੈ ।"

ਬਾਬਾ ਬੀਰ ਸਿੰਘ ਜੀ—"ਆਉਣ ਤੋਂ ਇਨਕਾਰ ਕਰਨ ਦਾ ਕੀ ਕਾਰਨ ਸੀ ?"

ਬਾਬਾ ਖੁਦਾ ਸਿੰਘ—"ਆਪ ਦੇ ਹੁਕਮ ਦੀ ਉਲੰਘਣਾ ਕਰਨੀ ਸੇਵਕ ਵਾਸਤੇ ਅਸੰਭਵ ਸੀ, ਪਰ ਥੋਹੜੇ ਦਿਨਾਂ ਵਿਚ ਆਪ ਦੇ

ਦੇ ਨਾਲ ਜੋ ਭਾਣਾ ਵਰਤਣਾ ਹੈ, ਉਹ ਦਰਦਨਾਕ ਦ੍ਰਿਸ਼ ਮੇਰੇ ਪਾਸੋਂ ਵੇਖਿਆ ਨਹੀਂ ਜਾ ਸਕਦਾ । ਆਪ ਦਾ ਸਰੀਰ ਗੋਲੀਆਂ ਨਾਲ ਛਾਨਣੀ ਹੋ ਜਾਏ ਅਤੇ ਤੋਪਾਂ ਦੇ ਗੋਲਿਆਂ ਨਾਲ ਸਰੀਰ ਦੇ ਤੂੰਬੇ ਪਏ ਉਡਣ, ਬੁਰਛੇ ਬੇਦੋਸਿਆਂ ਨੂੰ ਮਾਰ ਦੇਣ, ਅਸੀਂ ਇਸ ਨੂੰ ਦੇਖੀਏ ਅਸੰਭਵ ਹੈ ।"

ਬਾਬਾ ਖੁਦਾ ਸਿੰਘ ਜੀ ਦੇ ਇਹ ਅਗੰਮੀ ਤੇ ਭਵਿਖਤ ਵਾਕ ਸੁਣ ਕੇ ਸੰਤ ਬਾਬਾ ਬੀਰ ਸਿੰਘ ਜੀ ਨੇ ਕਿਹਾ--

"ਲਾਹੌਰ ਦਰਬਾਰ ਤੇ ਸਿਖ ਰਾਜ ਦੇ ਹਾਲਾਤ ਦਸਦੇ ਹਨ ਕਿ ਅਸੀਂ ਬੁਰਛਿਆਂ ਦੇ ਹਥੋਂ ਮਾਰੇ ਜਾਣਾ ਹੈ ਤੇ ਆਪ ਦੇ ਭਵਿਖਤ ਵਾਕ ਸਤ ਹੋਣਗੇ । ਪਰ ਵਾਹਿਗੁਰੂ ਦਾ ਇਹ ਭਾਣਾ ਅਮਿੱਟ ਹੈ। ਅਸੀਂ ਉਸ ਵਿਚ ਰਾਜ਼ੀ ਰਹਿ ਕੇ ਸਰੀਰ ਤਿਆਗਨਾ ਹੈ । ਜਿਸ ਸਰੀਰ ਨੇ ਇਕ ਦਿਨ ਨਾਸ਼ ਹੋ ਜਾਣਾ ਹੈ, ਉਸ ਦੇ ਤਿਆਗਣ ਵਿਚ ਸ਼ੋਕ ਕਿਉਂ ਕਰੀਏ ?"

"ਅਸੀਂ ਆਪਣੀ ਜ਼ਿੰਦਗੀ ਵਿਚ ਸਤਿਗੁਰੂਆਂ ਦੇ ਪਵਿਤ੍ਰ ਧਰਮ ਨੂੰ ਪ੍ਰਚਾਰਿਆ ਹੈ। ਪਰ ਹੁਣ ਇਸ ਸਰੀਰ ਦਾ ਭਾਂਡਾ "ਮਲੇਛ ਪੰਥ" ਦੇ ਸਿਰ ਭੰਨਣਾ ਹੈ ਜਿਸ ਸਰੀਰ ਨੇ ਸਦੀਵ ਨਹੀਂ ਰਹਿਣਾ ਉਸਦੇ ਤਿਆਗਣ ਵਿਚ ਕੋਈ ਖੇਦ ਨਹੀਂ ਹੋਣਾ ਚਾਹੀਦਾ ਤੁਸੀਂ ਹੁਣ ਸਾਡੀ ਥਾਂ ਸੰਭਾਲੋ ਲੰਗਰ ਤੇ ਨੌਰੰਗਾਬਾਦ ਦੇ ਡੇਰੇ ਦਾ ਕੰਮ ਕਾਰ ਚਲਾਓ।

ਬਾਬਾ ਖੁਦਾ ਸਿੰਘ—"ਆਪ ਬੁਰਛਿਆਂ ਦੇ ਹਥੋਂ ਮਾਰੇ ਜਾਓ। ਸੀਨੇ ਵਿਚ ਗੋਲੀਆਂ ਖਾਕੇ ਸ਼ਹੀਦੀ ਪਾਓ ਤੇ ਅਸੀਂ ਡੇਰੇ ਦਾਰ ਬਣ ਕੇ ਸੁਖ ਦੀ ਜ਼ਿੰਦਗੀ ਬਤੀਤ ਕਰੀਏ, ਇਹ ਗਲ ਸੋਭਦੀ ਨਹੀਂ ।

ਬਾਬਾ ਬੀਰ ਸਿੰਘ ਜੀ--"ਜਿਵੇਂ ਆਪ ਦੀ ਰਜ਼ਾ।"

ਇਸ ਤੋਂ ਉਪਰੰਤ ਬਾਬਾ ਜੀ ਨੇ ਮਾਝੇ ਦੇ ਕਈ ਪਿੰਡਾਂ ਵਿਚ ਧਰਮ ਦਾ ਉਪਦੇਸ਼ ਕਰਦੇ ਹੋਏ ਆਪਣੇ ਸ਼ਹੀਦੀ ਖੇਤਰ ਹਰੀ ਕੇ ਪੱਤਨ ਵਲ ਕੂਚ ਕੀਤਾ । ਲੰਗਰ ਦੇ ਸੇਵਕ ਮਹਾਰਾਜ ਸਿੰਘ ਜੀ ਨੂੰ ਆਪਣਾ-ਜਾਨਸ਼ੀਨ ਨੀਯਤ ਕਰ ਦਿਤਾ ।

੧੨.

ਸੂਰਬੀਰ ਬਚਨ ਕੇ ਬਲੀ

ਜਦ ਰਾਜਾ ਹੀਰਾ ਸਿੰਘ ਨੂੰ ਇਹ ਇਤਲਾਹ ਮਿਲੀ ਕਿ ਸ: ਅਤਰ ਸਿੰਘ ਸੰਧਾਵਾਲੀਆਂ, ਕੰਵਰ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਸ: ਹਰੀ ਸਿੰਘ ਨਲੂਏ ਦਾ ਪੁਤਰ ਸ: ਜਵਾਹਰ ਸਿੰਘ ਆਪੋ ਆਪਣੀਆਂ ਫੌਜਾਂ ਲੈ ਕੇ ਬਾਬਾ ਬੀਰ ਸਿੰਘ ਜੀ ਪਾਸ ਪੁਜ ਗਏ ਹਨ, ਤਦ ਉਸ ਨੂੰ ਬੜੀ ਚਿੰਤਾ ਪੈ ਗਈ । ਉਸ ਨੇ ਫੌਜ ਦੇ ਸਾਰੇ ਸਰਦਾਰਾਂ ਨੂੰ ਸਦ ਕੇ ਕਿਹਾ—

"ਤੁਹਾਨੂੰ ਪਤਾ ਹੈ ਕਿ ਅਤਰ ਸਿੰਘ ਅੰਗਰੇਜ਼ਾਂ ਪਾਸੋਂ ਆਇਆ ਹੈ ! ਉਸ ਨੇ ਉਹਨਾਂ ਨਾਲ ਇਕਰਾਰ ਕੀਤਾ ਹੈ ਕਿ ਮੈਨੂੰ ਬਾਬਾ ਬੀਰ ਸਿੰਘ ਦੀ ਮਦਦ ਨਾਲ ਵਜੀਰ ਬਣਾ ਦਿਓ । ਮੈਂ ਤੁਹਾਡੀ ਫੌਜ ਦਾ ਕਬਜ਼ਾ ਲਾਹੌਰ ਉਤੇ ਕਰਵਾ ਦਿਆਂਗਾ ।

"ਖਾਲਸਾ ਜੀ ! ਜੇ ਤੁਸੀਂ ਮੈਨੂੰ ਵਜੀਰੀ ਤੋਂ ਹਟਾਣਾ ਚਾਹੁੰਦੇ ਹੋ ਤਾਂ ਮੈਨੂੰ ਹੁਕਮ ਦਿਓ ਮੈਂ ਆਪਣੇ ਇਲਾਕੇ (ਜੰਮੂ ਵਲ) ਚਲਾ ਜਾਵਾਂਗਾ । ਜੇ ਤੁਹਾਡੀ ਮਰਜ਼ੀ ਮੈਨੂੰ ਕਤਲ ਕਰਨ ਦੀ ਹੈ ਤਾਂ ਆਹ ਲੌ ਤਲਵਾਰ ਤੇ ਮਾਰ ਦਿਓ । ਬਾਬਾ ਬੀਰ ਸਿੰਘ ਰਾਜ ਘਰਾਣੇ ਨੂੰ ਖਤਮ ਕਰਨ ਵਾਲੇ ਸੰਧਾਵਾਲੀਆਂ ਨੂੰ ਵਜ਼ੀਰ ਬਨਾਉਣਾ ਚਾਹੁੰਦਾ ਹੈ ।

ਇਸ ਤਰ੍ਹਾਂ ਹੀਰਾ ਸਿੰਘ ਡੋਗਰੇ ਨੇ ਸਿਖ ਫੌਜਾਂ ਨੂੰ ਬਾਬਾ ਜੀ ਦੇ ਵਿਰੁਧ ਉਭਾਰਿਆ ।

ਸ: ਅਤਰ ਸਿੰਘ ਸੰਧਾਵਾਲੀਆ ਜਦ ਬਾਬਾ ਬੀਰ ਸਿੰਘ ਦੀ ਸ਼ਰਨ ਵਿਚ ਗਿਆ, ਉਸ ਵਕਤ ਦੇ ਅਖੀ ਡਿਠੇ ਹਾਲਾਤ ਬਾਬਾ ਜੀ ਦੇ ਨਿਕਟਵਰਤੀ *ਭਾਈ ਮੋਹਰ ਸਿੰਘ ਨੇ ਇਉਂ ਬਿਆਨ ਕੀਤੇ—

ਸੰਤ ਬਾਬਾ ਬੀਰ ਸਿੰਘ ਜੀ ਸੁਭਰਾਵੀਂ ਦਰਿਆ ਦੇ ਕੰਢੇ ਉਤਰੇ ਹੋਏ ਸਨ। ਦਿਨ ਚੜ੍ਹਦੇ ਨੂੰ ਆਸਾ ਦੀ ਵਾਰ ਦਾ ਭੋਗ ਪਿਆ। ਬੇੜਾ ਅਤਰ ਸਿੰਘ ਸੰਧਾਵਾਲੀਏ ਦਾ ਢਾਹੇ ਹੇਠ ਆਣ ਲਗਾ। ਇਕ ਸਿਖ ਨੇ ਅਰਦਾਸ ਕੀਤੀ, ਜੀ ਅਤਰ ਸਿੰਘ ਦਾ ਬੇੜਾ ਆਣ ਲਗਾ ਹੈ। ਤਾਂ ਬਾਬਾ ਜੀ ਆਖਿਆ, ਬਾਹਾਂ ਫੜਕੇ ਉਤੇ ਚੜ੍ਹਾ ਲਿਆਓ। ਤਿਸ ਨੇ ਪੋਟਲੀ ਰੁਪਿਆਂ ਦੀ ਸਾਹਿਬ ਦੇ ਅਗੇ ਲਿਆ ਰੱਖੀ ਤਾਂ ਉਹ ਕਹਿਣ ਲਗੇ—"ਸੁਣ ਸਿਖਾ ਅਸੀਂ ਵਰ੍ਹਾ ਦਿਨ ਤੇਰੇ ਕੁਟੰਬ ਨੂੰ ਟੁਕੜਾ ਮੰਗ ਕੇ ਪਾਲਿਆ ਹੈ। ਤੂੰ ਇਸੇ ਬੇੜੀ ਤੇ ਚੜ੍ਹਾ ਲੈ ਤੇ ਪਾਰ ਲੈ ਜਾ।"

ਤਾਂ ਅਤਰ ਸਿੰਘ ਨੇ ਕਿਹਾ, "ਨਾ ਮਹਾਰਾਜ ਮੈਨੂੰ ਚਰਨਾਂ ਵਿਚ ਰਖੋ।"

ਤਾਂ ਸਾਹਿਬ ਕਿਹਾ, "ਸਾਡੇ ਕੋਲ ਕੋਈ ਕੋਟ ਨਾਹੀਂ, ਅਸੀਂ ਕਿਥੇ ਰਖੀਏ।"

ਤਾਂ ਫਿਰ ਉਸ ਕਿਹਾ—"ਨਾ ਮਹਾਰਾਜ, ਮੈਨੂੰ ਮਆਪ ਧੱਕਾ ਨਾ ਦਿਓ ਐਸ ਵੇਲੇ।"

ਤਾਂ ਸਾਹਿਬ ਕਿਹਾ—"ਤੂੰ ਫਰੰਗੀ ਦੇ ਰਾਜ ਵਿਚ ਲੰਘ ਜਾ।"

ਤਾਂ ਅਗੋਂ ਉਸ ਕਿਹਾ—"ਮਹਾਰਾਜਾ ਮੇਰਾ ਸੀਸ ਤੁਹਾਡਾ ਹੋਇਆ।

---

*ਭਾਈ ਮੋਹਰ ਸਿੰਘ ਦੀ ਲਿਖਵਾਈ ਹੋਈ ਇਕ ਹੱਥ-ਲਿਖਤ ਪੋਥੀ "ਗੁਰ ਬਿਲਾਸ ਬਾਬਾ ਬੀਰ ਸਿੰਘ" 98 ਸਫੇ ਦੀ ਲਿਖਤ ਬਾਬਾ ਖੜਕ ਸਿੰਘ, ਦਮਦਮਾ ਸਾਹਿਬ ਪਿੰਡ ਠੱਟਾ ਜ਼ਿਲਾ ਕਪੂਰਥਲਾ ਵਿਚ ਮੌਜੂਦ ਹੈ ਉਸ ਵਿਚੋਂ ਇਹ ਲਿਖਤ ਅੰਕਤ ਕੀਤੀ ਗਈ ਹੈ। ਪ. ਸ.

ਤਾਂ ਸਾਹਿਬ ਕਿਹਾ—"ਸਗੋਂ ਸਾਡਾ ਸਰੀਰ ਵੀ ਤੁਹਾਡੀ ਭੇਟ ਹੋਇਆ।"

ਭਾਈ ਮੋਹਰ ਸਿੰਘ ਦੇ ਇਸ ਬਿਆਨ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਬਾਬਾ ਜੀ ਨੇ ਕਿਸੇ ਰਾਜਸੀ-ਦ੍ਰਿਸ਼ਟੀ ਕੋਣ ਨੂੰ ਮੁਖ ਰਖ ਕੇ ਅਤਰ ਸਿੰਘ ਨੂੰ ਪਨਾਹ ਨਹੀਂ ਦਿਤੀ।

ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਸੇਵਾ ਕੀਤੀ ਸੀ, ਉਸੇ ਤਰ੍ਹਾਂ ਗੁਰੂ ਦੇ ਪੂਰਨਿਆਂ ਤੇ ਚਲ ਕੇ ਬਾਬਾ ਜੀ ਨੇ ਅਤਰ ਸਿੰਘ ਨੂੰ ਪਨਾਹ ਦਿਤੀ।

ਬਾਬਾ ਜੀ ਨੇ ਸ: ਅਤਰ ਸਿੰਘ ਨੂੰ ਕਿਹਾ, "ਜਿੰਨਾਂ ਚਿਰ ਹੋ ਸਕਿਆ, ਅਸੀਂ ਤੇਰੇ ਪ੍ਰਵਾਰ ਦੀ ਸੇਵਾ ਤੇ ਸੰਭਾਲ ਕੀਤੀ ਹੈ, ਪਰ ਹੁਣ ਤੂੰ ਆਪਣੇ ਪ੍ਰਵਾਰ ਨੂੰ ਸਤਲੁਜੋਂ ਪਾਰ ਜਾਂ ਜਿਥੇ ਚਾਹੇਂ, ਉਥੇ ਲਿਜਾ ਸਕਦਾ ਹੈਂ। ਸਾਡੇ ਸਿਰ ਜੋ ਬੀਤੇਗੀ, ਅਸੀਂ ਝਲ ਲਵਾਂਗੇ।"

ਸ: ਅਤਰ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ—"ਮੇਰੇ ਪ੍ਰਵਾਰ ਬਦਲੇ ਰਾਜਾ ਹੀਰਾ ਸਿੰਘ ਆਪ ਦਾ ਵਿਰੋਧੀ ਬਣ ਗਿਆ ਹੈ ਅਤੇ ਆਪ ਨਾਲ ਵੈਰ ਰਖਦਾ ਹੈ। ਜੇ ਮੈਂ ਹੁਣ ਆਪਣੇ ਟਬਰ-ਕਬੀਲੇ ਨੂੰ ਲੈ ਕੇ ਕਿਦਰੇ ਨਠਣ ਦਾ ਜਤਨ ਕਰਾਂ ਤਾਂ ਮੈਨੂੰ ਕਿਸ ਨਠਣ ਦੇਣਾ ਹੈ? ਇਸ ਲਈ ਮੈਂ ਆਪ, ਮੇਰਾ ਪ੍ਰਵਾਰ ਤੇ ਜੋ ਜੁਆਈ ਆਪ ਦੀ ਸ਼ਰਨ ਵਿਚ ਹਾਂ। ਜੋ ਹਾਲ ਆਪ ਦਾ ਹੋਵੇਗਾ, ਸੋ ਸਾਡਾ ਹੋਵੇਗਾ। ਜਿਸ ਤਰ੍ਹਾਂ ਗੜੇ ਖੇਤੀ ਨੂੰ ਮਾਰਦੇ ਹਨ, ਪਰ ਨਾਲ ਹੀ ਆਪ ਵੀ ਗਲ ਜਾਂਦੇ ਹਨ, ਇਸੇ ਤਰ੍ਹਾਂ ਹੁਣ ਅਸੀਂ ਕਿਤੇ ਨਹੀਂ ਜਾਣਾ, ਆਪ ਦੇ ਨਾਲ ਹੀ ਖਤਮ ਹੋ ਜਾਵਾਂਗੇ।"

ਇਹ ਆਖ ਕੇ ਸ: ਅਤਰ ਸਿੰਘ ਨੇ ਆਪਣਾ ਸੀਸ ਸੰਤਾਂ ਦੇ ਚਰਨਾਂ ਤੇ ਰਖ ਦਿਤਾ।

ਸੰਤ ਬਾਬਾ ਬੀਰ ਸਿੰਘ ਜੀ ਨੇ ਕਿਹਾ—"ਚੰਗਾ ਅਤਰ ਸਿੰਘ! ਹੁਣ ਕਰਤਾਰ ਦੇ ਭਾਣੇ ਵਿਚ ਜੋ ਹੋਵੇਗਾ, ਉਸ ਨੂੰ ਖਿੜੇ ਮਥੇ ਸਹਾਰਾਂਗੇ।"

"ਜੋ ਸਰਣਿ ਆਵੈ ਤਿਸ ਕੰਠ ਲਾਵੈ
ਇਹ ਬਿਰਦ ਸੁਆਮੀ ਸੰਦਾ"

ਦੇ ਮਹਾਨ ਵਾਕ ਨੂੰ ਆਪ ਨੇ ਪੂਰਾ ਕਰ ਵਿਖਾਇਆ।

ਜਦ ਲਾਹੌਰ ਦਰਬਾਰ ਵਿਚ ਰਾਜਾ ਹੀਰਾ ਸਿੰਘ ਨੂੰ ਇਤਲਾਹ ਮਿਲੀ ਕਿ ਸ: ਅਤਰ ਸਿੰਘ ਸੰਧਵਾਲੀਆਂ, ਬਾਬਾ ਬੀਰ ਸਿੰਘ ਜੀ ਦੀ ਚਰਨ ਸ਼ਰਨ ਵਿਚ ਚਲਾ ਗਿਆ ਹੈ। ਉਸ ਦੇ ਨਾਲ ਰਾਜ ਕੁਮਾਰ ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ ਅਤੇ ਸ੍ਰਦਾਰ ਜਵਾਹਰ ਸਿੰਘ ਨਲੂਆ ਵੀ ਆਪੋ ਆਪਣੀਆਂ ਫੌਜਾਂ ਲੈ ਕੇ ਬਾਬਾ ਜੀ ਦੀ ਚਰਨ ਸ਼ਰਨ ਵਿਚ ਪੁਜ ਗਏ ਹਨ, ਤਦ ਉਸ ਨੇ ਦਰਬਾਰ ਕਰਕੇ ਜਲੇ ਮਿਸਰ ਤੇ ਸਰਦਾਰਾਂ ਨੂੰ ਕਿਹਾ—

"ਸੰਧਾਵਾਲੀਏ ਮੇਰੇ ਦੁਸ਼ਮਨ ਹਨ, ਜਿਨ੍ਹਾਂ ਨੇ ਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਮੇਰੇ ਪਿਤਾ ਧਿਆਨ ਸਿੰਘ ਨੂੰ ਕਤਲ ਕਰ ਦਿਤਾ ਹੈ। ਉਹ ਸਾਨੂੰ ਕਿਸ ਤਰ੍ਹਾਂ ਛਡਣਗੇ ? ਪਰ ਸ: ਅਤਰ ਸਿੰਘ ਬਾਬਾ ਬੀਰ ਸਿੰਘ ਜੀ ਦੀ ਸ਼ਰਨ ਵਿਚ ਚਲਾ ਗਿਆ ਹੈ। ਬਾਬਾ ਜੀ ਸ: ਰਣਜੀਤ ਸਿੰਘ ਦੇ ਸਮੇਂ ਤੋਂ ਲੈਕੇ ਹੁਣ ਤੀਕ ਰਾਜ ਗੁਰੂ ਸਮਝੇ ਜਾਂਦੇ ਹਨ, ਉਨ੍ਹਾਂ ਨੂੰ ਹੱਥ ਪਾਉਣਾ ਸਾਡੇ ਲਈ ਕਠਨ ਹੈ। ਕੋਈ ਅਜਿਹੀ ਵਿਉਂਤ ਦਸੋ ਜਿਸ ਨਾਲ ਅਸੀਂ ਸ੍ਰਦਾਰ ਅਤਰ ਸਿੰਘ ਨੂੰ ਫੜ ਲਈਏ, ਪਰ ਸੰਤ ਬਾਬਾ ਬੀਰ ਜੀ ਨੂੰ ਲਾਂਭੇ ਕਰ ਦਈਏ।"

ਜਲੇ ਨੇ ਉਤਰ ਦਿਤਾ—"ਆਪ ਪਹਿਲਾਂ ਕੁਝ ਸ੍ਰਦਾਰਾਂ ਨੂੰ ਬਾਬਾ ਜੀ ਪਾਸ ਭੇਜੋ ਤੇ ਕਹੋ ਕਿ ਉਹ ਸ੍ਰਦਾਰ ਅਤਰ ਸਿੰਘ ਨੂੰ ਤੁਹਾਡੇ ਹਵਾਲੇ ਕਰ ਦੇਣ, ਜੇ ਨਾ ਮੰਨਣ ਤਾਂ ਫੌਜ ਭੇਜ ਕੇ ਤੋਪਾਂ ਡਾਹ ਕੇ ਉਨ੍ਹਾਂ ਦੇ ਡੇਰੇ ਨੂੰ ਉਡਾ ਦਿਓ। ਇਸ ਗੱਲ ਦਾ ਤੁਹਾਡੇ ਸਿਰ ਕੋਈ ਦੋਸ਼ ਜਾਂ ਪਾਪ ਨਹੀਂ ਹੋਵੇਗਾ।"

ਰਾਜਾ ਹੀਰਾ ਸਿੰਘ ਤੇ ਜਲੇ ਨੇ ਇਸ ਵਿਉਂਤ ਅਨੁਸਾਰ ਇਕ ਚਿੱਠੀ ਸੰਤ ਬਾਬਾ ਬੀਰ ਸਿੰਘ ਦੇ ਨਾਂ ਲਿਖੀ, ਜਿਸ ਵਿਚ ਦਰਜ ਸੀ

"ਅਸੀਂ ਆਪ ਦੇ ਦਾਸ ਹਾਂ, ਸਾਡਾ ਆਪ ਨਾਲ ਕੋਈ ਵੈਰ ਨਹੀਂ। ਪਰ ਅਤਰ ਸਿੰਘ ਸੰਧਾਵਾਲੀਆ ਸਾਡਾ ਦੁਸ਼ਮਨ ਹੈ, ਉਹ ਆਪ ਦੇ ਪਾਸ ਹੈ, ਉਸ ਨੂੰ ਸਾਡੇ ਸਪੁਰਦ ਕਰ ਦਿਓ, ਨਹੀਂ ਤੇ ਫੌਜ ਆਈ ਸਮਝੋ।"

ਜਦ ਰਾਜਾ ਹੀਰਾ ਸਿੰਘ ਤੇ ਜਲੇ ਦੀ ਚਿੱਠੀ ਸੰਤ ਬਾਬਾ ਬੀਰ ਸਿੰਘ ਜੀ ਨੂੰ ਮਿਲੀ, ਤਾਂ ਆਪ ਨੇ ਉਸ ਦਾ ਉਤਰ ਦਿਤਾ—

"ਹੇ ਰਾਜੰਨ! ਅਸੀਂ ਸਾਧੂ ਲੋਕ ਹਾਂ। ਅਸੀਂ ਕਿਸੇ ਨੂੰ ਲੁਬਾਣ ਨਹੀਂ ਜਾਂਦੇ। ਜਿਹੜਾ ਲੰਗਰ ਅਸੀਂ ਚਲਾਉਂਦੇ ਹਾਂ, ਇਹ ਗੁਰੂ ਕਾ ਹੈ। ਜੇ ਕੋਈ ਮਨੁਖ ਚਾਰ ਦਿਨ ਅੰਨ ਪਾਣੀ ਛਕਣ ਲਈ ਸਾਡੇ ਪਾਸ ਆ ਜਾਵੇ, ਤਾਂ ਅਸੀਂ ਉਸ ਨੂੰ ਜੁਆਬ ਨਹੀਂ ਦੇ ਸਕਦੇ ਉਸ ਨੂੰ ਫੜਾ ਨਹੀਂ ਸਕਦੇ। ਜਿਸ ਤਰ੍ਹਾਂ ਗਊ ਦੇ ਗਲ ਵਿਚ ਰਸਾ ਪਾ ਕੇ ਜਾਂ ਉਸਨੂੰ ਬੰਨ੍ਹ ਕੇ ਕਸਾਈਆਂ ਦੇ ਹੱਥ ਫੜਾ ਦੇਣਾ ਛਤਰੀਆਂ ਦਾ ਧਰਮ ਨਹੀਂ, ਇਸੇ ਤਰ੍ਹਾਂ ਸ਼ਰਨਾਗਤ ਨੂੰ ਫੜਾ ਦੇਣਾ ਸਾਡਾ ਧਰਮ ਨਹੀਂ। ਕਿਸੇ ਕਵੀ ਦਾ ਕਥਨ ਹੈ—

ਸਿੰਘ ਮੂਛ ਭੁਯੰਗ ਮਣਿ, ਸੂਰੇ ਸ਼ਰਨ ਪਇਆਂ।
ਕ੍ਰਿਪਨ ਕੇ ਘਰ ਲਛਮੀ, ਚਾਰੇ ਦੇਣ ਮੋਇਆਂ।

ਭਾਵ—ਸ਼ੇਰ ਆਪਣੀ ਮੁਛ, ਸੱਪ ਮਣੀ, ਸੂਰਮਾ ਸ਼ਰਨ ਪਏ ਨੂੰ ਅਤੇ ਕ੍ਰਿਪਨ ਲਛਮੀ ਨੂੰ ਮਰਕੇ ਹੀ ਦੇਂਦੇ ਹਨ।

ਇਸੇ ਤਰ੍ਹਾਂ ਅਸੀਂ ਸਾਧੂ ਹਾਂ, ਸ਼ਰਨ ਪਿਆਂ ਨੂੰ ਕਿਸੇ ਦੇ ਸਪੁਰਦ ਨਹੀਂ ਕਰ ਸਕਦੇ। ਤੁਸੀਂ ਬੇਸ਼ਕ ਆਪਣੀ ਫੌਜ ਭੇਜ ਦਿਓ। ਉਹ ਸਾਨੂੰ ਮਾਰ ਕੇ ਸ: ਅਤਰ ਸਿੰਘ ਨੂੰ ਫੜ ਕੇ ਲੈ ਜਾਵੇ। ਜੀਉਂਦੇ ਜੀਅ ਅਸੀਂ ਕਿਸੇ ਨੂੰ ਫੌਜ ਦੇ ਸਪੁਰਦ ਨਹੀਂ ਕਰ ਸਕਦੇ।"

ਜਲਾਲ ਵਿਚ ਆਕੇ ਚਿੱਠੀ ਦੇ ਅੰਤ ਵਿਚ ਲਿਖਿਆ ਜੇ ਤੁਸੀਂ ਸਾਡੇ ਉਤੇ ਫੌਜਾਂ ਚੜ੍ਹਾਕੇ ਸਾਨੂੰ ਨਾ ਮਾਰੋ ਤਾਂ ਤੁਸੀਂ ਛਤਰੀ ਨਹੀਂ।"

--0--

੧੩.

ਲਾਹੌਰ ਤੋਂ ਫ਼ੌਜਾਂ ਦੀ ਚੜ੍ਹਾਈ

ਬਾਬਾ ਜੀ ਵਲੋਂ ਸ਼ਾਂਤਮਈ ਰਹਿਣ ਦਾ ਉਦੇਸ਼

ਜਦ ਲਾਹੌਰ ਵਿਚ ਰਾਜਾ ਹੀਰਾ ਸਿੰਘ ਤੇ ਜਲੇ ਮਿਸਰ ਨੇ ਇਹ ਚਿੱਠੀ ਪੜ੍ਹੀ ਤਾਂ ਉਨ੍ਹਾਂ ਨੂੰ ਅੱਗ ਲਗ ਗਈ। ਜਲ ਨੇ ਸਭ ਤੋਂ ਪਹਿਲਾਂ ਨਜ਼ੀਮਾਂ (ਮੁਸਲਮਾਨ) ਪਲਟਨਾਂ ਨੂੰ ਹੁਕਮ ਦਿਤਾ ਕਿ ਉਹ ਬਾਬਾ ਜੀ ਤੇ ਚੜ੍ਹਾਈ ਕਰਨ। ਪਰ ਉਨ੍ਹਾਂ ਪਲਟਨਾਂ ਦੇ ਮੁਸਲਮਾਨ ਸਰਦਾਰਾਂ ਨੇ ਉਤਰ ਦਿਤਾ—"ਅਸੀਂ ਜਿਥੇ ਤੁਸੀਂ ਕਹੋ, ਜਾ ਸਕਦੇ ਹਾਂ। ਪਰ ਬਾਬਾ ਬੀਰ ਸਿੰਘ ਜੀ ਪੀਰ ਫਕੀਰ ਤੇ ਕਰਾ-ਮਾਤੀ ਪੁਰਸ਼ ਹਨ। ਉਹ ਜਿਤਨੇ ਸਿਖਾਂ ਲਈ ਪੂਜਨੀਕ ਹਨ, ਉਤਨੇ ਹੀ ਸਾਡੇ ਲਈ ਸਤਕਾਰ ਯੋਗ ਹਨ, ਅਸੀਂ ਕਾਬਲ ਕੰਧਾਰ ਤੇ ਸਰਹੱਦ ਦੇ ਪਠਾਣਾਂ ਤੇ ਮੁਸਲਮਾਨਾਂ ਨਾਲ ਲੜ ਸਕਦੇ ਹਾਂ, ਪਰ ਰੋਜ਼ੀ ਦੀ ਖਾਤਰ ਸੰਤ ਬਾਬਾ ਬੀਰ ਸਿੰਘ ਵਰਗੇ ਨੇਕ ਆਦਮੀ ਨੂੰ ਨਹੀਂ ਮਾਰ ਸਕਦੇ।"

"ਜਿਸ ਰੱਬ ਨੇ ਰੁਜ਼ ਦਿਤੀ ਹੈ, ਉਹ ਸੋਗਾ ਵੀ ਦੇਵੇਗਾ। ਅਸੀਂ ਪੇਟ ਦੀ ਖਾਤਰ ਸੰਤਾਂ ਨੂੰ ਨਹੀਂ ਮਾਰ ਸਕਦੇ।

ਜਲੇ ਨੇ ਮੁਸਲਮਾਨ ਪਲਟਨਾਂ ਨੂੰ ਕਿਹਾ—"ਤੁਹਾਨੂੰ ਬਹੁਤ ਸਾਰੇ ਇਨਾਮ ਦਿਤੇ ਜਾਣਗੇ।"

ਸਰਦਾਰਾਂ ਨੇ ਉਤਰ ਦਿਤਾ—"ਪੀਰਾਂ ਫਕੀਰਾਂ ਨੂੰ ਮਾਰ ਕੇ ਸਾਨੂੰ ਕਿਸੇ ਵਡੇ ਅਹੁਦੇ ਤੇ ਇਨਾਮਾਂ ਦੀ ਲੋੜ ਨਹੀਂ।"

ਇਸ ਤਰ੍ਹਾਂ ਮੁਸਲਮਾਨ ਪਲਟਨਾਂ ਤੇ ਤੋਪਖਾਨੇ ਨੇ ਬਾਬਾ ਬੀਰ ਸਿੰਘ ਜੀ ਉਤੇ ਚੜ੍ਹਾਈ ਕਰਨ ਤੇ ਉਨ੍ਹਾਂ ਨੂੰ ਮਾਰਨ ਤੋਂ ਨਾਂਹ ਕਰ ਦਿਤੀ। ਇਸ ਪਰ ਹੀਰਾ ਸਿੰਘ ਤੇ ਜਲੇ ਨੂੰ ਬੜੀ ਨਿਰਾਸਤਾ ਹੋਈ। ਉਹ ਸਿਖ ਪਲਟਨਾਂ ਨੂੰ ਹੁਕਮ ਦੇਣ ਤੋਂ ਡਰਦੇ ਸਨ। ਇਸ ਲਈ ਕਿ ਉਹ ਬਾਬਾ ਜੀ ਉਤੇ ਚੜ੍ਹਾਈ ਕਰਨ ਲਈ ਤਿਆਰ ਨਹੀਂ ਹੋਣਗੀਆਂ ਜਾਂ ਇਸ ਦੇ ਵਿਰੁਧ ਸਾਰੇ ਪੰਜਾਬ ਵਿਚ ਗੜ ਬੜ ਮਚ ਜਾਏਗੀ।

ਹੀਰਾ ਸਿੰਘ ਤੇ ਜਲੇ ਨੇ ਕੁਝ ਮਿਲੀਆਂ ਜੁਲੀਆਂ ਪਲਟਨਾਂ ਨੂੰ ਲੋਭ ਲਾਲਚ ਦੇ ਕੇ ਸੰਤ ਬਾਬਾ ਬੀਰ ਸਿੰਘ ਜੀ ਪਰ ਚੜ੍ਹਾਈ ਕਰਨ ਦਾ ਹੁਕਮ ਦਿਤਾ। ਲਾਭ ਸਿੰਘ ਡੋਗਰਾ ਤੇ ਗੁਲਾਬ ਸਿੰਘ ਕਲਕਤੀਆਂ ਉਨ੍ਹਾਂ ਪਲਟਨਾਂ ਦੇ ਸੈਨਕ ਬਣੇ। ਚਾਰ ਯਾਰੀ ਦੀਆਂ 12 ਪਲਟਨਾਂ ਨੇ 500 ਜੰਬੂਰੇ ਤੇ 120 ਤੋਪਾਂ ਲੈ ਕੇ ਲਾਹੌਰ ਤੋਂ ਹਰੀ ਕੇ ਪੱਤਨ ਵਲ ਕੂਚ ਕੀਤਾ, ਜਿਥੇ ਬਾਬਾ ਜੀ ਠਹਿਰੇ ਹੋਏ ਸਨ। ਅੰਮ੍ਰਿਤਸਰ ਤੋਂ ਸ: ਮਤਾਬ ਸਿੰਘ ਲੰਡੀ ਤੇ ਸ: ਸੇਵਾ ਸਿੰਘ ਦੀ ਕਮਾਨ ਹੇਠ ਚਾਰ ਪਲਟਨਾਂ ਵੀ ਹਰੀ ਕੇ ਪਤਨ ਵਲ ਤੁਰ ਪਈਆਂ। ਉਸ ਵਕਤ ਸਿਖ ਪਲਟਨਾਂ ਵਿਚ ਪ੍ਰਾਪੇਗੰਡਾ ਕੀਤਾ ਗਿਆ ਕਿ ਗਊ ਮਾਰਨਾ ਪਾਪ ਹੈ, ਪਰ ਜੇ ਗਊ ਮਾਰਨ ਆਵੇ ਤਾਂ ਉਸ ਦੇ ਸਿੰਗ ਭੰਨਣੇ ਜ਼ਰੂਰੀ ਹਨ। ਇਸੇ ਤਰ੍ਹਾਂ ਸਾਧੂ ਤੇ ਬ੍ਰਾਹਮਣ ਪੂਜਨ ਯੋਗ ਹਨ ਪਰ ਜੇ ਕੋਈ ਸਾਧੂ ਬ੍ਰਾਹਮਣ ਸ਼ਸਤ੍ਰ ਹਥ ਵਿਚ ਲੈ ਕੇ ਮਾਰਨ ਆਵੇ ਤਾਂ ਉਸ ਨੂੰ ਮਾਰਨਾ ਯੋਗ ਹੈ।

ਭਾਵ ਇਹ ਸੀ ਕਿ ਬਾਬਾ ਜੀ ਖਾਸ ਸਾਡੇ ਦੁਸ਼ਮਨ ਹਨ, ਇਸ ਲਈ ਉਨ੍ਹਾਂ ਦੇ ਨਾਲ ਸੰਤਾਂ ਨੂੰ ਮਾਰਨਾ ਵੀ ਵਾਜਬ ਹੈ।

ਜਿਸ ਵਕਤ ਲਾਹੌਰੋਂ ਲਾਭ ਸਿੰਘ ਡੋਗਰੇ ਤੇ ਗੁਲਾਬ ਸਿੰਘ ਦੀ ਅਗਵਾਈ ਹੇਠ ਫੌਜਾਂ ਨੇ ਚੜ੍ਹਾਈ ਕੀਤੀ, ਉਸ ਵਕਤ ਅਲਦੀਨ ਪੁਰ ਜ਼ਿਲਾ ਅੰਮ੍ਰਿਤਸਰ ਦਾ ਇਕ ਪਰੇਮੀ ਸ: ਧਰਮ ਸਿੰਘ ਲਾਹੌਰੋਂ ਘੋੜੇ ਤੇ ਸੁਆਰ ਹੋ ਕੇ ਅੰਮ੍ਰਿਤਸਰ ਵਿਚ ਬਾਬਾ ਖੁਦਾ ਸਿੰਘ ਜੀ ਨੂੰ ਚੜ੍ਹਾਈ ਦੀ ਖਬਰ ਦੇਣ ਲਈ ਪੁਜਾ।

ਸ: ਧਰਮ ਸਿੰਘ ਦੀ ਗਲ ਬਾਤ ਸੁਣਕੇ ਬਾਬਾ ਖੁਦਾ ਸਿੰਘ ਨੇ ਇਕ ਚਿਠੀ ਸੰਤ ਫੂਲਾ ਸਿੰਘ, ਵਸਾਵਾ ਸਿੰਘ ਅਤੇ ਸੰਤ ਹੁਕਮ ਸਿੰਘ ਕੁਮੇਰ ਭੰਡਾਰੀ ਹਥੀਂ ਭੇਜੀ। ਉਹ ਤਿੰਨੇ ਸੂਰਬੀਰ ਬੱਤੀ ਮੀਲ ਦਾ ਪੰਧ ਕਰਕੇ ਬਾਬਾ ਬੀਰ ਸਿੰਘ ਜੀ ਪਾਸ ਪੁਜੇ। ਬਾਬਾ ਖੁਦਾ ਸਿੰਘ ਜੀ ਦੀ ਪਤ੍ਰਕਾ ਉਨ੍ਹਾਂ ਦੀ ਸੇਵਾ ਵਿਚ ਪੇਸ਼ ਕੀਤੀ। ਬਾਬਾ ਜੀ ਨੇ ਉਹ ਚਿੱਠੀ ਬਖਸ਼ੀ ਨੰਦ ਸਿੰਘ ਦੇ ਸਪੁਰਦ ਕਰ ਦਿਤੀ ਤੇ ਕਿਹਾ- "ਇਹ ਸਵੇਰੇ ਸਾਨੂੰ ਵਿਖਾਉਣੀ।"

ਉਸ ਵਕਤ ਬਹੁਤ ਸਾਰੀਆਂ ਸਿਖ ਸੰਗਤਾਂ ਬਾਬਾ ਜੀ ਦੇ ਦਰਸ਼ਨ ਕਰਨ ਆ ਰਹੀਆਂ ਸਨ। ਸੰਧਾਵਾਲੀਏ, ਰਾਜ ਕੁਮਾਰ ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ ਤੇ ਸ੍ਰਦਾਰ ਜਵਾਹਰ ਸਿੰਘ ਦੀਆਂ ਫੌਜਾਂ ਬਾਬਾ ਜੀ ਦੇ ਪਾਸ ਮੌਜੂਦ ਸਨ। ਲਾਹੌਰ ਦਰਬਾਰ ਵਲੋਂ ਚੜ੍ਹਾਈ ਦੀ ਖਬਰ ਸੁਣ ਕੇ ਸਾਰੀਆਂ ਫੌਜਾਂ ਤੇ ਸੰਗਤਾਂ ਵਿਚ ਜੋਸ਼ ਸੀ। ਉਹ ਵਿਰੋਧੀਆਂ ਦਾ ਟਾਕਰਾ ਕਰਨ ਲਈ ਤਿਆਰ ਸਨ। ਪਰ ਬਾਬਾ ਜੀ ਨੇ ਹੁਕਮ ਦਿਤਾ—"ਸਾਡੇ ਵਲੋਂ ਕਿਸੇ ਤੇ ਹੱਥ ਨਹੀਂ ਉਠਾਣਾ। ਖ਼ਾਲਸਾ ਪੰਥ ਦੇ ਸਾਹਮਣੇ ਜਿਹੜਾ ਹਥਿਆਰ ਚੁਕੇਗਾ ਉਹ ਭੂਤਨਾ ਹੋਵੇਗਾ। ਜਿਸ ਨੂੰ ਆਪਣੀ ਜਾਨ, ਧਨ, ਪਦਾਰਥ, ਇਸਤ੍ਰੀ ਜਾਂ ਪੁਤਰ ਪਿਆਰੇ ਹਨ, ਉਹ ਹੁਣੇ ਚਲਾ ਜਾਏ। ਫਿਰ ਨਾ ਕਹਿਣਾ ਖਬਰ ਨਹੀਂ ਹੋਈ। ਅਸੀਂ ਤਾਂ ਜ਼ਾਲਮ ਦੀਆਂ ਜੜ੍ਹਾਂ ਪੁਟਣ ਲਈ ਸੀਸ ਦੇਣਾ ਹੈ। ਜਿਸ ਨੂੰ ਸਾਡੇ ਨਾਲ ਸੀਸ ਦੇਣਾ ਮਨਜ਼ੂਰ ਹੈ, ਉਹ ਸਾਡੇ ਕੋਲ ਰਹੇ, ਦੂਜੇ ਸਾਰੇ ਲੋਕ ਆਪਣਾ ਸਮਾਨ ਲੈ ਕੇ ਚਲੇ ਜਾਣ।"

ਪੰਡਤ ਸ਼ੇਰ ਸਿੰਘ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ ਕਿ ਭਾਈ ਮੋਹਰ ਸਿੰਘ ਨੇ ਬਾਬਾ ਜੀ ਨੂੰ ਪੁਛਿਆ, "ਹੁਣ ਕੀ ਹੋਵੇਗਾ?"

ਬਾਬਾ ਜੀ—ਭਾਈ ਮੋਹਰ ਸਿੰਘ ਜ਼ਾਲਮਾਂ ਨੇ ਆਉਣਾ ਹੈ, ਭਿਆਨਕ ਲੁਟ ਮਾਰ ਤੇ ਤਬਾਹੀ ਕਰਕੇ ਚਲੇ ਜਾਣਗੇ। ਸਾਡਾ ਸਰੀਰ ਗੋਲੀਆਂ ਨਾਲ ਖਤਮ ਹੋ ਜਾਏਗਾ। ਇਹ ਗੰਧਰਵ ਨਗਰ ਜੋ ਅੱਜ

ਦਿਸਦਾ ਹੈ, ਕੱਲ ਨਹੀਂ ਹੋਵੇਗਾ।"

ਸ: ਅਤਰ ਸਿੰਘ ਸੰਧਾਂਵਾਲੀਏ ਨੇ ਬੇਨਤੀ ਕੀਤੀ, "ਮਹਾਰਾਜ ! ਆਪ ਨੇ ਹੁਕਮ ਦਿਤਾ ਹੈ ਕਿ ਕੋਈ ਹਥਿਆਰ ਨਾ ਉਠਾਏ, ਇਸ ਤਰ੍ਹਾਂ ਜ਼ਾਲਮ ਤੇ ਬੁਰਛੇ ਸਾਨੂੰ ਬਾਲ ਬਚਿਆਂ ਸਮੇਤ ਜੀਉਂਦੇ ਜੀਅ ਫੜ ਕੇ ਲੈ ਜਾਣਗੇ ਤੇ ਤਸੀਹੇ ਦੇ ਕੇ ਮਾਰਨਗੇ।"

ਬਾਬਾ ਜੀ ਨੇ ਕਿਹਾ--"ਸ: ਅਤਰ ਸਿੰਘ, ਤੈਨੂੰ ਮਾਫੀ ਹੈ, ਜਿਸ ਤਰ੍ਹਾਂ ਮੁਨਾਸਬ ਸਮਝੇ ਕਰ, ਪਰ ਅਸੀਂ ਜ਼ਾਲਮਾਂ ਦਾ ਸਬਰ ਨਾਲ ਟਾਕਰਾ ਕਰਨਾ ਹੈ, ਹਥਿਆਰਾਂ ਨਾਲ ਨਹੀਂ।"

ਉਸ ਵਕਤ ਹੋਰ ਵੀ ਬਹੁਤ ਸੁਦਾਰ ਬਾਬਾ ਜੀ ਦੇ ਪਾਸ ਬੈਠੇ ਸਨ। ਉਨ੍ਹਾਂ ਨੇ ਭਾਈ ਲਾਲ ਸਿੰਘ, ਬਾਬਾ ਗੰਡਾ ਸਿੰਘ ਤੇ ਬਖਸ਼ੀ ਨੰਦ ਸਿੰਘ ਰਾਹੀਂ ਬਾਬਾ ਜੀ ਦੀ ਸੇਵਾ ਵਿਚ ਬੇਨਤੀ ਕੀਤੀ, "ਸਾਨੂੰ ਜ਼ਾਲਮਾਂ ਨਾਲ ਜੁਧ ਕਰਨ ਦੀ ਆਗਿਆ ਦਿਓ। ਜੇ ਜੁਧ ਕਰਨ ਦਾ ਹੁਕਮ ਨਹੀਂ ਦਿੰਦੇ ਤਾਂ ਚਲੋ ਸਤਲੁਜੋਂ ਪਾਰ ਅੰਗਰੇਜ਼ਾਂ ਦੇ ਇਲਾਕੇ ਵਿਚ ਤੁਰ ਚਲੀਏ। ਉਥੇ ਬੁਰਛੇ ਸਾਡਾ ਤੇ ਆਪ ਦਾ ਕੁਝ ਨਹੀਂ ਵਿਗਾੜ ਸਕਦੇ।"

ਬਾਬਾ ਜੀ ਨੇ ਉਤਰ ਦਿਤਾ—ਜੇ ਤੁਸੀਂ ਵਿਰੋਧੀਆਂ ਨਾਲ ਲੜੋ, ਤਾਂ ਉਹ ਵੀ ਸਿਖ ਹਨ। ਅਨਮਤੀ ਕਹਿਣਗੇ, ਸਿਖ ਆਪਸ ਵਿਚ ਲੜ ਕੇ ਮਰੇ ਹਨ।

"ਦੂਜੀ ਗੱਲ ਇਹ ਹੈ ਕਿ ਅਸੀਂ ਸਾਧੂ ਹਾਂ, ਸਾਡਾ ਧਨ ਖਿਮਾ ਹੈ। ਅਸੀਂ ਜ਼ਬਾਨੀ ਕੁਝ ਆਖੀਏ, ਹੱਥਾਂ ਨਾਲ ਸਾਨੂੰ ਕਿਸੇ ਨੂੰ ਨਹੀਂ ਮਾਰਨਾ ਚਾਹੀਦਾ।

"ਪਰਮਾਰਥ ਦੀ ਦ੍ਰਿਸ਼ਟੀ ਨਾਲ ਵੇਖੀਏ ਤਾਂ ਜਿਹੜਾ ਸੰਸਾਰ ਅਨਸਥਿਰ ਹੈ, ਜਿਸ ਵਿਚ ਅਸੀਂ ਨਹੀਂ ਰਹਿਣਾ, ਉਸ ਵਿਚ ਕਿਸੇ ਨਾਲ ਵੈਰ ਵਿਰੋਧ ਤੇ ਲੜਾਈ ਝਗੜਾ ਕਿਉਂ ਕਰੀਏ ?"

"ਤੁਸੀਂ ਕਿਹਾ ਹੈ ਕਿ ਅੰਗਰੇਜ਼ਾਂ ਦੇ ਇਲਾਕੇ ਵਿਚ ਤੁਰ ਚਲੀਏ, ਉਥੇ ਕੋਈ ਨਹੀਂ ਮਾਰ ਸਕੇਗਾ। ਇਹ ਗੱਲ ਵੀ ਦਰੁਸਤ

ਨਹੀਂ । ਕੀ ਸਤਲੁਜੋਂ ਪਾਰ ਜਾਣ ਨਾਲ ਸਾਡਾ ਸਰੀਰ ਅਮਰ ਹੋ ਜਾਏਗਾ ਅਤੇ ਅਸੀਂ ਮੌਤ ਤੋਂ ਬਚ ਜਾਵਾਂਗੇ ? ਕਦਾਚਿਤ ਨਹੀਂ । ਜਦ ਇਸ ਸਰੀਰ ਨੇ ਨਹੀਂ ਰਹਿਣਾ ਤੇ ਇਕ ਦਿਨ ਨਾਸ ਹੋਣਾ ਹੀ ਹੈ, ਤਦ ਸਤਲੁਜੋਂ ਪਾਰ ਅੰਗਰੇਜ਼ਾਂ ਦੇ ਇਲਾਕੇ ਵਿਚ ਜਾ ਕੇ ਇਸ ਨੂੰ ਬਚਾਉਣ ਦੀ ਕੀ ਲੋੜ ਹੈ ?''

"ਐ ਸਰਦਾਰੋ, ਸਿਖੋ ਸੰਤੋ, ਸੁਣੋ ! ਕੋਈ ਮਨੁਖ ਸੰਸਾਰ ਵਿਚ ਅਮਰ ਨਹੀਂ ਰਹਿ ਸਕਦਾ । ਅਮਰ ਕੇਵਲ ਵਾਹਿਗੁਰੂ ਦੀ ਜ਼ਾਤ ਹੈ । ਫਿਰ ਜਦ ਸਰੀਰ ਨੇ ਅਵੱਸ਼ ਹੀ ਨਾਸ ਹੋਣਾ ਹੈ ਤਾਂ ਇਹ ਮਲ ਮੂਤਰ ਦਾ ਭਾਂਡਾ ਜ਼ਾਲਮਾਂ ਤੇ ਬੁਰਛਿਆਂ ਦੇ ਸਿਰ ਕਿਉਂ ਨਾ ਫੋੜ ਕੇ ਪ੍ਰਮਾ-ਨੰਦ ਵਿਚ ਲੀਨ ਹੋਈਏ ? ਕਿਉਂ ਨਾ ਇਨ੍ਹਾਂ ਦੇ ਮੂੰਹ ਤੇ ਕਾਲਖ ਮਲਕੇ ਰੱਬ ਦੀ ਦਰਗਾਹ ਵਿਚ ਸੁਰਖਰੂ ਹੋ ਜਾਈਏ ?''

''ਜਾਓ ! ਅਠ ਪਹਿਰ ਆਰਾਮ ਕਰੋ । ਫਿਰ ਜੋ ਭਾਣਾ ਵਰਤੇਗਾ, ਉਸਨੂੰ ਖਿੜੇ ਮਥੇ ਸਹਾਰਨ ਲਈ ਤਿਆਰ ਹੋ ਜਾਓ ।''

ਸੰਤ ਬਾਬਾ ਬੀਰ ਸਿੰਘ ਜੀ ਦੇ ਇਹ ਪਵਿਤ੍ਰ ਤੇ ਅਸਚਰਜ ਬਚਨ ਸੁਣ ਕੇ ਸਾਰੇ ਸਰਦਾਰ ਅਤੇ ਸਿਖ ਸੰਗਤ ਹੈਰਾਨ ਹੋ ਗਈ । ਬ੍ਰਹਮ ਗਿਆਨੀ ਮਹਾਤਮਾ ਦੇ ਬਚਨਾਂ ਨੇ ਉਨ੍ਹਾਂ ਨੂੰ ਵੀ ਜੀਵਨ ਤੇ ਸੰਸਾਰ ਦੀ ਅਸਲੀਅਤ ਦਸ ਕੇ ਜੀਵਨ ਮੁਕਤ ਕਰ ਦਿਤਾ । ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚੋਂ ਮੌਤ ਦਾ ਡਰ ਹੀ ਜਾਂਦਾ ਰਿਹਾ ।

ਜਿਸ ਤਰ੍ਹਾਂ ਸ਼ਰਾਬ ਜਾਂ ਕੋਈ ਨਸ਼ਾ ਪੀ ਕੇ ਇਨਸਾਨ ਬੇ-ਸੁਧ ਹੋ ਜਾਂਦੇ ਹਨ, ਇਸੇ ਤਰ੍ਹਾਂ ਬਾਬਾ ਜੀ ਦੇ ਅੰਮ੍ਰਿਤ ਬਚਨ ਸੁਣ ਕੇ ਸਾਰੀ ਸੰਗਤ ਪਰਮਾਨੰਦ ਵਿਚ ਲੀਨ ਹੋ ਗਈ । ਜਿਸ ਤਰ੍ਹਾਂ ਲੋਹੇ ਦਾ ਪਿੰਜਰਾ ਤੋੜ ਕੇ ਸ਼ੇਰ ਜੰਗਲ ਵਿਚ ਆਜ਼ਾਦੀ ਨਾਲ ਘੁੰਮਦਾ ਹੈ, ਇਸੇ ਤਰ੍ਹਾਂ ਮੋਹ ਮਮਤਾ ਅਤੇ ਸਰੀਰ ਦੇ ਪਿੰਜਰੇ ਚੋਂ ਨਿਕਲ ਕੇ ਸਰੋਤਿਆਂ ਦੀਆਂ ਆਤਮਾਵਾਂ ਆਤਮ-ਮੰਡਲ ਵਿਚ ਵਿਚਰਨ ਲਗ ਪਈਆਂ । ਮੌਤ ਦਾ ਡਰ ਜਾਂਦਾ ਹੀ ਰਿਹਾ ।

—o—

੧੪.

ਸਭਰਾਵਾਂ ਤੇ ਭਾਉਵਾਲ ਵਿਚ ਉਪਦੇਸ਼

ਸ: ਸ਼ਾਮ ਸਿੰਘ ਅਟਾਰੀ ਦੀ ਚਿੱਠੀ

ਬਾਬਾ ਜੀ ਸਭਰਾਵਾਂ ਵਿਚ ਬਿਰਾਜਮਾਨ ਸਨ । ਅੰਮ੍ਰਿਤ ਵੇਲੇ ਇਸ਼ਨਾਨ ਸੋਧ ਕੇ ਆਪ ਨੇ ਦੀਵਾਨ ਸਜਾਇਆ । ਆਸਾ ਦੀ ਵਾਰ ਦਾ ਕੀਰਤਨ ਹੋਇਆ ।

ਉਸ ਬਾਰੇ ਭਾਈ ਮੋਹਰ ਸਿੰਘ ਬਿਆਨਦਾ ਹੈ–

"ਦਿਨ ਚੜ੍ਹਿਆ ਤਾਂ ਦੀਵਾਨ ਲਗਾ ਹੋਇਆ ਹੈ । ਬਾਬਾ ਜੀ ਚੌਕੀ ਸੁਣਦੇ ਹੈਨ ਬਿਲਾਵਲ ਦੀ । ਪਲੰਘ ਦੇ ਪਿਛੇ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਆਣ ਬੈਠੇ । ਸਿਖ ਸਭਰਾਵਾਂ ਦੇ ਨੇ ਫਰਿਆਦ ਆਨ ਕਰੀ, "ਮਹਾਰਾਜ ਮੇਰਾ ਖਲਵਾੜ ਲੁਟ ਲਿਆ ਹੈ ਜੀ ।"

ਤਾਂ ਸਾਹਿਬ ਕਹਿੰਦੇ ਹਨ–"ਤੈਨੂੰ ਕੀ ਹੋਇਆ ਹੈ ?"

ਤਾਂ ਉਸ ਸਿਖ ਨੇ ਆਖਿਆ–"ਜੀ ਮੇਰਾ ਖਲਵਾੜਾ ਲੁਟਿਆ ਗਿਆ ਹੈ ।"

ਤਾਂ ਸਾਹਿਬ ਨੇ ਕਿਹਾ–"ਕਿਸ ਲੁਟਿਆ ਹੈ ?"

ਉਸ ਆਖਿਆ–"ਜੀ ਸਰਦਾਰ ਦਿਆਂ ਡੇਰੇ ਦੇ ਸਿਖਾਂ ਨੇ ।"

ਬਾਬਾ ਜੀ ਕਿਹਾ–"ਕਿਹੜਾ ਸਰਦਾਰ ਹੈ ?"

ਤਾਂ ਉਸ ਨੇ ਕਿਹਾ–"ਜੀ ਪਸ਼ੌਰਾ ਸਿੰਘ ।"

ਧੌਣ ਫੇਰ ਕੇ ਪਲੰਘ ਉਤੇ ਬੈਠਿਆਂ ਬਾਬਾ ਜੀ ਨੇ ਉਹਨਾਂ ਨੂੰ

ਦੇਖ ਕੇ ਕਿਹਾ—"ਤੁਹਾਨੂੰ ਕਾਹਦੀ ਲੋੜ ਸੀ, ਓਹਦਾ ਵਰ੍ਹਾ ਮਾਰਿਆ ਗਿਆ, ਤਾਂ ਉਸ ਦਾ ਬਾਲ ਬਚਾ ਕੀ ਖਾਊਗਾ ?"

ਏਨੀ ਗਲ ਜਦ ਆਖੀ ਤਾਂ ਗੁਸਾ ਖਾ ਕੇ ਪਸ਼ੌਰਾ ਸਿੰਘ ਉਠ ਖਲੋਤਾ, ਧੌਂਸੇ ਮਾਰ ਕੇ।

ਬਾਬਾ ਜੀ ਕਹਿੰਦੇ ਹਨ—"ਮਾਈਆਂ ਆਟੇ ਦੀਆਂ ਪੰਡਾਂ ਸਿਰ ਉਤੇ ਚੁਕ ਕੇ ਲਿਆਉਂਦੀਆਂ ਹਨ, ਨਾਲੇ ਸ਼ਬਦ ਗੌਂਦੀਆਂ ਔਂਦੀਆਂ ਹਨ। ਤੁਹਾਨੂੰ ਕਿਸ ਗੱਲ ਦੀ ਲੋੜ ਹੈ ?"

ਇੰਨੀ ਗਲ ਸੁਣ ਕੇ ਪਸ਼ੌਰਾ ਸਿੰਘ ਕਾਠੀ ਪਾ ਕੇ ਡੇਰਾ ਲੈ ਕੇ ਚਲਾ ਗਿਆ। ਲਾਹੌਰ ਖਬਰ ਹੋਈ। ਫੌਜਾਂ ਮਗਰ ਪਕੜਨ ਵਾਸਤੇ ਲਗ ਤੁਰੀਆਂ।

ਸਭਰਾ ਪਿੰਡ ਦੀ ਸਾਰੀ ਪੰਚੈਤ ਨੇ ਮਿਲ ਕੇ ਇਕੱਠ ਕੀਤਾ। ਰਾਤੀਂ ਸਲਾਹ ਕੀਤੀ ਕਿ ਲਾਹੌਰੋਂ ਫੌਜਾਂ ਚੜ੍ਹ ਆਈਆਂ ਹਨ। ਸਾਰਾ ਪਿੰਡ ਲੁਟਿਆ ਜਾਊਗਾ, ਜੇਕਰ ਇਥੇ ਲੜਾਈ ਹੋਈ। ਏਥੋਂ ਡੇਰਾ ਤੋਰ ਦੇਈਏ। ਬਾਬਾ ਜੀ ਅੰਤਰਜਾਮੀ ਅਗੋਂ ਹੀ ਜਾਣ ਗਏ ਕਿ ਸਭਰਾਂ ਉਲਟ ਹੋ ਗਏ ਹਨ।

ਬਿਲਾਵਲ ਦੀ ਚੌਕੀ ਹੋਈ, ਪਹਿਰ ਦਿਨ ਚੜ੍ਹੇ ਤੇ ਭੋਗ ਪਿਆ। ਅਰਦਾਸੀਆ ਭਾਈ ਲਹਿਣਾ ਸਿੰਘ, ਤਿਸ ਨੇ ਅਰਦਾਸ ਕੀਤੀ। ਭਾਈ ਮੋਹਰ ਸਿੰਘ ਕਹਿੰਦਾ ਹੈ, ਮੈਂ ਕੋਲ ਖੜਾ ਹਾਂ, ਬਾਬਾ ਜੀ ਦੇ। ਤਾਂ ਬਾਬਾ ਜੀ ਕਹਿੰਦੇ ਹੈਨ ਚੋਬਦਾਰ ਨੂੰ "ਉਰੇ ਆ" ਤਾਂ ਉਸ ਨੂੰ ਚਹਿੰਦੇ ਹਨ, "ਦੀਵਾਨ ਦੇ ਸੱਜੇ ਹੱਥ ਪੈਂਚ ਸਭ ਸਭਰਾ ਦੇ ਬੈਠੇ ਹਨ, ਉਨ੍ਹਾਂ ਨੂੰ ਲਿਆ।"

ਤਾਂ ਚੋਬਦਾਰ ਨੇ ਪੰਚਾਇਤ ਨੂੰ ਲਿਆ ਕੇ ਬਾਬਾ ਜੀ ਦੇ ਅਗੇ ਤੇ ਕੋਲ ਖੜਾ ਕਰ ਦਿਤਾ।

ਤਾਂ ਬਾਬਾ ਜੀ ਕਹਿੰਦੇ ਹਨ—ਕਿਉਂ ਪੈਚੋਂ, ਰਾਤੀਂ ਤੁਸੀਂ ਸਰਬੱਤ ਧਰਮਸਾਲਾਂ ਵਿਚ ਪੰਚਾਇਤ ਇਕੱਠੀ ਹੋ ਕੇ ਕੀ ਸਲਾਹ ਕੀਤੀ ਹੈ ਕਿ ਸਾਨੂੰ ਤੋਰ ਦੇਈਏ, ਕਿਉਂਕਿ ਸਾਡਾ ਪਿੰਡ ਲੁਟਿਆ

ਜਾਊਗਾ । ਜੋ ਉਜਾੜਾ ਤੁਹਾਡੇ ਸਿਰ ਪਿਆ । ਜੇ ਕਰ ਅਸੀਂ ਏਥੇ ਰਹਿੰਦੇ ਤਾਂ ਸਾਡਾ ਗੁਰਦਵਾਰਾ ਬਣਦਾ । ਜਗ, ਹੋਮ, ਭਜਨ ਬੰਦਗੀ ਅਰ ਅਨੇਕ ਮੰਗਲ ਹੁੰਦੇ" । ਫੇਰ ਓਥੋਂ ਕੂਚ ਕਰਕੇ ਡੇਰਾ ਭਾਊਵਾਲ ਜਾ ਲਾਇਆ ।

ਬਾਬਾ ਬੀਰ ਜੀ ਦੇ ਭਾਊਵਾਲ ਚਲੇ ਜਾਣ ਤੇ ਲਾਹੌਰ ਦਰਬਾਰ ਵਿਚ ਜੋ ਸਲਾਹ ਮਸ਼ਵਰਾ ਹੋਇਆ, ਉਸ ਬਾਰੇ ਭਾਈ ਮੋਹਰ ਸਿੰਘ ਦਸਦਾ ਹੈ–

ਲਾਹੌਰ ਵਿਚ ਹੀਰਾ ਸਿੰਘ ਤੇ ਜੱਲ੍ਹਾ ਬ੍ਰਾਹਮਣ ਤੇ ਹੋਰ ਬੁਰਛੇ ਗੁਲਾਬ ਸਿੰਘ ਮਨਆਲੀਆ ਹੋਰ ਸਭ ਸੂਦਾਰ ਕਠੇ ਹੋਕੇ ਰਾਤੀਂ ਸਲਾਹ ਕੀਤੀ ਸੰਮਣ ਬੁਰਜ ਵਿਚ ਕਿ ਤੁਸੀਂ ਪੰਜ ਰੁਪਏ ਇਕ ਨਾਲੀ ਪ੍ਰਤੀ ਲਓ ਅਤੇ ਅਤਰ ਸਿੰਘ ਸੰਧਾਵਾਲੀਆ, ਕਸ਼ਮੀਰਾ ਸਿੰਘ ਅਤੇ ਬਾਬਾ ਬੀਰ ਸਿੰਘ ਏਹਨਾਂ ਤਿੰਨਾਂ ਦੇ ਸਿਰ ਵੱਢ ਲਿਆਓ ।

ਤਾਂ ਉਨ੍ਹਾਂ ਕਿਹਾ–"ਸਵੇਰੇ ਸਰਬਤ ਫੌਜ ਦਾ ਅਲੀਮਾ (ਪਰੇਡ) ਕਰੋ । ਕਠੇ ਰਹਿ ਕੇ ਸਲਾਮੀ ਲਓ ।"

ਫਿਰ ਸਰਬੱਤ ਫੌਜ ਸਦ ਕੇ ਮੀਏਂ ਮੀਰ ਹਾਜਰੀ ਲਾਈ ਦਾਹਨੇ ਪਾਸੇ ਨਜੀਮਾਂ ਦੀਆਂ ਚਾਰ ਪੜਤਲਾਂ । ਭਾਈ ਮੋਹਰ ਸਿੰਘ ਕਹਿੰਦਾ ਹੈ ਕਿ ਸੱਤਾਂ ਕੋਹਾਂ ਵਿਚ ਅਲੀਮਾ ਖੜੋਤਾ ।

ਘੋੜਾ ਭਜਾ ਕੇ ਹੀਰਾ ਸਿੰਘ ਡੋਗਰੇ ਨੇ ਅਗੇ ਸਰਬਤ ਨੂੰ ਕਿਹਾ– "ਤੁਸੀਂ ਪੰਜੀ ਰੁਪਏ ਨਾਲੀ ਪ੍ਰਤੀ ਸੁਚੇਤ ਸਿੰਘ ਮੇਰੇ ਚਾਚੇ ਮਾਰੇ ਤੇ ਲੀਤੇ ਸੀ ਤੇ ਹੁਣ ਤੁਸੀਂ ਪੰਜ ਰੁਪਏ ਲਓ । ਅਤਰ ਸਿੰਘ ਕਸ਼ਮੀਰਾ ਸਿੰਘ ਤੇ ਬਾਬਾ ਬੀਰ ਸਿੰਘ ਇਨ੍ਹਾਂ ਦੇ ਸਿਰ ਲਿਆਓ ।"

ਤਾਂ ਉਨ੍ਹਾਂ ਕਿਹਾ-"ਨਜੀਮਾਂ ਦੀਆਂ ਪੜਤਲਾਂ ਨੂੰ ਕਹੋ ।"

ਤਾਂ ਫੇਰ ਨਜੀਮਾਂ ਨੂੰ ਜਾਇ ਕਹਿਆ ।

ਤਾਂ ਉਨ੍ਹਾਂ ਆਖਿਆ "ਬੰਨੂ ਟਾਂਕ, ਟੀਰੇ (ਤੀਰਾਹ) ਮੁਲਤਾਨ ਪਸ਼ੌਰਾ ਸਿੰਘ ਨੂੰ ਮਿਹਮ (ਮੁਹਿੰਮ) ਪਾ ਦਿਓ, ਅਸੀਂ ਓਧਰ ਜਾਵਾਂਗੇ ।"

ਇਹ ਪਰਵਾਨਾ ਸ਼ਾਮ ਸਿੰਘ ਅਟਾਰੀ ਵਾਲੇ ਲਿਖਕੇ ਭੇਜਿਆ

ਸੀ । ਅਲੀਮਾਂ ਖੜਾ ਕੀਤਾ ਹੈ, ਸੱਤਾਂ ਕੋਹਾਂ ਵਿਚ ਹੀਰਾ ਸਿੰਘ ਡੋਗਰੇ ਨੇ। ਸ਼ਾਮ ਸਿੰਘ ਲਿਖਦਾ ਹੈ:—ਬਾਬਾ ਜੀ, ਅਗੇ ਨਜੀਮਾਂ ਦੀਆਂ ਪੜਤਲਾਂ ਨੂੰ ਕਹਿਆ ਹੈ, ਤੁਸੀਂ ਬਾਬੇ ਵਲ ਜਾਓ ਤਾਂ ਓਨ੍ਹਾਂ ਕਹਿਆ ਕਿ ਮੁਹਿੰਮ ਮੰਨਾਂਗੇ ਤੇ ਬਾਬੇ ਵਲ ਨਹੀਂ ਜਾਣਾ।"

ਫੇਰ ਘੋੜਾ ਅਲੀਮੇ ਦੇ ਅਗੇ ਭਜਾਇਆ ਹੀਰਾ ਸਿੰਘ ਡੋਗਰੇ ਨੇ ਬੁਰਛਿਆਂ ਤੇ ਪੈਂਚਾਂ ਸਰਬਤ ਨੂੰ ਕਿਹਾ—"ਗਊ ਮਾਰਨ ਆਈ ਤਾਂ ਸਿੰਗ ਨਹੀਂ ਭੰਨਣੇ । ਜਟੂ ਢਿਡ ਵਧਾ ਕੇ ਬੈਠਾ ਫੌਜਾਂ ਨੂੰ ਅਠੀਆਂ ਕਰਕੇ ਲਾਹੌਰ ਮਾਰਨ ਨੂੰ ਫਿਰਦਾ ਹੈ।

ਮਾਝੇ ਦੀਆਂ ਮਾਈਆਂ ਜਟੀਆਂ ਘਰਿ ਘਰਿ ਸਭ ਆਖਨ ਜਟ ਵਿਗੜ ਖਲੋਤਾ ਹੈ । ਬਾਬਾ ਜੀ ਨੂੰ ਆਖਣ ਜਟ ਫਿਟ ਗਇਆ ਹੈ। ਮਾਰ ਲਓ ।

ਅਗੇ ਚਲ ਕੇ ਇਸ ਸਾਖੀ ਵਿਚ ਲਿਖਿਆ ਹੈ—

"ਬਾਬਾ ਬੀਰ ਸਿੰਘ ਜੀ ਦੀ ਕ੍ਰਿਪਾ ਨਾਲ ਦੁਧ ਵਾਲੇ ਨੂੰ ਦੁਧ ਅਰ ਪੁਤ ਵਾਲੇ ਨੂੰ ਪੁਤ । ਜਿਸ ਨੇ ਜੋ ਜਾਇ ਮੰਗਿਆ ਹੈ, ਸੋ ਸਭਿ ਨੂੰ ਦਿਤੇ ਗਏ ਹੈਨ। ਮਾਝੇ ਵਿਚ ਕੜਾ ਕੰਠਾ ਤੇ ਹਾਥੀ ਦੀ ਹੰਬਾਰੀ ਪਈ ਝੂਲੇ । ਜਮਾਂਦਾਰ ਖੁਸ਼ਾਲ ਸਿੰਘ ਜਿਸ ਦਾ ਨਾਵਾਂ ਕਟ ਦੇਵੇ, ਸੋ ਉਸ ਨੇ ਆਇਕੇ ਅਰਜ਼ ਕਰਨੀ "ਜੀ ਮੇਰਾ ਨਾਵਾਂ ਕਟ ਦਿਤਾ" ਤਾਂ ਉਸ ਦਾ ਨਾਵਾਂ ਲਵਾ ਦੇਣਾ । ਤੇਜਾ ਸਿੰਘ ਜਿਸ ਦਾ ਨਾਵਾਂ ਕਟ ਦੇਵੇ ਅਰ ਘੋੜਾ ਕਟ ਦੇਵੇ ਤਾਂ ਬਾਬਾ ਜੀ ਨੇ ਰਾਜੇ ਧਿਆਨ ਸਿੰਘ ਵਲ ਲਿਖ ਭੇਜਨਾ ਇਸ ਦਾ ਘੋੜਾ ਲਾ ਦਿਓ ਅਰ ਨਾਵਾ ਲਾ ਦਿਓ ਤਾਂ ਉਸ ਨੇ ਬਾਬਾ ਜੀ ਦਾ ਹੁਕਮ ਮੰਨ ਕੇ ਉਸ ਦਾ ਨਾਵਾਂ ਲਾ ਦੇਣਾ।

ਬਾਬਾ ਜੀ ਨੇ ਦੁਧ ਪੁਤ ਲਛਮੀ ਦੀ ਰੰਗਣ ਚਾੜ੍ਹ ਦਿਤੀ। ਇਸ ਮਾਝੇ ਵਿਚ ਸੋਮਾ ਫੁਟ ਖੜੋਤਾ ਹੈ।

ਹੀਰਾ ਸਿੰਘ ਡੋਗਰੇ ਤੇ ਲਾਹੌਰ ਦਰਬਾਰ ਦੇ ਕੁਝ ਸਾਥਸ਼ੀਆਂ ਨੇ ਬਾਬਾ ਬੀਰ ਸਿੰਘ ਜੀ ਵਿਰੁਧ ਜੋ ਝੂਠਾ ਤੇ ਕੋੜਾ ਪ੍ਰਾਪੇਗੰਡਾ ਕੀਤਾ, ਉਹ

ਸੀ ਕਿ ਜਟ ਸਾਧ ਫਿਟ ਗਿਆ ਹੈ, ਇਸ ਨੂੰ ਮਾਰ ਲਓ। ਇਸ ਦਾ ਵੀ ਕੁਝ ਸਾਧਾਰਨ ਲੋਕਾਂ ਤੇ ਅਸਰ ਹੋਇਆ।

ਜਦ ਬਾਬਾ ਜੀ ਸਭਰਾਵਾਂ ਤੋਂ ਚਲ ਕੇ ਭਾਉਵਾਲ ਜਾ ਬਿਰਾਜੇ ਤਦ ਉਸ ਵਕਤ ਦਾ ਹਾਲ ਭਾਈ ਮੋਹਰ ਸਿੰਘ ਇਉਂ ਬਿਆਨ ਕਰਦਾ ਹੈ—

"ਗਿਲਾਂ ਦੇ ਦੇਸ਼ ਵਿਚ ਭਾਉਵਾਲ ਦਾ ਕਿਲ੍ਹਾ ਸੀ। ਉਸ ਕਿਲ੍ਹੇ ਵਿਚ ਢੀਂਡਸਾ ਥਾਣੇਦਾਰ ਸੀ। ਉਸਨੂੰ ਬੁਰਛਿਆਂ ਤੇ ਹੀਰਾ ਸਿੰਘ ਨੇ ਹੁਕਮ ਘਲਿਆ ਜੋ ਬਾਬਾ ਬੀਰ ਸਿੰਘ ਪਾਸ ਸੰਗਤ ਜਾਣ ਨਾ ਦੇਵੇ।

"ਉਸ ਨੇ ਠਾਣੇ ਸਾਰੇ ਵਰਜ ਦਿਤੇ। ਕਿਸੀ ਨੂੰ ਡੇਰੇ ਵਿਚ ਜਾਣ ਨਾ ਦਿਉ। ਔਰ ਕਿਸੀ ਨੂੰ ਮਥਾ ਨਾ ਟੇਕਣ ਦਿਉ।"

ਹਰ ਰੋਜ ਲਾਹੌਰੋਂ ਕੋਈ ਨਾ ਕੋਈ ਸਰਦਾਰ ਕਸ਼ਮੀਰਾ ਸਿੰਘ ਤੇ ਅਤਰ ਸਿੰਘ ਨੂੰ ਪਕੜਨ ਵਾਸਤੇ ਔਂਦਾ ਸੀ। ਆਇਕੇ ਬਾਬਾ ਜੀ ਨੂੰ ਆਖਣ ਇਹ ਦੋਵੇਂ ਸਾਨੂੰ ਪਕੜਾ ਦੇਵੋ। ਮਹੀਨਾ ਵਿਸਾਖ ਦਾ ਕੋਈ ਨਾ ਕੋਈ ਫੜਨ ਵਾਸਤੇ ਔਂਦੇ ਰਹੇ। ਸਰਦਾਰ ਅਤਰ ਸਿੰਘ, ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਇਨ੍ਹਾਂ ਤਿਹਾਂ ਨੂੰ ਪਕੜਾ ਦਿਉ।

ਤਾਂ ਬਾਬਾ ਜੀ ਨੇ ਕਿਹਾ—"ਏਨਾਂ ਨੂੰ ਟੁਕੜਾ ਖਾਣ ਨੂੰ ਦਿਉ।" ਕਿਸੇ ਪਿੰਡ ਬਿਠਾਇ ਦਿਉ। ਜੇ ਕਰਿ ਮਾਰਣਿ ਵਾਸਤੇ ਲੈ ਜਾਉ ਤਾਂ ਅਸੀਂ ਹਥੀਂ ਨਹੀਂ ਪਕੜਾਉਂਦੇ, ਅਸੀਂ ਆਪਣੇ ਸੀਸ ਨਾਲ ਦੇਵਾਂਗੇ।"

ਫੇਰ ਚੀਮਾ ਸਰਦਾਰ ਆਇਆ। ਬੁਰਛਿਆਂ ਤੇ ਹੀਰਾ ਸਿੰਘ ਦਾ ਭੇਜਿਆ ਆਇਆ ਪਕੜਨ ਵਾਸਤੇ। ਤਾਂ ਸਾਹਿਬਾਂ ਆਖਿਆ—

"ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਨੂੰ ਸਦੋ।"

ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਆਣਿ ਬੈਠੇ। ਤਾਂ ਸਾਹਿਬਾਂ ਆਖਿਆ—"ਚੀਮਿਆਂ ਕੀ ਕਹਿਣਾ ਹੈ?"

ਤਾਂ ਚੀਮੇ ਸਰਦਾਰ ਨੇ ਕਿਹਾ—"ਮੈਨੂੰ ਹੀਰਾ ਸਿੰਘ, ਜਲੇ ਪੰਡਤ ਔਰ ਬੁਰਛਿਆਂ ਦੇ ਸਰਦਾਰਾਂ ਨੇ ਮਿਲਕੇ ਭੇਜਿਆ ਹੈ।"

ਬਾਬਾ ਜੀ ਕਹਿੰਦੇ ਹਨ–"ਕੀ ਆਖਿਆ ਹੈ ਉਨ੍ਹਾਂ ਤੈਨੂੰ, ਤੂੰ ਸਾਡੇ ਸਿਖ ਦਾ ਪੁਤ੍ਰ ਹੈਂ ਤੇ ਤੂੰ ਵੀ ਸਿਖ ਹੈਂ। ਝੂਠ ਨਾ ਆਖੀਂ ਸਾਡੇ ਪਾਸ ਸੱਚ ਕਹੀਂ।"

ਤਾਂ ਉਸ ਨੇ ਆਖਿਆ–"ਜੇ ਆਪ ਫੜਾਇ ਦੇਣ ਤਾਂ ਭਲੀ ਬਾਰਤਾ ਨਹੀਂ ਤਾਂ ਮੈਂ ਤਿਹਾਂ ਨੂੰ ਪਕੜ ਲਵਾਂਗੇ !"

ਬਾਬਾ ਜੀ ਏਤਨੀ ਬਾਰਤਾ, ਸੁਣ ਕੇ ਕਰੋਧਵਾਨ ਹੋਏ ਅਤੇ ਕਿਹਾ "ਡੋਗਰਿਆ ਤੂੰ ਸਾਡੇ ਤੇ ਨਾ ਚਾੜ੍ਹਕੇ ਆਵੇਂ ਤਾਂ ਮਾਂ ਦਾ ਪੁਤ ਹੀ ਨਹੀਂ।"

ਜਦ ਡੋਗਰਿਆਂ ਦੀ ਸਾਜ਼ਸ਼ ਨਾਲ ਸੰਤ ਬਾਬਾ ਬੀਰ ਸਿੰਘ ਜੀ ਅਤੇ ਉਨ੍ਹਾਂ ਨੂੰ ਮਾਰਨ ਲਈ ਸਿਖ ਫੌਜਾਂ ਚੜ੍ਹ ਪਈਆਂ, ਉਸ ਵਕਤ ਸੈਂਕੜੇ ਸਿਖ ਸੰਤ, ਪ੍ਰੇਮੀ ਸ਼ਰਧਾਲੂ ਬਾਬਾ ਜੀ ਪਾਸ ਪੁਜੇ। ਉਨ੍ਹਾਂ ਨੇ ਵਿਰੋਧੀਆਂ ਨਾਲ ਲੜਕੇ ਸ਼ਹੀਦ ਹੋਣ ਦਾ ਇਰਾਦਾ ਕੀਤਾ। ਡੋਗਰਿਆਂ ਨੇ ਬਾਬਾ ਜੀ ਪਾਸ ਸੰਗਤਾਂ ਦੀ ਆਵਾਜਾਈ ਤੇ ਰਾਸ਼ਨ ਵੀ ਬੰਦ ਕਰ ਦਿਤਾ। ਉਸ ਵਕਤ ਸ੍ਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਕਸੂਰ ਦੇ ਇਲਾਕੇ ਵਿਚ ਆਪਣੀ ਜਗੀਰ ਵਿਚੋਂ ਅਨਾਜ ਦੇ ਗੱਡੇ ਲਦ ਕੇ ਲੰਗਰ ਲਈ ਭੇਜੇ। ਬਾਬਾ ਜੀ ਨੂੰ ਲਾਹੌਰ ਦਰਬਾਰ ਦੇ ਸਾਰੇ ਹਾਲਾਤ ਤੋਂ ਚਿੱਠੀ ਪਤ੍ਰ ਰਾਹੀਂ ਜਾਣੂ ਕਰਾਇਆ।

ਇਸ ਸਾਰੇ ਬ੍ਰਿਤਾਂਤ ਨੂੰ ਭਾਈ ਮੋਹਨ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ–

"ਸਾਰੇ ਖਬਰ ਸੁਣ ਪਾਈ ਕਿ ਲਾਹੌਰੋਂ ਬਾਬਾ ਜੀ ਨੂੰ ਮਾਰਨ ਵਾਸਤੇ ਫੌਜਾਂ ਚੜ੍ਹ ਪਈਆਂ ਹਨ। ਸਿੱਖ ਸੰਤ ਸੁਣਕੇ ਮਾਝੇ ਵਿਚੋਂ ਸਾਰੇ ਪ੍ਰੀਤਵਾਨ ਚਲੇ ਆਏ ਆਪ ਜੀ ਦੇ ਕੋਲ ਲੜਨ ਵਾਸਤੇ। ਜੇ ਬਾਬਾ ਜੀ ਲੜਨਗੇ ਤਾਂ ਨਾਲ ਹੋਇਕੇ ਧਰਮ ਜੁਧ ਕਰਾਂਗੇ। ਹੋਰ ਸ੍ਰਦਾਰਾਂ ਦੀਆਂ ਸਭੀ ਫੌਜਾਂ ਕਠੀਆਂ ਹੋ ਗਈਆਂ 4000 ਦੀਆਂ ਚਾਰ ਪ੍ਰਤਿਲਾਂ ਕਸ਼ਮੀਰਾ ਸਿੰਘ ਦੀਆਂ ਤੇ ਮੁਕਤਿਆਂ ਦੀਆਂ ਕਠੀਆਂ ਹੋਈਆਂ ਲੜਨ ਵਾਸਤੇ। ਚਾਰ ਹਜ਼ਾਰ ਅਤਰ ਸਿੰਘ ਸੰਧਾਵਾਲੀਏ ਦੀ ਫੌਜ ਕੱਠੀ ਹੋਈ

ਜੁਧ ਕਰਨ ਵਾਸਤੇ। ਸਭਰਾਵਾਂ ਤੋਂ ਬਾਬਾ ਜੀ ਨੇ ਕੂਚ ਕੀਤਾ।

ਇਕ ਹਥਨੀ ਸਾਹਿਬਾਂ ਦੀ ਹੌਦਾ ਪਾਇਆ ਹੋਇਆਂ ਚਾਂਦੀ ਦਾ ਸ਼ਾਮ ਸਿੰਘ ਅਟਾਰੀ ਵਾਲੇ ਨੇ ਬਾਬਾ ਜੀ ਦੇ ਚੜ੍ਹਨ ਵਾਸਤੇ ਦਿਤੀ ਹੋਈ ਸੀ। "ਮੌਲਾ ਪਿਆਰੀ" ਨਾਮ ਹਥਨੀ ਦਾ ਸੀ। ਅਤੇ ਪੰਜ ਹਾਥੀ ਸੀ। ਇਕ ਚੰਦਾ ਸਿੰਘ ਪੱਟੀ ਵਾਲੇ ਦਾ, ਇਕ ਜਵਾਹਰ ਸਿੰਘ, ਹਰੀ ਸਿੰਘ ਨਲੂਏ ਦੇ ਪੁਤ੍ਰ ਦਾ ਇਕ ਬਾਬਾ ਜੀ ਦਾ, ਇਕ ਅਤਰ ਸਿੰਘ ਸੰਧਾਵਾਲੀਏ ਦਾ ਅਗੇ ਪੰਜ ਧੌਂਸੇ ਵਜਦੇ ਜਾਣ। ਬਾਬਾ ਜੀ ਅਗੇ ਦਲੀਪ ਸਿੰਘ ਨਿਕੀ ਬੁਵਾਹ ਗੁਰੂ ਵਾਲਾ ਵਾਹਿਗੁਰੂ ਬੁਲਾਈ ਜਾਂਦਾ ਸਾਰਿਆਂ ਦੇ ਅਗੇ ਖਾਲਸਾ ਜੀ ਵਾਹਿਗੁਰੂ ਬੋਲਣਾ। ਬੋਲੋ ਸਿਖੋ ਵਾਹਿਗੁਰੂ ! ਘੋੜੇ ਉਤੇ ਸਭਨਾਂ ਦੇ ਅਗੇ ਉਚੀ ਦੇ ਕੇ ਲੰਮੀ ਸੁਰ ਬੁਲੌਂਦਾ। ਉਸ ਦੇ ਪਿਛੇ ਰਾਮ ਸਿੰਘ ਨਿਸ਼ਾਨਚੀ, ਹਰਸਾ ਸਿੰਘ ਧੌਂਸਈ, ਭੋਲਾ ਸਿੰਘ ਮਿਰਾਜ ਕਾ ਧੌਂਸਈ ਬਾਬੇ ਬਕਾਲੇ ਦਾ, ਦੋ ਮਜ਼ਬੀ ਸਿੰਘਾਂ ਦੇ ਧੌਂਸਈ ਅਤੇ ਨਿਸ਼ਾਨਚੀ ਮਜ਼ਬੀਆਂ ਸਿੰਘਾਂ ਨੂੰ ਗੁਰੂ ਜੀ ਨੇ ਪੱਕਾ ਖੂਹ ਆਪ ਲਵਾ ਕੇ ਦਿਤਾ ਹੋਇਆਂ ਸੀ।"

ਭਾਈ ਮੋਹਰ ਸਿੰਘ ਦਸਦਾ ਹੈ :—

"ਢੀਂਡਸਾ* ਠਾਣੇਦਾਰ ਕਿਸੇ ਨੂੰ ਔਣ ਨਾ ਦੇਵੇ। ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੇ ਟਹਿਲੀਏ ਨੂੰ ਪ੍ਰਵਾਨਾ ਦੇ ਕ ਭੇਜਿਆ, ਜੀ ਲਾਹੌਰੋਂ ਫੌਜਾਂ ਚੜ ਪਈਆਂ ਹੈ। ਉਧਰੇ ਸ਼ਾਮ ਸਿੰਘ ਨੂੰ ਕਸੂਰ ਸ੍ਰਕਾਰ ਨੇ ਜਗੀਰ ਦਿਤੀ ਹੋਈ ਸੀ। ਉਥੇ ਸ਼ਾਮ ਸਿੰਘ ਨੇ ਖੁਸ਼ਾਲ ਸਿੰਘ ਤਸੀਲਦਾਰ ਆਪਣਾ ਚਾਚਾ ਛਡਿਆ ਹੋਇਆ ਸੀ। ਉਸਨੂੰ ਪ੍ਰਵਾਨਾ ਲਿਖ ਭੇਜਿਆ ਕਿ ਮਹਾਰਾਜ (ਬਾਬਾ ਬੀਰ ਸਿੰਘ ਜੀ) ਨੂੰ ਜੋ ਖਰਚਪਠੇ ਦੀ ਲੋੜ ਹੋਵੇ ਸੋ ਭੇਜਣਾ, ਸੰਗਤਾਂ ਔਣੋਂ ਬੰਦ ਹੋ ਗਈਆਂ ਹਨ। ਬਾਬਾ

---

*ਢੀਂਡਸਾ ਨਾਭੇ ਤਸੀਲ ਵਿਚ ਇਕ ਪਿੰਡ ਹੈ ਅਤੇ ਇਕ ਗੋਤ ਵੀ ਹੈ।

ਜੀ ਔਖੇ ਨਾ ਹੋਣ ਕਿਸੀ ਗਲੋਂ ।

ਉਸ ਨੇ ਸੁਣਕੇ ਪਰਵਾਨਾ ਦਾਰੂ ਸਿੱਕਾ, ਆਟਾ ਦਾਣਾ ਘਿਉ ਤੇਲ ਲੂਣ ਦਾਲ ਗੱਡ ਲੱਦ ਕੇ ਅਨੇਕ ਰਾਤੋ ਰਾਤ ਭੇਜ ਦਿਤੇ ।

ਢੰਨ ਦੇ ਕੰਢੇ ਮਹਾਰਾਜ ਸਿੰਘ ਲੰਗਰ ਪਕਾਂਦਾ ਤੇ ਵਰਤਾਂਦਾ ਹੈ। ਭਾਊਵਾਲ ਡੇਰਾ ਲਗਾਇ ਦਿਤਾ ਹੈ । ਏਧਰ ਦੀਵਾਨ ਲਗਾ ਹੈ ਅਰ ਸ਼ਬਦ ਪੜ੍ਹੀਦਾ ਹੈ।

ਲਾਹੌਰੋਂ ਫੌਜਾਂ ਚੜ ਪਈਆਂ ਹੈਂ । ਸਦਾਰ ਰਲ ਕੇ ਆਪਸ ਮੇਂ ਸਲਾਹ ਕਰਨੇ ਹੈਂ ਕਿ ਬਾਬਾ ਜੀ ਅਗੇ ਅਰਜ਼ ਕਰੀਏ ਕਿ ਸਾਨੂੰ ਹੁਕਮ ਦੇਣਾ ਤਾਂ ਅਗੇ ਜਾ ਕੇ ਲੁਲਿਆਣੀ ਗਿਰਦੇ ਲੜੀਏ ।

ਭਾਈ ਮੋਹਰ ਸਿੰਘ ਦਸਦਾ ਹੈ ਕਿ ਬਾਬਾ ਜੀ ਨੇ ਹੁਕਮ ਦਿਤਾ ਕਿ ਦੀਵਾਨ ਵਿਚ ਰਬਾਬੀ ਕੀਰਤਨ ਕਰਨ ।

ਪਰ ਇਕ ਸੇਵਕ ਨੇ ਆ ਕੇ ਦਸਿਆ ਕਿ ਜੰਗ ਦੇ ਡਰ ਤੋਂ ਭਾਈ ਬੁਲਾ ਤੇ ਮਾਹੀਆ ਰਬਾਬੀ ਨਠ ਗਏ ਹਨ । ਉਹ ਦੋਵੇਂ ਪਿਉ ਪੁਤਰ ਸਨ। ਕੀਰਤਨ ਕਰਨ ਤੋਂ ਬਿਨਾਂ 'ਫਰਾਸ' ਦੀ ਸੇਵਾ ਵੀ ਕਰਦੇ ਸਨ ।

ਉਸ ਵਕਤ ਸ: ਸ਼ਾਮ ਸਿੰਘ ਅਟਾਰੀ ਦੀ ਚਿੱਠੀ ਲੈ ਕੇ ਇਕ ਸਿੰਘ ਪੁਜਾ, ਜਿਸ ਨੇ ਫੌਜ ਦੀ ਚੜ੍ਹਾਈ ਦੀ ਸਾਰੀ ਗਲ ਬਾਤ ਦਸੀ। ਬਾਬਾ ਜੀ ਕੋਲ ਖਲੋਤੇ ਤਿੰਨ ਸਵਾਰਾਂ ਨੰਦ ਸਿੰਘ ਗੁਹੀਰ ਰਤਨ ਸਿੰਘ ਟੂੰਡਾ ਤੇ ਇਕ ਹੋਰ ਨੂੰ ਕਿਹਾ ਕਿ ਦਰਿਆ ਦਾ ਤਾਰੂ ਪਾਣੀ ਵੇਖੋ। ਫਿਰ ਆਪ ਨੇ ਗਿਲਾਂ ਨੂੰ ਕਿਹਾ—

"ਤੁਹਾਡੇ ਲਈ ਏਥੇ ਗੁਰਦਵਾਰਾ ਬਣੇਗਾ । ਤੁਹਾਨੂੰ ਨਰੰਗਾਬਾਦ ਦੂਰ ਪੈਂਦਾ ਹੈ । ਅਸੀਂ ਏਥੇ ਹੀ ਸੀਸ ਦੇਣਾ ਤੇ ਭਾਣਾ ਵਰਤਾਉਣਾ ਹੈ ।"

ਸ: ਸ਼ਾਮ ਸਿੰਘ ਅਟਾਰੀ ਦੇ ਭੇਜੇ ਹੋਏ ਕਾਸਦ ਨੂੰ ਬਾਬਾ ਜੀ ਨੇ ਬਚਨ ਕੀਤਾ—"ਸ: ਸਾਮ ਸਿੰਘ ਨੂੰ ਕਹੋ, ਤੂੰ ਸਾਡੇ ਕੋਲ ਆ ਜਾ ਅਕਠੇ ਬੈਕੁੰਠ ਨੂੰ ਚਲੀਏ ।"

ਏਨਾ ਬਚਨ ਕਰਕੇ ਬਾਬਾ ਜੀ ਪਲੰਘ ਤੋਂ ਉਠ ਖਲੋਤੇ। ਆਪ ਨੇ ਭਾਈ ਮੋਹਰ ਸਿੰਘ ਨੂੰ ਕਿਹਾ–"ਤੋਸ਼ੇ ਖਾਨੇ ਵਿਚੋਂ ਗਾਗਰ ਲਿਆਉ, ਜਲ ਭਰ ਕੇ ਸਾਡਾ ਇਸ਼ਨਾਨ ਕਰਾਉ।"

ਭਾਉਵਾਲ ਦੇ ਲਾਗੇ ਪਾਣੀ ਦੀ ਇਕ ਢੰਨ ਸੀ। ਉਥੇ ਬਾਬਾ ਜੀ ਤੇ ਹੋਰ ਕਈ ਸਿੰਘਾਂ ਨੇ ਇਸ਼ਨਾਨ ਕੀਤਾ ਅਤੇ ਮੁੜ ਪਲੰਘ ਤੇ ਜਾ ਬਿਰਾਜੇ। ਉਧਰੋਂ ਭਾਈ ਨੰਦ ਸਿੰਘ ਗੁਹੀਰਾ ਤੇ ਰਤਨ ਸਿੰਘ ਠੱਟੀਂ, ਜਿਹੜੇ ਦਰਿਆ ਦਾ ਪਾਣੀ ਵੇਖਣ ਲਈ ਗਏ ਸਨ, ਉਹ ਵੀ ਦਰਿਆ ਦੇ ਕੰਢੇ ਕੰਢੇ ਪਾਣੀ ਦੀ ਥਾਹ ਵੇਖਕੇ ਆ ਗਏ। ਉਨ੍ਹਾਂ ਦੀ ਗਲ ਬਾਤ ਸੁਣਕੇ ਬਾਬਾ ਜੀ ਨੇ ਡੇਰੇ ਦੇ ਕੂਚ ਦਾ ਹੁਕਮ ਦੇ ਦਿਤਾ।

ਸਾਰੇ ਸਿੰਘ ਘੋੜਿਆਂ ਹਾਥੀਆਂ ਤੇ ਕੋਤਲਾਂ ਸਮੇਤ ਤਿਆਰ ਹੋ ਗਏ। ਸ: ਅਤਰ ਸਿੰਘ ਸੰਧਾਵਾਲੀਆ, ਸ: ਚੰਦਾ ਸਿੰਘ ਪੱਟੀ, ਦੀਵਾਨ ਵਸਾਖਾ ਸਿੰਘ ਆਪੋ ਆਪਣੇ ਹਾਥੀਆਂ ਤੇ ਚੜ੍ਹਕੇ ਆ ਗਏ। ਭਾਉਵਾਲ ਤੋਂ ਬਾਬਾ ਜੀ ਨੇ ਸਾਰੇ ਸਰਦਾਰਾਂ ਤੇ ਸੰਗਤਾਂ ਸਮੇਤ ਪਿੰਡ ਮੂਠਿਆਂ ਵਾਲੇ ਵਲ ਕੂਚ ਕਰ ਦਿਤਾ।

ਉਸ ਵਕਤ ਦੇ ਨਜ਼ਾਰੇ ਨੂੰ ਭਾਈ ਮੋਹਰ ਸਿੰਘ ਇਉਂ ਵਰਣਨ ਕਰਦਾ ਹੈ।

"ਤੇਰਾਂ ਹਜ਼ਾਰ ਘੋੜ ਚੜੇ ਨਾਲ ਹੈਨ ਅਤੇ ਪੰਜ ਸੌ ਮਜ਼੍ਹਬੀ ਸਿੰਘ ਧੌਂਸੇ ਵਜਾਂਦੇ ਜਾਂਦੇ ਹਨ। ਪੰਜ ਧੌਂਸੇ ਅਤੇ ਪੰਜ ਨਿਸ਼ਾਨ ਬਾਬਾ ਜੀ ਦੇ ਅਗੇ ਚਲਦੇ ਹਨ। ਹੋਰ ਪੰਜ ਸੌ ਸਿੰਘ ਕਸੌਲੀਆਂ ਦਾ ਤਿੰਨ ਸਰਦਾਰ ਖੁਸ਼ਾਲ ਸਿੰਘ ਬੰਗੇਰੀਆ, ਬੂਟਾ ਸਿੰਘ ਸਰਦਾਰ ਕਰਮ ਸਿੰਘ ਕੈਂਥਲ ਦੇ ਤਿੰਨ ਸਰਦਾਰ ਨਾਲ ਭਾਣਾ ਵਰਤਾਣ ਲਈ ਮੂਠਿਆਂ ਵਾਲੇ ਨੂੰ ਚਲੇ। ਕਸ਼ਮੀਰਾ ਸਿੰਘ ਸਰਕਾਰ ਦਾ ਬੇਟਾ, ਅਮੀਰ ਸਿੰਘ ਸਿਆਲਕੋਟੀਆ, ਸ: ਲਾਲ ਸਿੰਘ ਗੁਜਰਾਂਵਾਲੀਆਂ, ਸ: ਹਰੀ ਸਿੰਘ ਖਾਈ ਵਾਲਾ, ਚਾਰ ਹਜ਼ਾਰ ਕਸ਼ਮੀਰਾ ਸਿੰਘ ਨਾਲ ਫੌਜ, ਮੁਕਤਿਆਂ ਦੀਆਂ ਪੜਤਲਾਂ, ਚਾਰ ਹਜ਼ਾਰ ਅਤਰ ਸਿੰਘ ਸੰਧਾਵਾਲੀਏ ਦੇ ਨਾਲ, ਹਕੀਕਤ ਸਿੰਘ ਭਕਨੀਆਂ

ਅਤੇ ਉਸ ਨਾਲ ਵਸਾਖਾ ਸਿੰਘ ਜਵਾਈ, ਜਵਾਲਾ ਸਿੰਘ ਚੀਚੇ ਵਾਲਾ ਅਤਰ ਸਿੰਘ ਦਾ ਜਵਾਈ, ਸ਼ੇਰ ਸਿੰਘ ਸੰਧਾਵਾਲੀਆ ਸ੍ਰਦਾਰ ਚਾਰੇ ਪੁਤ੍ਰਾਂ ਸਮੇਤ, ਨਿਧਾਨ ਸਿੰਘ ਸੰਧਾਵਾਲੀਆ ਸ: ਸਦਾ ਸਿੰਘ ਕਰਨੈਲ, ਹਰੀ ਸਿੰਘ ਨਲੂਏ ਦਾ ਪੁਤਰ ਜਵਾਹਰ ਸਿੰਘ ਹੋਰ ਸਰਬੱਤ ਸ੍ਰਦਾਰ ਬਾਬਾ ਜੀ ਦੇ ਨਾਲ ਹਨ । ਹੋਰ ਸਿੰਘ ਸਾਹਿਬ ਟੇਕ ਸਿੰਘ ਜੀ ਨਾਲ ਹੈਂ । ਹੋਰ ਸੰਤ ਮਹੰਤ ਵੀ ਬਹੁਤ ਹਨ । ਭਾਈ ਸੁਹੇਲ ਸਿੰਘ ਮਾਲੂ-ਵਾਲੀਆ, ਮਹੰਤ ਸਭਰਾਵਾਂ ਦਾ ਡੇਰਾ ਨਾਲ ਹੈ । ਨਕਈਆਂ ਦਾ ਡੇਰਾ ਨਾਲ ਭਾਈ ਲਾਲ ਸਿੰਘ ਨਕਈ ਨਾਲ ਪੋਠੋਹਾਰੀਆਂ ਦਾ ਡੇਰਾ, ਸੂਬਾ ਸਿੰਘ ਬਾਟੀ ਦਾ ਡੇਰਾ, ਭਾਈ ਅਰੂੜ ਸਿੰਘ ਵਰਨਾ ਵਾਲਾ, ਨਿਕੀ ਫੌਜ ਦੇ ਅੱਸੀ ਸਿੰਘ ਹਥੀਂ ਸਲੋਤਰ ਫੜੇ ਹੋਏ, ਭਾਈ ਨਿਧਾਨ ਸਿੰਘ ਲੰਙਾ ਪੜੌਣ ਵਾਲਾ, ਪੋਠੋਹਾਰੀਏ ਮਲਕਪੁਰੀਏ ਭਾਈ ਲਾਲ ਸਿੰਘ ਮੁਣਸ਼ੀ ਕੰਜਰੂੜ ਦਤਾਂ ਵਾਲੇ, ਗੁਰਸਾ ਸਿੰਘ ਬੰਦੇਛਾ ਸ੍ਰਦਾਰ ਸਮੇਤ ਡੇਰੇ ਨਾਲ । ਬਾਬਾ ਗੰਢਾ ਸਿੰਘ ਤੇ ਝੰਡਾ ਸਿੰਘ ਸੋਢੀ ਸੰਗਤ ਪੁਰੀਏ, ਬਾਬਾ ਬਿਅੰਤ ਸਿੰਘ ਬੇਦੀ ਸਾਹਿਬਜ਼ਾਦੇ । ਤੇਰਾ ਹਜ਼ਾਰ ਫੌਜ ਸਮੇਤ ਮੁਠਿਆਂ ਵਾਲੇ ਨੂੰ ਚਲੇ ।

ਰਾਜਾ ਹੀਰਾ ਸਿੰਘ ਨੇ ਹੁਕਮ ਭੇਜਿਆ ਢੀਂਡਸਾ ਗਿਲਾਂ ਦੇ ਦੇਸ ਦੇ ਠਾਣੇਦਾਰ ਨੂੰ ਕਿ ਸਭ ਸੰਗਤ ਬੰਦ ਕਰ ਦਿਓ । ਤਾਂ ਸਭ ਸੰਗਤਾਂ ਬੰਦ ਕਰ ਦਿਤੀਆਂ । ਕੋਈ ਉਦਾਲਿਉਂ ਮਥਾ ਟੇਕਣ ਨਾ ਆਵੇ ।

ਬਾਬਾ ਜੀ ਮੁਠਿਆਂ ਵਾਲੇ ਜਾਂਦੇ ਹਨ ਕਿ ਰਸਤੇ ਵਿਚ ਇਕ ਪਿੰਡ ਬੁੜਾਲੀ ਆਇਆ । ਤਾਂ ਉਨਾਂ ਸਿਖਾਂ ਨੇ ਦੁਧ ਦੀਆਂ ਕਾਹੜਨੀਆਂ ਅਰਦਾਸ ਸਹਿਤ ਪੈਂਚਾਂ ਨੇ ਮੱਥਾ ਟੇਕਿਆ । ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ—"ਤੁਸੀਂ ਸਾਡੇ ਗੁਆਂਢੀ ਹੋ, ਅਸੀਂ ਤੁਹਾਡੇ ਕੋਲ ਡੇਰਾ ਲਾਉਣਾ ਹੈ ।"

ਕੁਝ ਚਿਰ ਉਥੇ ਠਹਿਰ ਕੇ ਬਾਬਾ ਜੀ ਤੇ ਸਾਰੀ ਫੌਜ ਨੇ ਅਗੇ ਕੂਚ ਕਰ ਦਿਤਾ । ਦਰਿਆ ਦੇ ਕੰਢੇ ਜਾ ਕੈਂਪ ਲਾਇਆ ।

ਏਨੇ ਵਿਚ ਖਬਰ ਪੁਜੀ ਕਿ ਲਾਹੌਰ ਦਰਬਾਰ ਦੀ ਭੇਜੀ ਹੋਈ ਫੌਜ ਲੁਲਿਆਨੀ ਪੁਜ ਗਈ ਹੈ । ਉਸ ਵਕਤ ਸਿਖ ਸਰਦਾਰਾਂ ਨੇ ਬਾਬਾ ਜੀ ਦੀ ਸੇਵਾ ਵਿਚ ਬੇਨਤੀ ਕੀਤੀ–"ਸਾਨੂੰ ਹੁਕਮ ਦੇਵੋ, ਅਸੀਂ ਅਗੇ ਜਾ ਕੇ ਲੜਦੇ ਹਾਂ ।"

ਬਾਬਾ ਜੀ ਨੇ ਉਤਰ ਦਿਤਾ–ਤੁਸੀਂ ਸਾਥੋਂ ਡੇਰਾ ਅਡ ਕਰ ਲਓ । ਅਸਾਥੋਂ ਬਾਹਰ ਜਾ ਕਰ ਲੜੋ । ਅਸੀਂ ਦਸ ਮਣ ਅੰਨ ਗੰਦਾ ਕਰਕੇ ਦੇਹ ਛਡਣੀ ਹੈ । ਅਸੀਂ ਇਹ ਖਲੜ "ਮਲੇਸ਼ ਪੰਥ" ਦੇ ਮਥੇ ਮਾਰਨਾ ਹੈ । ਅਸੀਂ ਹੁਕਮ ਨਹੀਂ ਦੇਵਣਾ ।"

ਇਸ ਲਿਖਤ ਤੋਂ ਪਾਠਕ ਅਨੁਮਾਨ ਲਾਉਣ ਕਿ ਸੰਤ ਬਾਬਾ ਬੀਰ ਸਿੰਘ ਜੀ ਕਿਤਨੇ ਜੇਰੇ ਅਤੇ ਧੀਰਜ ਵਾਲੇ ਸਨ । ਕਈ ਹਜ਼ਾਰ ਸਨੱਧ ਬੱਧ ਫੌਜ ਨਾਲ ਹੋਣ ਦੇ ਬਾਵਜੂਦ ਉਨ੍ਹਾਂ ਨੇ ਸਿਖਾਂ ਨੂੰ ਖਾਨਾ-ਜੰਗੀ ਅਤੇ ਲੜਨ ਮਰਨ ਤੋਂ ਬਚਾਇਆ । ਜਿਨ੍ਹਾਂ ਸਰਦਾਰਾਂ ਨੇ ਲਾਹੌਰ ਦਰਬਾਰ ਦੀਆਂ ਫੌਜਾਂ ਨਾਲ ਲੜਨਾ ਚਾਹਿਆ, ਉਨ੍ਹਾਂ ਨੂੰ ਰੋਕਿਆ ਅਤੇ ਹਮਲੇ ਦੇ ਵਕਤ ਉਨ੍ਹਾਂ ਨੂੰ ਕਿਹਾ–"ਸਾਥੋਂ ਡੇਰਾ ਅੱਡ ਕਰ ਲਓ ।"

੧੫.

ਹਰੀ ਕੇ ਪਤਨ ਤੇ ਅੰਤਮ ਦਰਸ਼ਨ

ਉਸ ਵਕਤ ਇਕ ਪਰੇਮੀ ਸੰਤ ਹੀਰਾ ਸਿੰਘ ਜੀ ਬਾਬਾ ਜੀ ਦੇ ਨਾਲ ਸਨ । ਉਨ੍ਹਾਂ ਦੇ ਬਿਆਨ ਦੇ ਆਧਾਰ ਉਤੇ ਪੰਡਤ ਸ਼ੇਰ ਸਿੰਘ ਜੀ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ ਕਿ 25 ਵਿਸਾਖ ਸੰਮਤ 1901 ਐਤਵਾਰ ਨੂੰ ਬਾਬਾ ਜੀ ਨੇ ਹਰੀ ਕੇ ਪੱਤਨ ਪੁਜ ਕੇ ਡੇਰਾ ਕੀਤਾ । ਉਸ ਵਕਤ ਆਪ ਦੇ ਨਾਲ 26 ਹਜ਼ਾਰ *ਸਿਖ ਸੰਤ, ਸੇਵਕ, ਸ਼ਸਤ੍ਰ ਧਾਰੀ ਫੌਜੀ ਤੇ ਸਰਦਾਰ ਮੌਜੂਦ ਸਨ । ਲਾਹੌਰ ਤੋਂ ਫੌਜ ਦੀ ਚੜ੍ਹਾਈ ਦੀ ਖਬਰ ਸੁਣ ਕੇ ਸਾਰੇ ਜੋਸ਼ ਅਤੇ ਗੁਸੇ ਵਿਚ ਭਰੇ ਹੋਏ ਸਨ । ਬਹੁਤ ਸਾਰੀਆਂ ਸੰਗਤਾਂ ਬਾਬਾ ਜੀ ਦੇ ਦਰਸ਼ਨ ਕਰਨ ਆਉਂਦੀਆਂ ਸਨ । ਆਪ ਸੰਗਤਾਂ ਨੂੰ ਕਹਿੰਦੇ ਸਨ–

"ਇਥੇ ਭਿਆਨਕ ਸਾਕਾ ਵਰਤਣ ਵਾਲਾ ਹੈ । ਅਸੀਂ ਆਪਣਾ ਸਰੀਰ ਤਿਆਗ ਦੇਣਾ ਹੈ । ਸਾਡੇ ਕਾਰਨ ਕਿਸੇ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ, ਇਸ ਲਈ ਚਲੇ ਜਾਓ । ਪਰ ਜਿਸ ਤਰ੍ਹਾਂ ਭੌਰੇ ਕੰਵਲ ਫੁਲ ਦੀ ਧੂੜ (ਮਕਰੰਦ) ਵਿਚ ਮਸਤ ਜਾਨ ਦੇਣ ਲਈ ਤਿਆਰ ਹੁੰਦੇ ਹਨ, ਗੁਲਾਬ ਦੇ ਫੁਲ ਉਤੇ ਬੈਠੀਆਂ ਮਧੂ ਮੱਖੀਆਂ ਉਸਦਾ ਤਿਆਗ ਕਰਨ ਲਈ ਤਿਆਰ ਨਹੀਂ ਸਨ । ਉਨ੍ਹਾਂ ਦੇ ਮਨਾਂ ਵਿਚ ਸ਼ਰਧਾ ਭਗਤੀ

---

*ਬੀਰ ਮ੍ਰਿਗੇਸ਼, ਉਤ੍ਰਾਰਧ ਸਿਕੰਧ ਚਾਰ ਅਧਿਆਏ 26, ਪੰਨਾ 1531 ।

ਤੇ ਆਪਾ ਵਾਰਨ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ, ਜਿਹੜੇ ਬਾਬਾ ਜੀ ਨਾਲ ਜੁੜੇ ਹੋਏ ਸਨ । ਹਰੀ ਕੇ ਪਤਨ ਉਤੇ, ਭਜਨ, ਸਿਮਰਨ, ਕੀਰਤਨ, ਸਤਿਸੰਗ ਸੇਵਾ ਦਾ ਅਸਚਰਜ ਦ੍ਰਿਸ਼ ਹੋਣ ਦੇ ਨਾਲ ਇਕ ਫੌਜੀ ਤੇ ਜੰਗੀ ਕੈਂਪ ਦਾ ਨਜ਼ਾਰਾ ਵੀ ਦਿਸ ਰਿਹਾ ਸੀ।

26 ਵਿਸਾਖ ਦਾ ਦਿਨ ਬੀਤ ਗਿਆ । ਸਤਲੁਜ ਦੇ ਕੰਡੇ ਸ਼ਾਮ ਨੂੰ ਦੀਵਾਨ ਸਜਿਆ । ਉਸ ਵਿਚ ਬਾਬਾ ਜੀ ਇਉਂ ਸਸ਼ੋਭਤ ਸਨ, ਜਿਵੇਂ ਚੰਨ ਤਾਰਿਆਂ ਵਿਚ ਸੋਭਦਾ ਹੈ।

ਦਰਿਆ ਦਾ ਕੰਢਾ ਸੀ । ਠੰਢੀ ਮਿੱਠੀ ਪਾਉਣ ਵਗ ਰਹੀ ਸੀ ਸੂਰਜ ਡੁਬ ਰਿਹਾ ਸੀ ਦਮੇਲ ਉਤੇ ਦਿਨ ਰਾਤ ਗਲਵਕੜੀ ਪਾ ਰਹੇ ਸਨ। ਰੋਸ਼ਨੀ ਮੱਦਮ ਪੈ ਰਹੀ ਸੀ । ਰਾਤ ਦੀ ਤਾਰੀਕੀ ਸੰਸਾਰ ਨੂੰ ਆਪਣੀ ਬੁਕਲ ਵਿਚ ਲੈਣ ਲਈ ਤੇਜ਼ੀ ਨਾਲ ਵਧ ਰਹੀ ਸੀ । ਪੰਛੀ ਆਪਣੇ ਆਹਲਣਿਆਂ ਵਿਚ ਜਨੌਰ ਆਪਣੇ ਘੁਰਨਿਆਂ 'ਤੇ ਰਾਹੀ ਆਪਣੇ ਘਰਾਂ ਵਲ ਜਾ ਰਹੇ ਸਨ। ਸਤਲੁਜ ਦੀਆਂ ਲਹਿਰਾਂ ਬੜੀ ਖਾਮੋਸ਼ੀ ਨਾਲ ਤੁਰੀਆਂ ਜਾ ਰਹੀਆਂ ਸਨ।

ਅਜਿਹੇ ਟਿਕਵੇਂ ਸਮੇਂ ਵਿਚ ਸੰਤਾਂ ਨੇ ਭਰੇ ਹੋਏ ਦੀਵਾਨ ਵਿਚ ਬਚਨ ਕੀਤਾ—

"ਅਜ ਸਾਰੀ ਰਾਤ ਭਜਨ ਕੀਰਤਨ ਹੋਏ । ਪੰਜ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾਏ । ਲੰਗਰ ਅਗੇ ਨਾਲੋਂ ਵਧੇਰੇ ਪਕਾਇਆ ਜਾਏ।"

ਸੰਗਤ ਵਿਚੋਂ ਕੁਝ ਪ੍ਰੇਮੀਆਂ ਨੇ ਪੁਛਿਆ:—"ਮਹਾਰਾਜ, ਆਪ ਕਹਿੰਦੇ ਹੈ ਕਿ ਬ੍ਰਛਿਆਂ ਨੇ ਕਤਲਾਮ ਕਰਨੀ ਹੈ ਅਤੇ ਆਪ ਦਾ ਸਰੀਰ ਬਿਨਸ ਜਾਣਾ ਹੈ । ਫਿਰ ਕੜਾਹ ਪ੍ਰਸ਼ਾਦ ਤੇ ਲੰਗਰ ਕਾਹਦੇ ਲਈ ਤਿਆਰ ਕਰਵਾਉਣ ਲਗੇ ਹੋ ?"

ਬਾਬਾ ਜੀ ਨੇ ਉਤਰ ਦਿਤਾ—"ਗੁਰੂ ਮਰਯਾਦਾ ਅਨੁਸਾਰ ਜਦ ਕੋਈ ਸਿਖ ਚੜ੍ਹਾਈ ਕਰ ਜਾਂਦਾ ਹੈ, ਤਦ ਉਸਦੇ ਪਿਛੇ ਕੀਰਤਨ

ਸੋਹਿਲੇ ਦਾ ਪਾਠ ਕਰਕੇ ਕੜਾਹ ਪ੍ਰਸ਼ਾਦ ਵਰਤਾਈਦਾ ਹੈ।

"ਅਸੀਂ ਇਹ ਕੜਾਹ ਪ੍ਰਸ਼ਾਦ ਤੇ ਲੰਗਰ ਤਿਆਰ ਕਰਨ ਦਾ ਬਚਨ ਇਸ ਲਈ ਕੀਤਾ ਹੈ ਕਿ ਕੱਲ ਸਵੇਰੇ ਲਾਹੌਰ ਦੀਆਂ ਫੌਜਾਂ ਆ ਜਾਣ ਕਰਕੇ ਉਨ੍ਹਾਂ ਦੇ ਹਮਲੇ ਨਾਲ ਬਹੁਤ ਘੜਮਸ ਮਚ ਜਾਏਗਾ। ਉਸ ਹਾਲਤ ਵਿਚ ਕਿਸ ਨੇ ਕੜਾਹ ਪ੍ਰਸ਼ਾਦ ਤੇ ਲੰਗਰ ਕਰਨਾ ਹੈ? ਅਸੀਂ ਜੀਉਂਦੇ ਜੀਅ ਆਪਣਾ ਅੰਤਮ ਸੰਸਕਾਰ ਕਰਨ ਲਈ ਕੜਾਹ ਪ੍ਰਸ਼ਾਦ ਤੇ ਲੰਗਰ ਤਿਆਰ ਕਰਵਾ ਰਹੇ ਹਾਂ।

"ਦੂਜਾ ਕਾਰਨ ਇਹ ਹੈ ਕਿ ਜਿਹੜੇ ਲੋਕ ਲਾਹੌਰ ਤੋਂ ਚਲ ਕੇ ਸਾਡਾ ਤੇ ਹਮਲਾ ਕਰਕੇ ਮਾਰਨ ਲਈ ਆ ਰਹੇ ਹਨ, ਉਹ ਵੀ ਪੰਧ ਕਰਕੇ ਥਕੇ ਹੋਣਗੇ। ਸਾਡੇ ਉਤੇ ਸ਼ਸਤ੍ਰ ਚਲਾਉਣ ਤੇ ਲੁਟ ਮਾਰ ਕਰਨ ਦੇ ਬਾਹਦ ਉਨ੍ਹਾਂ ਨੂੰ ਭੁਖ ਲਗੇਗੀ। ਇਹ ਕੜਾਹ ਪ੍ਰਸ਼ਾਦ ਤੇ ਲੰਗਰ ਉਹ ਵੀ ਛਕ ਲੈਣਗੇ।

ਇਹ ਬਚਨ ਕਰਕੇ ਆਪ ਤਾੜੀ ਮਾਰ ਕੇ ਖਿੜ ਖਿੜਾਕੇ ਹੱਸ ਪਏ। ਇਉਂ ਜਾਪਦਾ ਸੀ ਕਿ ਮੌਤ ਨੂੰ ਮਜ਼ਾਕ ਕਰ ਰਹੇ ਹਨ।

ਬਾਬਾ ਜੀ ਨੇ ਆਪਣੇ ਇਕ ਅਤਿ ਪ੍ਰੇਮੀ ਤੇ ਨਿਕਟ ਵਰਤੀ ਸੰਤ ਟੇਕ ਸਿੰਘ ਨੂੰ ਕਿਹਾ—

ਯਾਰੀ ਪਰਖੀਏ ਯਾਰਾਂ ਦੀ।
ਜਦ ਮਾਰ ਪਏ ਤਲਵਾਰਾਂ ਦੀ।

ਸੁਣੋ ਸੰਤ ਜੀ! ਮੁਸੀਬਤ ਸਮੇਂ ਮਨੁਖ ਦੇ ਧਰਮ ਤੇ ਧੀਰਜ ਦੀ ਪ੍ਰੀਖਿਆ ਹੁੰਦੀ ਹੈ। ਧਨ ਪਦਾਰਥ ਹੋਣ ਨਾਲ ਉਸ ਦੇ ਵੈਰਾਗ ਦਾ ਪਤਾ ਲਗਦਾ ਹੈ। ਜੋਬਨ ਅਵਸਥਾ ਵਿਚ ਇਕਾਂਤ ਵਾਸ ਤੇ ਸੁੰਦਰ ਇਸਤ੍ਰੀ ਦੇ ਲਾਗੇ ਹੋਣ ਨਾਲ ਕਿਸੇ ਦੇ ਬ੍ਰਹਮ ਚਰਜ ਤੇ ਜਤ ਸਤ ਦਾ ਪਤਾ ਲਗ ਸਕਦਾ ਹੈ। ਮੁਸੀਬਤ ਵੇਲੇ ਇਸਤ੍ਰੀ, ਪੁਤਰਾਂ, ਦੋਸਤਾਂ ਮਿਤ੍ਰਾਂ ਅਤੇ ਸਾਕ ਸਨਬੰਧੀਆਂ ਦੀ ਪ੍ਰੀਖਿਆ ਹੋ ਜਾਂਦੀ ਹੈ। ਭਾਈ ਟੇਕ ਸਿੰਘ ਜੀ! ਕੱਲ ਸਵੇਰੇ ਤੁਸੀਂ ਜਰੂਰ

ਸਾਡੇ ਨਾਲ ਰਹਿਣਾ ਹੋਵੇਗਾ।''

ਆਪ ਨੇ ਇਹ ਬਚਨ ਤਿੰਨ ਵਾਰ ਕੀਤਾ।

ਤ੍ਰਿਕਾਲਾਂ ਵੇਲੇ ਸ: ਵਸਾਖਾ ਸਿੰਘ ਮਾਛੀ ਕੇ ਨੇ ਹਰੀ ਕੇ ਪੱਤਨ ਪਰ ਬਾਬਾ ਜੀ ਨੂੰ ਕਿਹਾ—

''ਮਹਾਰਾਜ ! ਬੁਰਛੇ ਕਹਿੰਦੇ ਹਨ, ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ ਤੇ ਆਪ ਦਾ ਸਿਰ ਵਢ ਕੇ ਅੰਨ ਖਾਣਾ ਹੈ। ਗਊ ਮਾਰਨ ਆਵੇ ਸਿੰਗ ਨਹੀਂ ਭੰਨਣਾ ? ਜੱਟ ਫਿਟ ਗਿਆ ਹੈ। ਲਾਹੌਰ ਦੀ ਪਾਤਸ਼ਾਹੀ ਸਰਦਾਰ ਇਕਠੇ ਕਰਕੇ ਮਾਰਨ ਲਗਾ ਹੈ। ਸਾਰਾ ਮਾਝਾ ਦੇਸ ਇਹੋ ਕਹਿੰਦਾ ਹੈ। ਅਸੀਂ ਅੰਨ-ਪਾਣੀ ਤਾਂ ਕਰਨਾ ਹੈ ਜਾਂ ਤਿੰਨਾਂ ਦੇ ਸਿਰ ਵੱਢ ਲੈਣੇ।''

ਬਾਬਾ ਜੀ ਨੇ ਉਤ੍ਰ ਦਿਤਾ—''ਮੇਰਾ ਗੁਰੂ ਚਾਹੇ ਤਾਂ ਪਹਾੜੀਏ ਡੋਗਰਿਆਂ ਦਾ ਇਕ ਜੀਅ ਨਾ ਛੱਡਾਂ। ਪਰ ਅਸੀਂ ਸ਼ਾਂਤਮਈ ਰਹਿਣਾ ਹੈ।''

ਬਾਬਾ ਜੀ ਨੇ ਭਾਈ ਮੋਹਰ ਸਿੰਘ ਨੂੰ ਕਿਹਾ—''ਹਨੇਰਾ ਪੈ ਗਿਆ ਹੈ, ਮਿਸਾਲਾਂ ਬਾਲ ਦਿਓ।''

ਉਸ ਨੇ ਉਤਰ ਦਿਤਾ ''ਮਹਾਰਾਜ ! ਬੁਹਲ ਸਿੰਘ ਮਸ਼ਾਲਚੀ ਭਜ ਗਿਆ ਹੈ।

ਤਾਂ ਸਾਹਿਬ ਕਹਿੰਦੇ ਹਨ—''ਤੂੰ ਹੀ ਮਿਸ਼ਾਲ ਜਗਾਇ ਦੇ।''

ਤਾਂ ਦੋ ਮਿਸ਼ਾਲਾਂ ਜਗਾਈਆਂ। ਨੰਦ ਸਿੰਘ ਬਖਸ਼ੀ ਆਇਆ ਤਾਂ ਉਸ ਨੂੰ ਕਹਿਣ ਲਗੇ :—

''ਕੜਾਹ ਪ੍ਰਸ਼ਾਦ ਦੀ ਰਸਦ ਬਹੁਤ ਦਿਓ। ਸਿਖ ਖਾਲਸਾ ਬਹੁਤ ਆਇਆ ਹੈ। ਕੜਾਹ ਪ੍ਰਸ਼ਾਦ ਛੱਕਣਗੇ। ਕੋਰੇ ਘੜੇ ਮੰਗਵਾਇ ਕੇ ਦਾਲ ਉਲੱਦ ਛੱਡੋ। ਦੇਗੇ ਮੰਧਿਆ ਕੇ ਘੁੰਗਣੀਆਂ ਛੋਲਿਆਂ ਦੀਆਂ ਉਬਾਲੋ। ਮਹਾਰਾਜ ਸਿੰਘ ਨੂੰ ਕਹੋ ਸਾਰੀ ਰਾਤ ਪ੍ਰਸ਼ਾਦ ਪਕਦਾ ਰਹੇ ਅਤੇ ਘੁੰਗਣੀਆਂ ਉਬਾਲੇ।''

ਫੇਰ ਬਾਬਾ ਜੀ ਵਾਸਤੇ ਥਾਲ ਆਇਆ, ਪੰਗਤਾਂ ਲਗ

ਗਈਆਂ। ਬਾਬਾ ਜੀ ਪ੍ਰਸ਼ਾਦ ਛਕਣ ਲਗੇ। ਜਦ ਪ੍ਰਸ਼ਾਦ ਛਕ ਕੇ ਕੁਲਾ ਕੀਤਾ, ਤਾਂ ਹਲਚਲਾ ਪਿਆ ਹੋਇਆ ਸੀ। ਇਕ ਆਉਂਦੇ ਤੇ ਇਕ ਜਾਂਦੇ ਹਨ।

ਭਾਈ ਜੱਸ ਹੋਰੀਂ ਰਾਗੀ ਆਏ। ਨਾਲ ਭਗਤ ਸਿੰਘ ਰਾਗੀ ਸੰਤ ਸਿੰਘ ਅਤੇ ਨਿਹਾਲ ਸਿੰਘ ਜੋੜੀ ਵਾਲਾ, ਭਾਈ ਮੋਹਰ ਸਿੰਘ ਰਾਗੀ ਖੁਸ਼ਾਬ ਵਾਲਾ ਅਤੇ ਭਾਈ ਸੁੰਦਰ ਸਿੰਘ, ਇਹ ਸਭੇ ਭਾਈ ਜੱਸ ਦੀ ਚੌਕੀ ਦੇ ਰਾਗੀ ਸਨ। ਭਾਈ ਜੀ ਕਲਿਆਣ ਦੀ ਚੌਕੀ ਲਗੇ ਕਰਨ। ਪਹਿਰ ਰਾਤ ਗਈ ਸ਼ਬਦ ਦਾ ਭੋਗ ਪਿਆ। ਫੇਰ ਹੋਰ ਚੌਕੀ ਆਈ। ਚੌਦਾਂ ਘੜੀਆਂ ਰਾਤ ਗਈ ਚੌਕੀ ਹੋਈ ਤੇ ਭੋਗ ਪਿਆ। ਫੇਰ ਬਾਬਾ ਜੀ ਪਲੰਘ ਉਤੇ ਬਿਰਾਜ ਗਏ।

ਬਾਬਾ ਜੀ ਦਾ ਹੁਕਮ ਮੰਨਕੇ ਉਨ੍ਹਾਂ ਦੇ ਜਾ-ਨਸ਼ੀਨ ਸ੍ਰੀ ਮਹਾਰਾਜ ਸਿੰਘ ਜੀ ਨੇ ਕੜਾਹ ਪ੍ਰਸ਼ਾਦ ਅਤੇ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿਤਾ।

ਦੀਵਾਨ ਵਿਚ ਸਾਰੀ ਰਾਤ ਇਕ-ਰਸ ਭਜਨ ਕੀਰਤਨ ਹੁੰਦਾ ਰਿਹਾ। ਇਹ ਬਾਬਾ ਜੀ ਦੇ ਦੁਰਲਭ ਜੀਵਨ ਦੀ ਅੰਤਮ ਰਾਤ ਸੀ। ਆਪ ਦੇ ਜੀਵਨ ਦੀਆਂ ਅੰਤਮ ਘੜੀਆਂ ਬੜੀ ਤੇਜ਼ੀ ਨਾਲ ਬੀਤ ਰਹੀਆਂ ਸਨ। ਹੁਕਮ ਸਤ ਹੋਣ ਦਾ ਸਮਾਂ ਨੇੜੇ ਆ ਰਿਹਾ ਸੀ। ਆਪ ਇਕ ਭਾਰੀ ਦੀਵਾਨ ਵਿਚ ਸੁਮੇਰ ਪਰਬਤ ਦੀ ਤਰ੍ਹਾਂ ਅਡੋਲ ਤੇ ਸਥਿਰ ਚਿਤ ਹੋ ਕੇ ਬੈਠੇ ਸਨ। ਆਪ ਦੇ ਮਨ ਵਿਚ ਕਿਸੇ ਤਰ੍ਹਾਂ ਦਾ ਡਰ, ਭੈ ਜਾਂ ਕੋਈ ਤੌਖਲਾ ਨਹੀਂ ਸੀ। ਗੁਰੂ ਪਰਮੇਸ਼ਰ ਦੇ ਚਰਨਾਂ ਨਾਲ ਜੁੜੀ ਹੋਈ ਸੁਰਤ, ਖੇੜਾ ਹੁਲਾਸ ਤੇ ਚੜ੍ਹਦੀ ਕਲਾਂ ਵਿਚ ਸੀ।

ਮਹਾਂ ਪੁਰਸ਼ਾਂ ਦੀ ਕਰਨੀ ਅਤੇ ਜੀਵਨ ਦਾ ਕੋਈ ਟਾਕਰਾ ਨਹੀਂ ਕਰਨਾ ਚਾਹੀਦਾ। ਪਰ ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਸੰਸਾਰ ਪ੍ਰਸਿਧ ਈਸਾਈ ਮਤ ਦੇ ਬਾਨੀ ਹਜ਼ਰਤ ਈਸਾ ਨੂੰ ਇਕ ਸੁਧਾਰਕ ਸਮਝਕੇ ਉਸਦੀ ਆਪਣੀ ਕੌਮ ਯਹੂਦੀਆਂ ਨੇ ਜਿਸ ਦਿਨ ਸੂਲੀ ਤੇ

ਚੜ੍ਹਾਉਣਾ ਸੀ, ਉਸ ਤੋਂ ਪਹਿਲੀ ਰਾਤ ਈਸਾ ਨੇ ਆਪਣੇ 12 ਚੇਲਿਆਂ ਨਾਲ ਬੈਠ ਕੇ ਭੋਜਨ ਕੀਤਾ ਅਤੇ ਕਿਹਾ–"ਤੁਹਾਡੇ ਵਿਚੋਂ ਇਕ ਮੈਨੂੰ ਪਕੜਵਾਏਗਾ।" ਚੇਲੇ ਇਹ ਸੁਣਕੇ ਸ਼ੋਕਾਤੁਰ ਹੋ ਗਏ।

ਈਸਾ ਨੇ ਚੇਲਿਆਂ ਨੂੰ ਸੰਬੋਧਨ ਕਰਕੇ ਇਹ ਵੀ ਕਿਹਾ–

"ਮੇਰਾ ਦਿਲ ਬੜਾ ਉਦਾਸ ਹੈ, ਕਿਉਂਕਿ ਮੇਰੀ ਮੌਤ ਦਾ ਸਮਾਂ ਆਣ ਪੁਜਾ ਹੈ।"

ਈਸਾ ਨੇ ਪ੍ਰਿਥਵੀ ਉਤੇ ਡਿਗਕੇ ਇਹ ਪ੍ਰਾਰਥਨਾ ਵੀ ਕੀਤੀ--

"ਹੇ ਈਸ਼ਵਰ! ਹੋ ਸਕੇ ਤਾਂ ਇਹ ਮੌਤ ਦਾ ਪਿਆਲਾ ਮੈਥੋਂ ਟਲ ਜਾਏ। ਜੇ ਮੇਰੇ ਪੀਤੇ ਬਿਨਾਂ ਨਹੀਂ ਟਲ ਸਕਦਾ ਤਾਂ ਤੇਰੀ ਇੱਛਾ ਪੂਰਨ ਹੋਵੇ।"

"ਹੇ ਪਿਤਾ! ਮੈਨੂੰ ਇਮਤਿਹਾਨ ਵਿਚ ਨਾ ਪਾਈਂ।

ਈਸਾ ਦੇ 12 ਚੇਲਿਆਂ ਵਿਚੋਂ ਇਕ "ਯਹੂਦੀ ਅਸਕਰੂਤੀ" ਨੇ ਉਸ ਨੂੰ ਫੜਵਾ ਦਿਤਾ ਅਤੇ ਯਹੂਦੀਆਂ ਨੇ ਉਸ ਨੂੰ ਸੂਲੀ ਤੇ ਟੰਗ ਕੇ ਮਾਰ ਦਿਤਾ।

ਪਰ ਧੰਨ ਹਨ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਦਕੀ, ਚਰਨ ਸੇਵਕ ਤੇ ਬਾਬਾ ਸਾਹਿਬ ਸਿੰਘ ਜੀ ਤੋਂ ਵਰੋਸਾਏ ਹੋਏ ਬ੍ਰਹਮ ਗਿਆਨੀ, ਸ਼ਾਂਤੀ ਦੇ ਪੁੰਜ, ਧੀਰਜਵਾਨ, ਦਇਆਵਾਨ ਤੇ ਜੀਵਨ ਮੁਕਤ ਬਾਬਾ ਬੀਰ ਸਿੰਘ ਜੀ, ਜਿਨ੍ਹਾਂ ਦੇ ਕੋਲ 25-26 ਹਜ਼ਾਰ ਸੰਤ ਭਗਤ ਗੁਰੂ ਅੰਸ਼ ਸਾਹਿਬਜ਼ਾਦੇ, ਧਰਮ ਦੀ ਕਿਰਤ ਕਰਕੇ ਛਕਣ ਵਾਲੇ ਗ੍ਰਿਹਸਤੀ ਤੇ ਜੰਗ ਵਿਚ ਦੁਸ਼ਮਨਾਂ ਦਾ ਮੂੰਹ ਮੋੜਨ ਵਾਲੇ ਸਰਦਾਰ ਤੇ ਫੌਜੀ ਸਿੰਘ ਮੌਜੂਦ ਸਨ। ਏਨੀ ਜਨ ਸ਼ਕਤੀ ਤੇ ਆਤਮ ਬਲ ਹੁੰਦਿਆਂ ਆਪ ਨੇ ਸ਼ਾਂਤਮਈ ਰਖੀ। ਖੁਦ ਮੌਤ ਦਾ ਡਰ ਕਬੂਲ ਨਹੀਂ ਕੀਤਾ। ਹਜ਼ਾਰਾਂ ਆਦਮੀਆਂ ਨੂੰ ਆਤਮ ਉਪਦੇਸ ਕਰਕੇ ਉਨ੍ਹਾਂ ਦਾ ਡਰ ਦੂਰ ਕਰ ਦਿਤਾ। ਅੰਤਮ ਸੁਆਸਾਂ ਤੀਕ ਸੰਗਤ ਨੂੰ ਇਹ ਉਪਦੇਸ਼ ਕਰਦੇ ਰਹੇ–

"ਜਿਸ ਸਰੀਰ ਨੇ ਇਕ ਦਿਨ ਨਾਸ਼ ਹੋ ਜਾਣਾ ਹੈ, ਉਸ ਲਈ

ਮੌਤ ਦਾ ਡਰ ਕਿਉਂ ਮੰਨੀਏ ? ਵਾਹਿਗੁਰੂ ਦੇ ਭਾਣੇ ਵਿਚ ਰਾਜ਼ੀ ਰਹਿਣਾ ਸਾਡਾ ਧਰਮ ਹੈ।"

ਬਾਬਾ ਜੀ ਦੀ ਜ਼ਿੰਦਗੀ ਦੀ ਆਖਰੀ ਰਾਤ ਵੀ ਭਜਨ, ਸਿਮਰਨ ਤੇ ਆਤਮਾਨੰਦ ਵਿਚ ਬਤੀਤ ਹੋਈ। ਸਵਾ ਪਹਿਰ ਰਾਤ ਰਹਿੰਦੀ ਸਮਾਧੀ ਵਿਚੋਂ ਉਠੇ। ਸੋਚ ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕੀਤਾ। ਦੀਵਾਨ ਸਜ ਗਿਆ ਤੇ ਆਸ਼ਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ।

ਪੌਹ ਫੁਟ ਪਈ। ਠੰਢੀ ਮਿਠੀ ਪੌਣ ਵਗ ਰਹੀ ਸੀ। ਆਕਾਸ਼ ਵਿਚ ਥੋਹੜੇ ਜਿਹੇ ਤਾਰੇ ਡਲ੍ਹਕ ਰਹੇ ਸਨ। ਉਨ੍ਹਾਂ ਦਾ ਅਕਸ ਦਰਿਆ ਸਤਲੁਜ ਦੇ ਜਲ ਵਿਚ ਪੈ ਰਿਹਾ ਸੀ। ਇਉਂ ਜਾਪਦਾ ਸੀ ਕਿ ਦੇਵ ਲੋਕ ਦੀਆਂ ਨੂਰੀ ਰੂਹਾਂ ਪ੍ਰਿਥਵੀ ਉਤੇ ਉਤਰ ਆਈਆਂ ਹਨ।

ਚੜ੍ਹਦੇ ਬੰਨਿਉਂ ਸੂਰਜ ਦੀਆਂ ਸੁਨਿਹਰੀ ਕਿਰਨਾਂ ਉਭਰ ਰਹੀਆਂ ਸਨ। ਹਰ ਪਾਸੇ ਚਿਟਾ ਚਾਨਣਾ ਹੋ ਚੁਕਾ ਸੀ। ਬਾਬਾ ਜੀ ਅਡੋਲ ਤੇ ਸਥਿਰ ਚਿਤ ਹੋ ਕੇ ਦੀਵਾਨ ਵਿਚ ਬਿਰਾਜਮਾਨ ਸਨ। ਕੀਰਤਨ ਸੁਣ ਰਹੇ ਸਨ। ਸਿਖ ਸੰਤ ਸਰਦਾਰ ਤੇ ਸੰਗਤ ਮੌਜੂਦ ਸਨ। ਲਾਭ ਸਿੰਘ ਡੋਗਰੇ ਤੇ ਗੁਲਾਬ ਸਿੰਘ ਕਲਕਤੀਏ ਦੀ ਕਮਾਨ ਹੇਠ ਲਾਹੌਰ ਤੋਂ ਚਲੀ ਹੋਈ ਫੌਜ ਦਿਨ ਚੜ੍ਹਦੇ ਨੂੰ ਹੀ ਹਰੀ ਕੇ ਪੱਤਨ ਤੇ ਪੁਜ ਗਈ।

ਬਾਬਾ ਜੀ ਕੋਲ ਬੈਠੀ ਹੋਈ ਸੰਗਤ ਨੂੰ ਦੂਰੋਂ ਉਹ ਫੌਜ ਦਿਸਣ ਲਗ ਪਈ। ਉਸ ਵਕਤ ਆਪ ਨੇ ਬਖਸ਼ੀ ਨੰਦ ਸਿੰਘ ਨੂੰ ਕਿਹਾ—

"ਬਾਬਾ ਖੁਦਾ ਸਿੰਘ ਜੀ ਦੀ ਉਹ ਚਿਠੀ ਦਿਖਾਓ, ਜਿਹੜ ਕੱਲ ਆਈ ਸੀ ਤੇ ਜਿਸ ਨੂੰ ਸੰਭਾਲ ਕੇ ਰਖਣ ਲਈ ਅਸਾਂ ਕਿਹਾ ਈ।"

ਬਖਸ਼ੀ ਨੰਦ ਸਿੰਘ ਨੇ ਉਹ ਚਿੱਠੀ ਲਿਆਕੇ ਬਾਬਾ ਜੀ ਤੇ

ਸਾਰੀ ਸੰਗਤ ਦੇ ਸਾਹਮਣੇ ਪੜ੍ਹੀ। ਉਸ ਵਿਚ ਲਿਖਿਆ ਸੀ—

"ਮਹਾਰਾਜ, ਆਪ ਤ੍ਰਿਕਾਲ ਦਰਸੀ ਤੇ ਜਾਣੀ ਜਾਣ ਪੁਰਸ਼ ਹੋ। ਪਰ ਇਸ ਚਿਠੀ ਦੇ ਨਾਲ ਹੀ ਲਾਹੌਰ ਦਰਬਾਰ ਵਲੋਂ ਭੇਜੀ ਹੋਈ ਫੌਜ ਵੀ ਆਈ ਸਮਝੋ।"

"ਆਪ ਨੇ ਵੱਡਾ ਪੁਰਸ਼ਾਰਥ ਕਰਨਾ ਹੈ।"

ਉਹ ਚਿਠੀ ਵਿਚ ਇਹ ਗੱਲ ਤਿੰਨ ਵੇਰ ਲਿਖੀ ਹੋਈ ਸੀ।

ਬਾਬਾ ਬੀਰ ਸਿੰਘ ਜੀ ਨੇ ਇਹ ਚਿਠੀ ਸੁਣਾ ਕੇ ਕਿਹਾ—ਧੰਨ ਹਨ ਸੰਤ, ਜਿਨ੍ਹਾਂ ਨੇ ਭਵਿਖਤ ਵਿਚ ਹੋਣ ਵਾਲੇ ਕਾਰੇ ਨੂੰ ਪਹਿਲਾਂ ਹੀ ਸਮਝ ਲਿਆ ਹੈ।

ਲਾਭ ਸਿੰਘ ਡੋਗਰਾ ਤੇ ਸ: ਗੁਲਾਬ ਸਿੰਘ ਕਲਕੱਤੀਆ ਸਿਖ ਫੌਜਾਂ ਦੀ ਕਮਾਨ ਕਰ ਰਹੇ ਸਨ। ਜਦ ਫੌਜ ਬਾਬਾ ਜ਼ੀ ਦੇ ਕੈਂਪ ਦੇ ਨੇੜੇ ਪੁਜੀ ਤਾਂ ਸ੍ਰਦਾਰ ਗੁਲਾਬ ਸਿੰਘ ਦੇ ਮਨ ਵਿਚ ਕੁਝ ਭਉ ਪੈ ਗਿਆ। ਉਸ ਨੇ ਡੋਗਰੇ ਨੂੰ ਕਿਹਾ—

"ਮੀਆਂ ਜੀ, ਬਾਬਾ ਬੀਰ ਸਿੰਘ ਜੀ ਬੜੇ ਕਰਨੀ ਵਾਲੇ ਤੇ ਪਰਉਪਕਾਰੀ ਹਨ। ਅਸੀਂ ਬਾਲ ਬਚੇਦਾਰ ਹਾਂ। ਸਾਥੋਂ ਉਨ੍ਹਾਂ ਦਾ ਬੁਰਾ ਨਹੀਂ ਹੋ ਸਕਦਾ, ਸ਼ਾਇਦ ਦੁਖੀ ਹੋ ਕੇ ਕਿਤੇ ਸਰਾਪ ਹੀ ਨਾ ਦੇ ਦੇਣ।"

ਲਾਭ ਸਿੰਘ ਡੋਗਰਾ—"ਸਾਨੂੰ ਰਾਜਾ ਹੀਰਾ ਸਿੰਘ ਦਾ ਹੁਕਮ ਹੈ ਕਿ ਬਾਬਾ ਜੀ ਉਤੇ ਹਮਲਾ ਕਰਦਿਆਂ ਦੇਰੀ ਨਹੀਂ ਕਰਨੀ। ਜਾਂਦਿਆਂ ਤੋਪਾਂ ਦਾਗ ਦੇਣੀਆਂ। ਜੇ ਢਿਲ ਮਠ ਕੀਤੀ ਤਾ ਬਾਬਾ ਜੀ ਸਾਰੇ ਸਿਖਾਂ ਦੇ ਪੂਜਨੀਕ ਹਨ। ਸਾਰੇ ਸਿਖ ਉਨ੍ਹਾਂ ਦੇ ਪਿਛੇ ਹੋ ਜਾਣ ਗੇ। ਫਿਰ ਪਤਾ ਨਹੀਂ ਕੀ ਹੋਵੇ ?"

ਸ੍ਰਦਾਰ ਗੁਲਾਬ ਸਿੰਘ, ਮੀਆਂ ਜੀ, ਆਪ ਨੇ ਠੀਕ ਕਿਹਾ ਹੈ। ਰਾਜਾ ਹੀਰਾ ਸਿੰਘ ਦਾ ਵੀ ਇਹੋ ਹੁਕਮ ਹੈ। ਪਰ ਅਸੀਂ ਵੀ ਤਾਂ ਆਪਣਾ ਬਚਾਅ ਕਰਨਾ ਹੈ। ਜੇ ਬਾਬਾ ਬੀਰ ਸਿੰਘ ਜੀ ਨੇ ਅਤਰ ਸਿੰਘ ਸੰਧਾਂਵਾਲੀਏ ਦੀ ਬਾਂਹ ਸਾਨੂੰ ਫੜਾ ਦਿਤੀ ਤਾਂ ਅਸੀਂ

ਉਨ੍ਹਾਂ ਦਾ ਸਤਕਾਰ ਕਰਾਂਗੇ । ਲਾਹੌਰ ਦਰਬਾਰ ਵਿਚ ਲਿਜਾ ਕੇ ਰਾਜਾ ਹੀਰਾ ਸਿੰਘ ਪ੍ਰਧਾਨ ਮੰਤ੍ਰੀ ਪਾਸੋਂ ਵੀ ਉਨ੍ਹਾਂ ਦਾ ਮਾਣ ਸਤਕਾਰ ਕਰਵਾਵਾਂਗੇ । ਜੇ ਉਨ੍ਹਾਂ ਨੇ ਅਤਰ ਸਿੰਘ ਨੂੰ ਸਾਡੇ ਸਪੁਰਦ ਨਾ ਕੀਤਾ ਤਾਂ ਜਿਵੇਂ ਤੁਸੀਂ ਕਹੋਗੇ ਕਰਾਂਗਾ ।"

ਸੰਤ ਬਾਬਾ ਬੀਰ ਸਿੰਘ ਜੀ ਸੰਗਤ ਵਿਚ ਬੈਠੇ ਹੋਏ ਸਨ। ਰਾਗੀ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ । ਕੜਾਹ ਪ੍ਰਸ਼ਾਦ ਤੇ ਲੰਗਰ ਤਿਆਰ ਹੋ ਚੁਕਾ ਸੀ ।

ਭਾਈ ਮੋਹਰ ਸਿੰਘ ਕਹਿੰਦਾ ਹੈ—

"ਸਰਦਾਰਾਂ ਨੇ ਅਰਜ਼ ਕੀਤੀ—"ਮਹਾਰਾਜ ! ਸਾਨੂੰ ਬੁਰਛੇ ਦਾਹੜਿਓਂ ਫੜ ਕੇ ਲੈ ਜਾਣਗੇ । ਕੁਝ ਹੁਕਮ ਦਿਉ ।"

ਤਦ ਬਾਬਾ ਜੀ ਨੇ ਕਿਹਾ—"ਮੈਂ ਤੁਹਾਨੂੰ ਹੁਕਮ ਦਿਆਂ ? ਮੇਰੇ ਵਿਚ ਕੁਝ ਬਲ ਨਹੀਂ । ਮੈਂ ਚਾਹਾਂ ਤਾਂ ਡੋਗਰਿਆਂ ਤੇ ਹਮਲਾ ਕਰਨ ਵਾਲਿਆਂ ਦਾ ਬੀ ਨਾ ਛਡਾਂ । ਸਾਰਾ ਪੰਜਾਬ ਇਹ ਕਹੇ ਕਿ ਉਹ ਹੋਏ ਸਨ । ਪਰ ਅਜਿਹਾ ਨਹੀਂ ਕਰਨਾ ।

ਅਗੇ ਚਲਕੇ ਭਾਈ ਮੋਹਰ ਸਿੰਘ ਦਸਦਾ ਹੈ—

"ਉਦਾਲਿਓਂ ਸੰਗਤ ਬੰਦ ਕਰ ਦਿਤੀ । ਕੋਈ ਦਰਸ਼ਨ ਕਰਨ ਨਾ ਆਵੇ । ਸ਼ਾਮ ਸਿੰਘ ਅਟਾਰੀ ਵਾਲੇ ਦੇ ਚਾਚੇ ਖੁਸ਼ਾਲ ਸਿੰਘ ਨੇ ਓਸੇ ਰਾਤ ਦਾਰੂ ਸਿਕਾ ਫੌਜ ਦੀ ਲੜਾਈ ਵਾਸਤੇ ਘਲ ਦਿਤਾ ।

ਫੌਜਾਂ ਢਾਹੇ ਆਣ ਉਤਰੀਆਂ । ਗਿੱਲਾਂ ਦੀਆਂ ਪੰਚਾਇਤਾਂ ਜਾਇ ਮਿਲੀਆਂ । ਬੁਰਛਿਆਂ ਵਿਚ ਮੁਖਤਿਆਰ ਮਨਿਆਲੀਆ ਗੁਲਾਬ ਸਿੰਘ ਸੀ ਤੇ ਉਸ ਨੇ ਪੁਛਿਆ ਗਿੱਲਾਂ ਦੀਆਂ ਪੰਚਾਇਤਾ ਨੂੰ "ਤੋਪਾਂ ਕੇਹੜੀ ਘਾਟੀ ਉਤਰਨ ।"

ਤਾਂ ਗਿੱਲਾਂ ਦੀਆਂ ਪੰਚਾਇਤਾਂ ਆਖਿਆ—

"ਮਤਲਾ ਦੀ ਘਾਟੀ ਸਾਫ ਹੈ, ਤੋਪ ਖਾਨਾ ਓਥੇ ਉਤਰੇ ।"

ਹੋਰ ਫੌਜਾਂ ਮਾਣੋ ਦੀ ਘਾਟੀ ਨੂੰ ਤੋਰੀਆਂ ਅਤੇ ਜੰਡ ਦੀ ਘਾਟੀ, ਰਾਮੂ ਕੀ ਘਾਟੀ ਅਤੇ ਸਹਿਜਰੇ ਦੀ ਘਾਟੀ ਨੂੰ ਉਤਰੀਆਂ ।

ਸਰਦਾਰਾਂ ਨੇ ਬਾਬਾ ਜੀ ਪਾਸ ਅਰਜ਼ ਕੀਤੀ—

"ਮਹਾਰਾਜ ! ਸਾਨੂੰ ਹੁਕਮ ਨਹੀਂ ਦਿਤਾ, ਸਾਨੂੰ ਦਾਹੜਿਓਂ ਫੜ ਕੇ ਲੈ ਜਾਣਗੇ।"

ਤਾਂ ਹੁਕਮ ਹੋਇਆ—ਬਿਨਾਂ ਹੁਕਮ ਕੋਈ ਸ਼ਸਤਰ ਨਾ ਚਲਾਵੇ।"

ਨਿਕੀ ਫੌਜ ਦੇ ਮੁਨਸ਼ੀ ਤੇ ਬਖਸ਼ੀ ਨੰਦ ਸਿੰਘ ਨੇ ਅਰਜ਼ ਕੀਤੀ—

"ਲੰਗਰ ਲਈ ਰਸਤ ਨਹੀਂ, ਕੀ ਹੁਕਮ ਹੈ ?"

ਤਾਂ ਦੋ ਅਸਵਾਰ ਘੋੜੇ ਦੁੜਾ ਕੇ ਗਏ। ਵੇਖਿਆ ਕਿ ਮਾਲਵੇ ਦੀਆਂ ਗੱਡੀਆਂ, ਊਠ ਤੇ ਬੌਲਦ ਲਦੇ ਚਲੇ ਆਉਂਦੇ ਹਨ। ਆਟਾ ਦਾਣਾ ਦਾਲ ਛੋਲੇ ਲਾਹੌਰ ਨੂੰ ਜਾਂਦੇ ਹਨ।

ਤਾਂ ਹੁਕਮ ਹੋਇਆ—

"ਮਲਵਈਓ, ਗਡੇ ਉਲਟ ਦਿਓ। ਊਠ ਤੇ ਗਡੇ ਸਭ ਉਲਟ ਦਿਓ। ਤੁਸਾਂ ਲਾਹੌਰ ਜਾ ਕੇ ਜਿਸ ਭਾਅ ਦੇਣੇ ਹਨ, ਸੋ ਏਥੇ ਦੇ ਦਿਓ। ਤਾਂ ਓਹਨਾਂ ਗੱਡੇ ਤੇ ਊਠ ਲਾ ਦਿਤੇ।"

੧੬.

ਜਬਰ ਤੇ ਸਬਰ ਦੀ ਜੰਗ

ਹਰੀ ਕੇ ਪੱਤਨ ਪਰ ਮਾਝੇ ਮਾਲਵੇ ਤੇ ਦੁਆਬੇ ਵਿਚੋਂ ਬਾਬਾ ਜੀ ਦੇ ਹਜ਼ਾਰਾਂ ਸ਼ਰਧਾਲੂ ਤੇ ਪ੍ਰੇਮੀ ਸਿਖ ਸੰਤ ਫੌਜੀ ਲੜਨ ਮਰਨ ਲਈ ਤਿਆਰ ਸਨ। ਉਹ ਕਹਿੰਦੇ ਸਨ—

"ਜਦ ਤੀਕ ਸੁਆਸ, ਤਦ ਤਕ ਆਸ।" ਆਪਣੇ ਚਰਨਾਂ ਵਿਚ ਰਖਣਾ। ਮੁਕਤੀ ਬਖਸ਼ਣੀ।

ਭਾਈ ਮੋਹਰ ਸਿੰਘ ਦਾ ਬਿਆਨ ਹੈ ਕਿ ਹਰੀ ਕੇ ਪੱਤਨ ਪਰ ਲਾਹੌਰ ਦਰਬਾਰ ਦੀਆ ਕੋਈ ਅੱਸੀ ਹਜ਼ਾਰ ਫੌਜਾਂ ਤੇ ਅੱਸੀ ਤੋਪਾਂ ਸਨ। ਲਾਹੌਰੋਂ ਤੇ ਅੰਮ੍ਰਿਤਸਰੋਂ ਫੌਜ ਚਲੀ ਆਉਂਦੀ ਸੀ।

ਲਾਭ ਸਿੰਘ ਡੋਗਰੇ ਤੇ ਸ: ਗੁਲਾਬ ਸਿੰਘ ਮਨਿਹਾਲੀਏ ਨੇ ਆਪਣਾ ਇਕ ਆਦਮੀ ਬਾਬਾ ਜੀ ਦੀ ਸੇਵਾ ਵਿਚ ਭੇਜਿਆ। ਉਸ ਨੇ ਆਕੇ ਕਿਹਾ—

"ਮਹਾਰਾਜ ! ਸ: ਅਤਰ ਸਿੰਘ ਸੰਧਾਵਾਲੀਏ ਤੇ ਕਸ਼ਮੀਰਾ ਸਿੰਘ ਸਾਡੇ ਸਪੁਰਦ ਕਰ ਦਿਉ। ਮੈਨੂੰ ਸ: ਸੇਵਾ ਸਿੰਘ ਮਜੀਠੀਆ, ਲਾਭ ਸਿੰਘ ਡੋਗਰੇ ਤੇ ਤੇਜਾ ਸਿੰਘ ਆਦਿਕ ਸਾਰੇ ਸਰਦਾਰਾਂ ਨੇ ਭੇਜਿਆ ਹੈ। ਤੁਸੀਂ ਸੰਤ ਜੀ ਲਾਂਭੇ ਹੋ ਜਾਓ। ਅਸੀਂ ਇਨ੍ਹਾਂ ਨੂੰ ਫੜ ਲਈਏ।"

ਬਾਬਾ ਜੀ ਨੇ ਉਤਰ ਦਿਤਾ—"ਜਾਹ ਚਲਿਆ ਜਾ, ਸਾਹਿਬ ਨੌਵੀਂ ਪਾਤਸ਼ਾਹੀ ਦਾ ਕਹਿਣਾ ਹੈ—

ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹ ਨਾ ਛੋੜੀਏ ॥
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋੜੀਏ ॥

ਇਹ ਉਤਰ ਸੁਣ ਕੇ ਲਾਭ ਸਿੰਘ ਡੋਗਰੇ ਨੇ ਆਪਣੀਆਂ ਫੌਜਾਂ ਨੂੰ ਬਾਬਾ ਜੀ ਦੇ ਡੇਰੇ ਪਰ ਹਮਲਾ ਕਰਨ ਦਾ ਹੁਕਮ ਦਿਤਾ।

ਪੰਡਤ ਸ਼ੇਰ ਸਿੰਘ ਜੀ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ—

"ਉਸ ਵਕਤ 14 ਪਲਟਨਾਂ, 12 ਰਜਮਟਾਂ, 120 ਤੋਪਾਂ ਤੇ 500. ਜੰਬੂਰੇ ਲੈਕੇ ਤਿੰਨਾਂ ਪਾਸਿਆਂ ਤੋਂ ਬਾਬਾ ਜੀ ਦੇ ਦੀਵਾਨ ਉਤੇ ਹਮਲਾ ਕੀਤਾ ਗਿਆ। ਪਰ ਆਪ ਅਡੋਲ ਦੀਵਾਨ ਵਿਚ ਸਜੇ ਹੋਏ ਸਨ। ਆਲੇ ਦੁਆਲੇ ਹਜ਼ਾਰਾਂ ਸੰਤ ਸੇਵਕ, ਸਰਬੀਰ, ਸ਼ਸਤ੍ਰਧਾਰੀ ਸਿੰਘ, ਰਾਜ ਕੁਮਾਰ ਤੇ ਸਰਦਾਰ ਬੈਠੇ ਹੋਏ ਸਨ।

ਭਾਈ ਮੋਹਰ ਸਿੰਘ ਉਸ ਹਮਲੇ ਦੇ ਅਖੀਂ ਡਿਠੇ ਹਾਲਾਤ ਇਉਂ ਬਿਆਨ ਕਰਦਾ ਹੈ—

"ਸੂਰਜ ਦੀ ਟਿੱਕੀ ਬੋਹੜੀ ਜਿਹੀ ਨਿਕਲੀ ਹੋਈ ਹੈ। ਤਾਂ ਪਹਿਲਾ ਗੋਲਾ ਚੋਬ ਦੇ ਉਤੇ ਥੀਂ ਲੰਘ ਕੇ ਦਰਿਆ ਵਿਚ ਜਾ ਪਿਆ। ਸ਼ਾਂ ਸ਼ਾਂ ਕਰਦਾ ਲੰਘ ਗਿਆ। ਜਿਸ ਵੇਲੇ ਗੋਲਾ ਲੰਘਿਆ ਉਸ ਵਕਤ ਤਾਂ ਸਰਦਾਰ ਸਾਰੇ ਉਠ ਕੇ ਗਏ ਹੋਏ ਸੀ ਸੁਚ ਪਾਣੀ। ਤਾਂ ਸਭੀ ਭਜ ਕੇ ਬਾਬਾ ਜੀ ਦੇ ਪਾਸ ਆਇ ਗਏ।

"ਕਸ਼ਮੀਰਾ ਸਿੰਘ ਨੇ ਮੱਥਾ ਟੇਕਿਆ ਤਾਂ ਦੂਜਾ ਗੋਲਾ ਉਸਦੇ ਤੁਰਮ ਵਜਾਉਣ ਵਾਲੇ ਤੇ ਆ ਲਗਾ। ਉਸ ਨੂੰ ਉਡਾਇ ਕੇ ਦਰਿਆ ਵਿਚ ਜਾਇ ਪਇਆ। ਤਦੋਂ ਸਭ ਡੇਰਾ ਉਡਣ ਲਗਾ।

ਸਰਦਾਰ ਕੋਲ ਬੈਠੇ ਸਨ। ਮੋਹਰਿਓਂ ਗੋਲੇ ਲਗੇ ਆਉਣ। ਸਿਖ ਜੋ ਦਇਆਵਾਨ ਗੋਲ ਅੰਦਾਜ਼ ਸਨ, ਉਹ ਗੋਲੇ ਉਤੋਂ ਦੀ ਘਲਣ। ਗੋਲੇ ਡੇਰੇ ਉਤੋਂ ਥੀਂ ਲੰਘ ਕੇ ਦਰਿਆ ਵਿਚ ਜਾਇ ਪੈਣ। ਸਿਖ ਮੋਰਚਿਆਂ ਵਿਚੋਂ ਆਇ ਕਹਿਣ—

"ਮਹਾਰਾਜ! ਹੁਕਮ ਦਿਓ, ਅਸੀਂ ਜੁਧ ਕਰੀਏ।"

ਪਰ ਆਪ ਜੀ ਨੇ ਹੁਕਮ ਨਾ ਦਿਤਾ। ਹੁਕਮ ਦਿਤਾ—

"ਕੜਾਹ ਪ੍ਰਸ਼ਾਦ ਲਿਆਓ।"

ਪੂਰ ਭਰ ਕੇ ਪਾਇ ਦਿਤਾ ਆਟਾ ਭੁਜੇ ਨਾਹੀਂ । ਬਾਬਾ ਜੀ ਕਹਿਣ, ਛੇਤੀ ਕਰੋ । ਡੇਰਾ ਸਾਰਾ ਪਿਆ ਉਡੇ । ਤਿੰਨ ਘੜੀਆਂ ਦਿਨ ਚੜ੍ਹ ਆਇਆ । ਕੜਾਹ ਪ੍ਰਸ਼ਾਦ ਚਾਰ ਜਣੇ ਚੁਕਕੇ ਲੈ ਆਏ ਬਾਬਾ ਜੀ ਦੇ ਅਗੇ ਲਿਆ ਰਖਿਆ । ਅਰਦਾਸੀਏ ਨੇ ਅਰਦਾਸ ਕਰਕੇ ਪੰਜ ਸ਼ੇਰ ਪ੍ਰਸ਼ਾਦ ਕਢਕੇ ਰਖ ਦਿਤਾ । ਬਾਕੀ ਸੰਗਤ ਵਿਚ ਵਰਤਾਇਆ ।"

ਦਨਾ ਦਨ ਕਰਦੇ ਤੋਪਾਂ ਦੇ ਗੋਲੇ ਵਰ੍ਹਣ ਲਗ ਪਏ । ਕਾੜ ਕਾੜ ਕਰਦੀਆਂ ਗੋਲੀਆਂ ਦਾ ਮੀਂਹ ਵਰ੍ਹਣ ਲਗ ਪਿਆ । ਸਤਲੁਜ ਦੇ ਕੰਢੇ ਜਬਰ ਤੇ ਸਬਰ ਦਾ ਜੰਗ ਸ਼ੁਰੂ ਹੋ ਗਿਆ । ਇਕ ਪਾਸਿਓਂ ਤੋਪਾਂ ਤੇ ਬੰਦੂਕਾਂ ਚਲ ਰਹੀਆਂ ਸਨ । ਦੂਜੇ ਪਾਸੇ ਹਜ਼ਾਰਾਂ ਸਿੰਘ ਸ਼ਸਤ੍ਰ ਹੁੰਦਿਆਂ ਸ਼ਾਂਤ ਮਈ ਰਹਿਕੇ ਸਤਿਨਾਮ ਵਾਹਿਗੁਰੂ ਦਾ ਜਾਪ ਤੇ ਬਾਣੀ ਦਾ ਪਾਠ ਕਰ ਰਹੇ ਸਨ । ਗੋਲਿਆਂ ਦੀ ਮਾਰ ਤੇ ਗੋਲੀਆਂ ਦੀ ਵਾਛੜ ਨਾਲ ਸੈਂਕੜੇ ਸਿੰਘ ਸ਼ਹੀਦ ਤੇ ਜ਼ਖਮੀ ਹੋਣ ਲਗ ਪਏ ।

ਬਾਬਾ ਜੀ ਕੋਲ ਇਕ ਕਰਨੀ ਵਾਲੇ ਪੁਰਸ਼ ਬਾਬਾ ਧਿਆਨ ਸਿੰਘ ਜੀ ਬੈਠੇ ਸਨ, ਉਹ ਤੋਪ ਦੇ ਗੋਲੇ ਨਾਲ ਉਡ ਗਏ । ਬੇ-ਦੋਸ਼ਿਆਂ ਦੇ ਲਹੂ ਨਾਲ ਧਰਤੀ ਰੰਗੀ ਗਈ । ਸੈਂਕੜੇ ਸਿੰਘ ਸ਼ਹੀਦ ਤੇ ਜ਼ਖਮੀ ਹੋ ਗਏ ਪਰ ਬਾਬਾ ਜੀ ਦੇ ਹੁਕਮ ਦੇ ਬਧੇ ਹੋਏ ਕਿਸੇ ਨੇ ਜੁਆਬੀ ਸ਼ਸਤ੍ਰ ਨਹੀਂ ਚੁਕਿਆ।

ਜਿਸ ਤਰ੍ਹਾਂ ਕੋਈ ਕਿਸਾਨ ਆਪਣੇ ਹਰੇ ਭਰੇ ਖੇਤ ਉਤੇ ਗੜੇ ਮਾਰ ਹੋਣ ਨਾਲ ਉਸਨੂੰ ਉਜੜਦਾ ਵੇਖ ਕੇ ਸਬਰ ਕਰ ਲੈਂਦਾ ਹੈ, ਉਸੇ ਤਰ੍ਹਾਂ ਬਾਬਾ ਜੀ ਸਜੇ ਹੋਏ ਦੀਵਾਨ ਨੂੰ ਉਜੜਦਾ ਵੇਖ ਰਹੇ ਸਨ ।

ਇਸ ਸਾਕੇ ਬਾਰੇ ਭਾਈ ਮੋਹਰ ਸਿੰਘ ਅੱਖੀਂ ਡਿਠੇ ਹਾਲਾਤ ਇਸ ਤਰ੍ਹਾਂ ਦਸਦਾ ਹੈ—

"ਉਸ ਵੇਲੇ ਸਦਾ ਸਿੰਘ ਕਰਨੈਲ ਜਵਾਹਰ ਸਿੰਘ ਦਾ ਭਣੇਵਾ

ਬਿਸ਼ਨ ਸਿੰਘ ਮਾਰਿਆ ਹੋਇਆ ਬਾਬਾ ਜੀ ਦੇ ਅਗੇ ਆਣ ਸੁਟਿਆ ।

ਸਰਦਾਰਾਂ ਨੇ ਕਿਹਾ—'ਕੀ ਆਪ ਨੇ ਸਾਨੂੰ ਮਰਵਾਉਣ ਵਾਸਤੇ ਇਥੇ ਇਕੱਠਾ ਕੀਤਾ ਹੈ ? ਆਪ ਚਲੋ ਜਾਂ ਸਾਨੂੰ ਹੁਕਮ ਦਿਓ ।"

ਉਸ ਵਕਤ ਬਾਬਾ ਜੀ ਉਠ ਖਲੋਤੇ ।

ਸੰਤ ਕੌਤਲ ਸਾਹਮਣੇ ਖੜੇ ਸਨ, ਸੋਨੇ ਚਾਂਦੀ ਦੀਆਂ ਕਾਠੀਆਂ ਵਾਲੇ । ਕਬੂਤਰੀ ਘੋੜੀ, ਚੀਨੀ ਘੋੜੀ, ਤੀਸਰਾ ਗਾਊਟ ਘੋੜਾ, ਇਬਚਾਨੀ ਘੋੜਾ । ਹੋਰ ਸਰਦਾਰਾਂ ਦੇ ਘੋੜੇ ਸਾਹਮਣੇ ਖਲੋਤੇ ਹਨ । ਬਾਬਾ ਜੀ ਉਠ ਕੇ ਘੋੜਿਆਂ ਦੇ ਸਾਹਮਣੇ ਤੁਰ ਪਏ । ਮੋਹਰ ਸਿੰਘ ਜੋੜੇ ਬ੍ਰਦਾਰ ਨੇ ਜੋੜਾ ਪੁਆਇਆ । ਹਰ ਸਭੀ ਸਰਦਾਰ ਜੋੜੇ ਪਾਇ ਕੇ ਘੋੜਿਆਂ ਦੇ ਪਾਸ ਆਣ ਖਲੋਤੇ ।"

ਭਾਈ ਮੋਹਰ ਸਿੰਘ ਕਹਿੰਦਾ ਹੈ, ਉਸ ਵਕਤ ਫਿਰ ਸ੍ਰਦਾਰਾਂ ਨੇ ਬੇਨਤੀ ਕੀਤੀ—"ਜੇ ਆਪ ਘੋੜੀ ਤੇ ਨਹੀਂ ਚੜ੍ਹਦੇ ਤਾਂ ਸਾਨੂੰ ਆਗਿਆ ਦਿਓ, ਅਸੀਂ ਬੁਰਛਿਆਂ ਨਾਲ ਜੁਧ ਕਰੀਏ ।"

ਬਾਬਾ ਜੀ ਨੇ ਉਤਰ ਦਿਤਾ-"ਮੈਂ ਤੁਹਾਨੂੰ ਹੁਕਮ ਦੇਵਾਂ ਜੇਕਰ ਅਗੋਂ ਤੁਰਕ ਹੋਵਣ । ਫਰੰਗੀ ਆਉਣ ਤਾਂ ਮੈਂ ਆਖਾਂ ਜੁਧ ਕਰੋ । ਜੇਹੇ ਤੁਸੀਂ ਤੇਹ ਉਹ । ਕੀਹਦੇ ਉਤੇ ਤੁਹਾਨੂੰ ਹੁਕਮ ਦੇਵਾਂ ?"

ਤਾਂ ਸਿੰਘਾਂ ਕਿਹਾ—"ਇਹ ਤਾਂ ਤੁਰਕ ਹੈਨ ਔਰੰਗਜ਼ੇਬ ਦੇ ਵੇਲੇ ਦੇ, ਰੂਹਾਂ ਤੁਰਕਾਂ ਦੀਆਂ ਤੇ ਖਲੜੇ ਸਿਖਾਂ ਦੇ ਹਨ ।

ਤਦ ਬਾਬਾ ਜੀ ਨੇ ਕਿਹਾ-"ਰੂਪ ਤਾਂ ਸਿੱਖਾਂ ਦਾ ਹੈ । ਉਹ ਸਤ ਜਨਮ ਭੂਤਨਾ ਹੋਇ ਮਰੇਗਾ, ਜੇਹੜਾ ਇਨ੍ਹਾਂ ਸਿੱਖਾਂ ਦੇ ਸਾਹਮਣੇ ਹਥਿਆਰ ਖੜਾ ਕਰੇਗਾ । ਛਡ ਦੇਹੁ ਘੋੜੇਤੇ ਸੁਟ ਦੇਹੁ ਹਥਿਆਰ ।"

"ਉਸ ਵਕਤ ਤੇਰਾਂ ਹਜ਼ਾਰ ਫੌਜ ਸ਼ਸਤ੍ਰਾਂ ਸਮੇਤ ਘੋੜਿਆਂ ਤੇ ਚੜ੍ਹੀ ਹੋਈ ਹੈ । ਉਸ ਨੇ ਘੋੜਿਆਂ ਦੀਆਂ ਵਾਗਾਂ ਫੜੀਆਂ ਹੋਈਆਂ ਹਨ । ਜੁਆਬੀ ਹਮਲਾ ਕਰਨ ਲਈ ਸੰਤ ਬਾਬਾ ਬੀਰ ਸਿੰਘ ਜੀ ਦੇ ਹੁਕਮ ਦੀ ਉਡੀਕ ਕਰ ਰਹੀ ਹੈ ।

ਬਾਬਾ ਜੀ ਨੇ ਆਪਣੇ ਤੇਰਾਂ ਹਜ਼ਾਰ ਸਨਧ ਬੱਧ ਫੌਜੀਆਂ ਤੇ ਹੋਰ ਸ਼ਾਮਲ ਹੋਣ ਵਾਲੇ ਹਜ਼ਾਰਾਂ ਸੰਤਾਂ ਸਾਧੂਆਂ ਨੂੰ ਸੰਬੋਧਨ ਕਰਕੇ ਕਿਹਾ—

"ਖ਼ਾਲਸਾ ਜੀ ! ਜ਼ਿਸ ਨੇ ਸਾਡੇ ਨਾਲ ਖੁਲ੍ਹੀ ਦਰਵਾਜ਼ੀ ਬੈਕੁੰਠ ਧਾਮ ਨੂੰ ਜਾਣਾ ਹੋਵੇ, ਉਹ ਚਲੇ । ਛਡ ਦੇਹੁ ਘੋੜਿਆਂ ਦੀਆਂਵਾਗਾ ਨੂੰ । ਸ਼ਸਤ੍ਰ ਸਭ ਹੱਥਾਂ ਵਿਚੋਂ ਸੁਟ ਦਿਓ । ਸਾਡੇ ਹੁਕਮ ਬਿਨਾ ਕਿਸ ਨੇ ਬੁਰਛਿਆਂ ਦੇ ਸਾਹਮਣੇ ਹੱਥ ਖੜਾ ਨਹੀਂ ਕਰਨਾ । ਅਸੀਂ ਵਰ੍ਹਾ ਦਿਨ ਅਗੇ ਹੀ ਬੈਕੁੰਠ ਦੀ ਤਿਆਰੀ ਕੀਤੀ ਹੋਈ ਹੈ ।

ਅਸੀਂ ਇਹ ਖਲੜਾ ਛਡਣਾ ਸੀ । ਸੋ "ਮਲੇਛ ਪੰਥ" *ਦੇ ਮਥੇ ਮਾਰਨਾ ਹੈ । ਜੇ ਕੋਈ ਸਾਡਾ ਸਿਖ ਸ਼ਸਤ੍ਰ ਸਾਹਮਣੇ ਕਰੇਗਾ, ਉਹ ਸਤ ਜਨਮ ਭੂਤਨਾ ਹੋਇ ਕੇ ਮਰੇਗਾ ।"

ਇਤਨੀ ਗਲ ਕਹਿਕੇ ਬਾਬਾ ਜੀ ਤੋਪਾਂ ਚਲਦੀਆਂ ਦੇ ਸਾਹਮਣੇ ਹੋਕੇ ਤੁਰ ਪਏ । ਆਪਨੇ ਤੁਰਦਿਆਂ ਤੁਰਦਿਆਂ ਇਹ ਸ਼ਬਦ ਬੋਲਿਆ-

ਚਲੋ ਸਈਓ ਰਲ ਦੇਖਣ ਚਲੀਏ ਆਸ਼ਕ ਸੂਲੀ ਚੜਦੇ ।
ਸੂਲੀ ਚੜ੍ਹਦੇ ਕਰਨ ਮਜ਼ਾਕਾਂ ਮੌਤੋਂ ਮੂਲ ਨਾ ਡਰਦੇ ।"

ਇਹ ਬਚਨ ਕਰਕੇ ਫਿਰ ਸੰਗਤ ਨੂੰ ਕਿਹਾ—

"ਚਲੋ ਸਿੰਘੋ" ਜਿਨ੍ਹਾਂ ਨੇ ਸਾਡੇ ਨਾਲ ਬੈਕੁੰਠ ਨੂੰ ਚਲਣਾ ਹੈ । ਜਿਨ੍ਹਾਂ ਨੂੰ ਜਾਨ ਪਿਆਰੀ ਹੈ, ਉਹ ਸਾਰੇ ਭਜ ਕੇ ਚਲੇ ਜਾਓ ।"

ਇਹ ਬਚਨ ਸੁਣਕੇ ਸਰਬੱਤ ਸੰਗਤ ਤੇ ਪ੍ਰੀਤਵਾਨ ਗੁਰਸਿਖ ਨਾਲ ਤੁਰ ਪਏ, ਜਿਨ੍ਹਾਂ ਨੇ ਜਾਨਾਂ ਪਿਆਰੀਆਂ ਕੀਤੀਆਂ, ਉਹ ਨਠ ਗਏ ।

---

*ਉਸ ਵਕਤ ਮੈਲੀ ਇਛਾ ਵਾਲੇ ਡੋਗਰੇ ਸਿਖ ਫੌਜਾਂ ਤੇ ਜਨਤਾ ਦੇ ਜਜਬਾਤ ਨੂੰ ਆਪਣੇ ਹੱਕ ਵਿਚ ਤੇ ਸੰਤ ਬਾਬਾ ਬੀਰ ਸਿੰਘ ਵਰਗੇ ਮਹਾਂ ਪੁਰਸ਼ਾਂ ਤੇ ਸਿਖ ਰਾਜ ਦੇ ਸ਼ੁਭਚਿੰਤਕ ਸਰਦਾਰਾਂ ਨੂੰ ਮਾਰਨ ਲਈ "ਪੰਥ" ਸ਼ਬਦ ਵਰਤਦੇ ਸਨ । ਇਸ ਲਈ ਬਾਬਾ ਜੀ ਨੇ ਉਨ੍ਹਾਂ ਨੂੰ "ਮਲੇਛ ਪੰਥ" ਕਿਹਾ ਹੈ । ਪ. ਸ.

ਦੋ ਸਿੰਘ ਬਾਬਾ ਜੀ ਨੇ ਆਪਣੀ ਕਛਾਂ ਵਿਚ ਲੈ ਲਏ ਤੇ ਡੇਰੇ ਵਿਚੋਂ ਨਿਕਲਕੇ ਤੋਪਾਂ ਦੇ ਸਾਹਮਣੇ ਹਿਕ ਡਾਹਕੇ ਬੈਠ ਗਏ।

ਭਾਈ ਮੋਹਰ ਸਿੰਘ ਵਰਨਣ ਕਰਦਾ ਹੈ ਕਿ ਉਸ ਵਕਤ ਦੀਵਾਨ ਲਗ ਗਿਆ। ਉਸ ਵਿਚ ਅਠ ਦਸ ਹਜ਼ਾਰ ਸਿੰਘ ਤੇ ਸਰਦਾਰ ਸ਼ਾਮਲ ਸਨ। ਰਾਗੀ ਚੌਕੀ ਕਰਨ ਲਗ ਪਏ। ਉਸ ਵਕਤ ਬਹੁਤ ਰੌਲਾ ਮਚਿਆ ਹੋਇਆ ਸੀ। ਜਦ ਬਾਬਾ ਜੀ ਡੇਰੇ ਤੋਂ ਨਿਕਲੇ ਸਨ, ਉਸ ਵਕਤ ਜੇਹੜੇ ਸਿੰਘ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਵਿਚੋਂ ਬੁਰਛਿਆਂ ਦੇ ਗੋਲਿਆਂ ਤੇ ਗੋਲੀਆਂ ਨਾਲ ਕਦੀ ਪੰਜ ਉਡ ਜਾਣ, ਕਦੀ ਸਤ।

ਬਾਬਾ ਜੀ ਦੀਵਾਨ ਲਾ ਕੇ ਬੈਠ ਗਏ। ਆਪ ਨੇ ਸਾਥੀਆਂ ਨੂੰ ਲੜਨ ਦਾ ਹੁਕਮ ਨਹੀਂ ਦਿਤਾ। ਰਾਜ ਕੁਮਾਰ ਕਸ਼ਮੀਰਾ ਸਿੰਘ ਦੀ ਫੌਜ ਦਰਿਆ ਵਿਚ ਜਾ ਪਈ।

ਬਾਬਾ ਬੀਰ ਸਿੰਘ ਜੀ ਦੀ ਸ਼ਹਾਦਤ ਦਾ ਅੰਤਮ ਦ੍ਰਿਸ਼ ਭਾਈ ਮੋਹਰ ਸਿੰਘ ਇਉਂ ਬਿਆਨ ਕਰਦਾ ਹੈ—

"ਸਾਹਮਣੇ ਬਾਬਾ ਜੀ ਦੇ ਰਾਗੀਆਂ ਦੀ ਚੌਕੀ ਬੈਠ ਗਈ। ਚੌਰੀ ਕਰਦਾ ਹੈ ਭਾਈ ਲਹਿਣਾ ਸਿੰਘ ਭਾਈ ਮਖਣ ਸਿੰਘ ਅੰਮ੍ਰਿਤਸਰੀ ਦਾ ਪੁਤ੍ਰ। ਜਿਉਂ ਗੋਲੀਆਂ ਘੂਕਦੀਆਂ ਆਈਆਂ, ਇਕ ਗੋਲੀ ਲਹਿਣਾ ਸਿੰਘ ਦੀ ਅੱਖ ਵਿਚ ਵੱਜੀ। ਦੜ ਕਰਦਾ ਜਾ ਪਿਆ ਬਾਬਾ ਜੀ ਦੇ ਕੋਲ। ਸਿਖਾਂ ਨੇ ਲੋਥ ਚੁਕ ਕੇ ਬਾਬਾ ਜੀ ਦੇ ਲਾਂਭੇ ਕਰ ਦਿਤੀ।

ਤਦ ਇਕ ਹੋਰ ਸਿਖ ਉਠ ਕੇ ਚੌਰੀ ਕਰਨ ਲਗ ਪਿਆ। ਉਸ ਨੂੰ ਵੀ ਗੋਲੀ ਲਗੀ। ਉਹ ਉਡ ਗਿਆ। ਇਕ ਹੋਰ ਉਠਿਆ। ਉਹ ਵੀ ਉਡ ਗਿਆ। ਚੌਥਾ ਉਠਿਆ ਉਹ ਵੀ ਉਡ ਗਿਆ। ਅਠ ਸਿਖ ਚੌਰੀ ਕਰਨ ਵਾਲੇ ਉਡ ਗਏ।

ਹੋਰ ਦੁਆਨ (ਦੀਵਾਨ) ਵਿਚ ਗੋਲੇ ਵਜੇ, ਕਦੀ ਪੰਜ, ਕਦੀ ਦਸ ਕਦੀ ਪੰਦਰਾਂ, ਕਦੀ ਵੀਹ ਉਡ ਜਾਣ। ਡੇਰਾ ਸਾਰਾ ਉਡ ਦਾ ਜਾਏ।

ਸਿਖ ਸੰਤ ਸਾਧ ਸਭੀ ਚੌਕੜੀਆਂ ਲਾਇ ਕਰ ਭਜਨ ਬੰਦਗੀ

ਕਰ ਰਹੇ ਤੇ ਬਾਣੀ ਪੜ੍ਹਦੇ ਹਨ। ਕੋਈ ਜਪੁਜੀ ਪੜ੍ਹਦਾ ਹੈ,ਕੋਈ ਜਾਪੁ। ਕੋਈ ਚੌਪਈ ਤੇ ਕੋਈ ਅਕਾਲ ਉਸਤਤਿ ਪੜ੍ਹਦਾ ਹੈ। ਸ੍ਰੀ ਵਾਹਿਗੁਰੂ ਦਾ ਜਾਪ ਕਰ ਰਹੇ ਹਨ। ਏਸੇ ਤਰ੍ਹਾਂ ਭਜਨ ਬਾਣੀ ਦੀ ਧੁਨੀ ਲਗੀ ਹੋਈ ਹੈ।

ਲੋਥਾਂ ਦੇ ਅੰਬਾਰ (ਢੇਰ) ਲਗ ਗਏ। ਹੇਠ ਉਤੇ ਲੋਥਾਂ ਪਈਆਂ ਹੋਈਆਂ ਹਨ। ਸਾਰਾ ਡੇਰਾ ਉਡ ਗਿਆ। ਓਧਰ ਬੁਰਛੇ ਲੁਟੀ ਜਾਣ।

"ਜਿਸ ਵੇਲੇ ਬਾਬਾ ਜੀ ਨੇ ਹੁਕਮ ਦੇ ਕੇ ਘੋੜੇ ਛੁਡਾਇ ਦਿਤੇ, ਤਾਂ ਘੋੜੇ ਹਿਣਕ ਕੇ ਸਭੀ ਉਠ ਨਠੇ। ਬੁਰਛਿਆਂ ਨੇ ਸਭ ਘੋੜੇ ਪਕੜ ਲਏ, ਸਰਦਾਰਾਂ ਦੀਆਂ ਬੁਰਛਿਆਂ ਨੇ ਦਰਿਆਈ (ਇਕ ਰੇਸ਼ਮੀ ਕਪੜਾ) ਤੇ ਮਖਮਲ ਦੀਆਂ ਕਨਾਤਾਂ ਤੰਬੂ ਸ਼ਭ ਲੁਟ ਲਏ। ਡੇਰਾ ਸਭ ਚੌੜ ਹੋ ਗਿਆ।

"ਭਾਈ ਸੁਹੇਲ ਸਿੰਘ ਮਹੰਤ ਮਾਲੂਵਾਲੀਆ ਬਾਬਾ ਜੀ ਦੀ ਖੱਬੀ ਕੱਛ ਵਿਚ ਸੀ। ਜਿਉਂ ਗੋਲਾ ਛੁਟਾ ਤੋਪ ਦਾ ਭਾਈ ਸੁਹੇਲ ਸਿੰਘ ਦੀ ਲੱਤ ਨਾਲ ਦੀ ਘਸਰ ਕੇ ਬਾਬਾ ਜੀ ਦੇ ਗੋਡੇ ਵਿਚ ਵੱਜਾ। ਲੱਤ ਦੇ ਹੱਡ ਭੰਨ ਕੇ ਖੱਬਾ ਗੋਡਾ ਉਡਾ ਲੈ ਗਿਆ। ਪੱਟ ਦੀ ਦੋ ਉਂਗਲਾਂ ਖੱਲ ਹੇਠਲੇ ਪਾਸਿਉਂ ਰਹਿ ਗਈ।

ਉਸ ਵਕਤ ਸੰਤ ਬਾਬਾ ਬੀਰ ਸਿੰਘ ਜੀ ਨੇ ਪਲੰਘ ਲਿਆਉਣ ਲਈ ਹੁਕਮ ਦਿਤਾ। ਕੁਝ ਸਿੰਘ ਪਲੰਘ ਲੈ ਆਏ। ਉਸ ਪਰ ਬਾਬਾ ਜੀ ਬੈਠ ਗਏ। ਸਾਹਮਣਿਉਂ ਡੋਗਰਿਆਂ ਦੀਆਂ ਤੋਪਾਂ ਦੇ ਗੋਲੇ ਆ ਰਹੇ ਸਨ। ਭਾਈ ਲਾਲ ਸਿੰਘ ਗੁਜਰਾਂਵਾਲੀਆ, ਬਾਬਾ ਗੰਡਾ ਸਿੰਘ ਸੋਢੀ, ਬਾਬਾ ਬਿਅੰਤ ਸਿੰਘ ਬੇਦੀ, ਗੁਰਦਿਤ ਸਿੰਘ ਜੇਹਲਮੀਆਂ, ਸਾਵਣ ਸਿੰਘ, ਮੁਤਾਬ ਸਿੰਘ ਨੌਰੰਗਾਬਾਦੀਆ, ਮਹਾਂ ਸਿੰਘ, ਕਾਹਨ ਸਿੰਘ, ਬੱਗਾ ਸਿੰਘ, ਅਤਰ ਸਿੰਘ ਤੇ ਕ੍ਰਿਪਾਲ ਸਿੰਘ ਮਾਲੂਵਾਲੀਆ, ਖੁਸ਼ਾਲ ਸਿੰਘ, ਮੋਹਰ ਸਿੰਘ, ਜੋੜੇ ਬਰਦਾਰ ਅਤੇ ਬਾਬਾ ਜੀ ਦਾ ਭਰਾ ਦਲ ਸਿੰਘ ਗੋਲਿਆਂ ਨਾਲ ਉਡ ਗਏ।

ਬਾਬਾ ਜੀ ਨੂੰ ਤੋਪ ਦੇ ਗੋਲੇ ਨਾਲ ਜ਼ਖਮੀ ਹੋਇਆ ਵੇਖਕੇ ਜ਼ੋਰਾਂ ਸਿੰਘ ਬੜੇ ਜੋਸ਼ ਵਿਚ ਆ ਗਏ। ਉਹ ਵਿਰੋਧੀਆਂ ਨਾਲ ਲੜਨ

ਮਰਨ ਲਈ ਕਚੀਚੀਆਂ ਵਟਦੇ ਸਨ, ਪਰ ਆਪ ਨੇ ਉਨ੍ਹਾਂ ਨੂੰ ਕਿਹਾ-

"ਭਰਾਵਾਂ ਉਤੇ ਵਾਰ ਨਹੀਂ ਕਰਨਾ।"

ਜਿਸ ਤਰ੍ਹਾਂ ਕੋਈ ਸ਼ੇਰ ਪਿੰਜਰੇ ਵਿਚ ਪਿਆ ਹੋਇਆ ਆਪਣੇ ਸ਼ਿਕਾਰ ਉਤੇ ਹਮਲਾ ਕਰਨ ਤੋਂ ਅਸਮਰਥ ਹੁੰਦਾ ਹੈ, ਇਸੇ ਤਰ੍ਹਾਂ ਬਾਬਾ ਜੀ ਦੇ ਹੁਕਮ ਬਧੇ ਹੋਏ ਹਜ਼ਾਰਾਂ ਸਿੰਘ ਦੁਸ਼ਮਨਾਂ ਨਾਲ ਲੜਨ ਤੋਂ ਅਸਮਰਥ ਸਨ।

ਉਸ ਵਕਤ ਬਾਬਾ ਜੀ ਦਾ ਵਡਾ ਭਰਾ ਭਾਈ ਗੁਰਮੁਖ ਸਿੰਘ ਘੋੜੇ ਤੇ ਸੁਆਰ ਹੋ ਕੇ ਆਇਆ ਤੇ ਕਹਿਣ ਲਗਾ—

"ਜੇ ਸਾਨੂੰ ਲੜਨ ਲਈ ਹੁਕਮ ਨਹੀਂ ਦੇਣਾ ਸੀ ਤਾਂ ਕਿਉਂ ਇਕੱਠਾ ਕੀਤਾ ਜੇ ? ਤੁਸੀਂ ਹੁਕਮ ਦਿਉ, ਫਿਰ ਵੇਖੋ ਸਾਡੇ ਹਥ।"

ਬਾਬਾ ਜੀ ਨੇ ਉਤਰ ਦਿਤਾ—"ਘੋੜੇ ਤੋਂ ਉਤਰ ਖਲੋ।"

ਭਾਈ ਗੁਰਮੁਖ ਸਿੰਘ—"ਆਪ ਇੰਨ੍ਹਾਂ ਸੰਤਾਂ ਸਾਧਾਂ, ਸੂਰਬੀਰ ਤੇ ਸ਼ਾਂਤਮਈ ਗਊ ਰੂਪ ਸਿੰਘਾਂ ਨੂੰ ਬੁਚੜਾਂ ਤੋਂ ਕਿਉਂ ਮਰਵਾ ਰਹੇ ਹੋ ? ਜੇ ਆਪ ਨੇ ਸਾਨੂੰ ਲੜਨ ਮਰਨ ਦੀ ਆਗਿਆ ਨਹੀਂ ਦੇਣੀ ਸੀ ਤਾਂ ਏਨਾਂ ਚਿਰ ਸਸਤ੍ਰਾਂ ਦਾ ਭਾਰ ਕਿਉਂ ਚੁਕਾਇਆ ਜੇ ? ਮੈਨੂੰ ਆਗਿਆ ਦਿਉ ਤੇ ਤਮਾਸ਼ਾ ਵੇਖੋ ਕਿ ਕਿਸ ਤਰ੍ਹਾਂ ਦੁਸਮਨਾਂ ਦਾ ਆਹੂ ਲਾਹੁੰਦਾ ਹਾਂ। ਵਿਰੋਧੀਆਂ ਵਿਚੋਂ ਇਕ ਵੀ ਜੀਊਂਦਾ ਨਹੀਂ ਮੁੜਨ ਦਿਆਂਗਾ।"

ਬਾਬਾ ਜੀ-"ਭਾਈਆ ਜੀ, ਦਸੋ ਕਿਸ ਨੂੰ ਮਾਰੀਏ ? ਸਾਨੂੰ ਮਾਰਨ ਵਾਲੇ ਵੀ ਤਾਂ ਆਪਣੇ ਹੀ ਹਨ। ਅਸੀਂ ਸਾਧੂ ਹਾਂ। ਕਿਸੇ ਨੂੰ ਹਥਾਂ ਨਾਲ ਨਹੀਂ ਮਾਰ ਸਕਦੇ। ਇਸ ਲਈ ਤੁਸੀਂ ਵੀ ਖਿਮਾਂ ਦੇ ਘਰ ਵਿਚ ਆਉ।"

ਭਾਈ ਗੁਰਮੁਖ ਸਿੰਘ ਨੇ ਘੋੜੇ ਤੋਂ ਉਤਰ ਕੇ ਬਾਬਾ ਜੀ ਨੂੰ ਮੱਥਾ ਟੇਕਿਆ। ਏਨੇ ਵਿਚ ਉਸਨੂੰ ਤੋਪ ਦਾ ਇਕ ਗੋਲਾ ਆ ਕੇ ਵੱਜਾ ਜਿਸ ਦੇ ਨਾਲ ਹੀ ਪ੍ਰਾਣ ਉਹ ਤਿਆਗ ਗਿਆ।

ਬਾਬਾ ਜੀ ਪਾਸੋਂ ਸ: ਸਾਵਣ ਸਿੰਘ ਦਾ ਪੁਤਰ ਕੰਧਾਰਾ ਸਿੰਘ

ਮੋਢੇ ਉਤੇ ਬੰਦੂਕ ਰਖਕੇ ਸਤਲੁਜ ਤੇ ਪਾਣੀ ਪੀਣ ਲਈ ਗਿਆ। ਉਸ ਨੇ ਦਰਿਆ ਵਿਚੋਂ ਚਾਰ ਪੰਜ ਬੁਕ ਪਾਣੀ ਦੇ ਪੀਤੇ। ਜਦ ਉਸ ਨੇ ਢਾਹੇ ਵਲ ਵੇਖਿਆ ਤਾਂ ਉਥੇ ਸੰਤ ਟੇਕ ਸਿੰਘ ਗੋਲੀਆਂ ਦੀ ਮਾਰ ਤੋਂ ਬਚਣ ਲਈ ਛੁਪਕੇ ਬੈਠੇ ਸਨ। ਇਹ ਉਹ ਸਜਨ ਸਨ ਜਿਨ੍ਹਾਂ ਨੂੰ ਸੰਤ ਬਾਬਾ ਬੀਰ ਸਿੰਘ ਜੀ ਨੇ ਕਿਹਾ ਸੀ—"ਤੁਸੀਂ ਸਾਡੇ ਨਾਲ ਰਹਿਣਾ।"

ਸੰਤ ਟੇਕ ਸਿੰਘ ਨੇ ਕੰਧਾਰਾ ਸਿੰਘ ਨੂੰ ਕਿਹਾ—"ਤੂੰ ਵੀ ਆ ਜਾ। ਮਾਰ ਤੋਂ ਬਚ ਜਾਏਂਗਾ।"

ਕੰਧਾਰਾ ਸਿੰਘ-"ਤੁਸੀਂ ਸੰਤ ਹੋਕੇ ਜਾਨ ਬਚਾਉਣ ਲਈ ਛੁਪ ਕੇ ਬੈਠੇ ਹੋ ਅਤੇ ਮੈਨੂੰ ਜਾਨ ਬਚਾਉਣ ਲਈ ਕਹਿੰਦੇ ਹੋ ? ਕੀ ਤੁਸੀਂ ਦਸ ਸਕਦੇ ਹੋ ਕਿ ਕੋਈ ਮਨੁਖ ਮੌਤ ਤੋਂ ਬਚ ਸਕਦਾ ਹੈ ? ਜੇ ਮੌਤ ਤੋਂ ਨਹੀਂ ਬਚਣਾ ਤਾਂ ਕਿਉਂ ਨਾ ਸਨਮੁਖ ਹੋ ਕੇ ਸ਼ਹੀਦੀ ਪਾਈਏ ? ਬਾਬਾ ਜੀ ਨੇ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਮੁਕਤੀ ਦਾ ਜਹਾਜ਼ ਤਿਆਰ ਕੀਤਾ ਹੈ। ਮੈਂ ਉਨ੍ਹਾਂ ਦੇ ਨਾਲ ਹੀ ਜਹਾਜੇ ਚੜ੍ਹਨਾ ਹੈ।"

ਸੰਤ ਟੇਕ ਸਿੰਘ ਨਾਲ ਇਹ ਗਲਬਾਤ ਕਰਕੇ ਕੰਧਾਰਾ ਸਿੰਘ ਬਾਬਾ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਅਚਾਨਕ ਦੁਸ਼ਮਨਾਂ ਦੀ ਇਕ ਗੋਲੀ ਉਸ ਦੀ ਪੁੜਪੁੜੀ ਵਿਚ ਵਜੀ। ਉਹ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਸਰੀਰ ਤਿਆਗ ਗਿਆ।

ਇਸ ਤਰ੍ਹਾਂ ਬਾਬਾ ਜੀ ਦੇ ਸਾਥੀਆਂ ਵਿਚੋਂ ਅਠਦਸ ਹਜ਼ਾਰ ਸਿੰਘ ਸ਼ਹੀਦ ਹੋ ਗਏ।

ਭਾਈ ਮੋਹਰ ਸਿੰਘ ਦਸਦਾ ਹੈ ਕਿ ਰਾਜ ਕੁਮਾਰ ਕਸ਼ਮੀਰਾ ਸਿੰਘ ਭਜਕੇ ਦਰਿਆ ਦੇ ਚੜ੍ਹਦੇ ਪਾਸੇ ਪਾਰ ਹੋ ਕੇ ਨਿਕਲਣਾ ਲਗਾ ਉਥੇ ਦੀਵਾਨ ਦੀਨਾ ਨਾਥ ਦਾ ਭਤੀਜਾ ਫੌਜ ਲੈਕੇ ਖਲੋਤਾ ਸੀ। ਉਸਨੂੰ ਲੋਕਾਂ ਨੇ ਕਿਹਾ—"ਕਸ਼ਮੀਰਾ ਸਿੰਘ ਸਰਦਾਰ ਰਣਜੀਤ ਸਿੰਘ ਦਾ ਪੁਤਰ ਹੈ। ਇਸ ਨੂੰ ਜਾਣ ਦਿਉ।"

ਦੀਵਾਨ ਦੀਨਾ ਨਾਥ ਦੇ ਭਤੀਜੇ ਨੇ ਕਸ਼ਮੀਰਾ ਸਿੰਘ ਨੂੰ ਕਿਹਾ-"ਹਥਿਆਰ ਦੇ ਕੇ ਦਰਿਆ ਤੋਂ ਪਾਰ ਹੋ ਜਾਉ।"

ਜਦ ਕਸ਼ਮੀਰਾ ਸਿੰਘ ਆਪਣਾ ਖੰਡਾ ਇਕ ਸਿੰਘ ਨੂੰ ਫੜਾਉਣ ਲਗਾ, ਤਦ ਇਕ ਹੋਰ ਸਿੰਘ ਨੇ ਕਿਹਾ—

"ਸਰਕਾਰ ਰਣਜੀਤ ਸਿੰਘ ਦਾ ਪੁਤਰ ਹੋਕੇ ਅਤੇ ਕਸ਼ਮੀਰਾ ਸਿੰਘ ਨਾਂ ਰਖਵਾਕੇ ਕਰਾੜ ਨੂੰ ਹਥੋਂ ਸ਼ਸਤਰ ਦੇਣ ਲਗਾ ਹੈਂ ?

ਇਸ ਪਰ ਕਸ਼ਮੀਰਾ ਸਿੰਘ ਨੂੰ ਬੜੀ ਤਮਕ ਲਗੀ। ਉਸਨੇ ਖੰਡਾ ਫੜਕੇ ਲਾਹੌਰ ਦਰਬਾਰ ਦੇ ਤਿੰਨ ਚਾਰ ਬੁਰਛੇ ਸਿਪਾਹੀ ਮਾਰ ਦਿਤੇ। ਬੁਰਛਿਆਂ ਨੇ ਉਸ ਨੂੰ ਗੋਲੀਆਂ ਮਾਰਕੇ ਮਾਰ ਦਿਤਾ। ਕਸ਼ਮੀਰਾ ਸਿੰਘ ਦਾ ਅੰਤਮ ਸੰਸਕਾਰ ਸਭਰਾਵੀਂ ਕੀਤਾ ਗਿਆ।

ਜਦ ਲਾਹੌਰ ਦਰਬਾਰ ਦੀ ਭੇਜੀ ਹੋਈ ਫੌਜ ਵਲੋਂ ਗੋਲੇ ਤੇ ਗੋਲੀਆਂ ਚਲਦਿਆਂ ਇਕ ਪਹਿਰ ਹੋ ਗਿਆ, ਉਸ ਵਕਤ ਗੋਲਾ-ਬਾਰੀ ਕੁਝ ਮਠੀ ਹੋ ਗਈ। ਲਾਭ ਸਿੰਘ ਡੋਗਰੇ ਤੇ ਬੁਰਛਿਆਂ ਨੇ ਸਮਝਿਆ ਕਿ ਜਦ ਅਗੋਂ ਕੋਈ ਗੋਲੀ ਜਾਂ ਸ਼ਸਤ੍ਰ ਚਲਾਉਂਦਾ ਹੀ ਨਹੀਂ, ਐਵੇਂ ਦਾਰੂ ਸਿੱਕਾ ਕਿਉਂ ਵਰਤੀ ਜਾਈਏ ?

ਇਹ ਸੋਚਕੇ ਡੋਗਰੇ ਨੇ ਇਕ ਵੇਰ ਫਿਰ ਸ: ਗੁਲਾਬ ਸਿੰਘ ਮਨਿਹਾਲੀਏ ਨੂੰ ਸੰਤ ਬਾਬਾ ਬੀਰ ਸਿੰਘ ਜੀ ਪਾਸ ਭੇਜਿਆ। ਉਸ ਵਕਤ ਸ: ਜਵਾਹਰ ਸਿੰਘ ਨਲੂਆ, ਸ: ਅਤਰ ਸਿੰਘ ਸੰਧਾ-ਵਾਲੀਆ, ਉਸਦੇ ਦੋ ਜੁਆਈ, ਸ: ਅਤਰ ਸਿੰਘ ਨਕਈ ਤੇ ਭਾਈ ਲਾਲ ਸਿੰਘ ਮੌਜੂਦ ਸਨ। ਸ: ਗੁਲਾਬ ਦੇ ਨਾਲ ਉਸਦੇ ਕੁਝ ਅਰਦਲੀ ਵੀ ਸਨ।

ਸ: ਗੁਲਾਬ ਸਿੰਘ ਨੇ ਸਾਰਿਆਂ ਨੂੰ ਸੰਬੋਧਨ ਕਰਕੇ ਕਿਹਾ—

"ਡੁਲੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਗਿਆ। ਤੁਸੀਂ ਸ: ਅਤਰ ਸਿੰਘ ਸੰਧਾਵਾਲੀਏ ਦੀ ਬਾਂਹ ਮੈਨੂੰ ਫੜਾ ਦਿਉ।"

ਸੰਧਾਵਾਲੀਏ ਨੂੰ ਮੁਖਾਤਬ ਕਰਕੇ ਉਸ ਨੇ ਕਿਹਾ—

"ਚਾਚਾ ਜੀ! ਤੁਸੀਂ ਬਥੇਰਾ ਲੜੇ ਹੋ। ਆਉ ਹੁਣ ਤੁਹਾਨੂੰ

ਲਾਹੌਰ ਦੀ ਥਾਣੇਦਾਰੀ ਦੁਆਈਏ ।"

ਇਹ ਗੱਲ ਸੁਣ ਕੇ ਸ: ਅਤਰ ਸਿੰਘ ਨੇ ਬਾਬਾ ਜੀ ਨੂੰ ਪੁਛਿਆ–

"ਇਹ ਮੈਨੂੰ ਫੜਨ ਆਏ ਹਨ, ਹੁਣ ਦਸੋ, ਆਪ ਦਾ ਮੇਰੇ ਲਈ ਕੀ ਹੁਕਮ ਹੈ ?"

ਬਾਬਾ ਜੀ-"ਆਪਣੇ ਜੇਹੇ ਨਾਲ ਨਿਬੜ ਲੈ ਪਰ ਕਿਸੇ ਗਰੀਬ ਉਤੇ ਹਥ ਨਾ ਚੁਕੀਂ ।"

ਭਾਈ ਮੋਹਰ ਸਿੰਘ ਦਸਦਾ ਹੈ ਕਿ ਬਾਬਾ ਜੀ ਨੇ ਇਹ ਹੁਕਮ ਸ: ਜਵਾਹਰ ਸਿੰਘ ਨਲੂਏ ਤੇ ਅਤਰ ਸਿੰਘ ਦੋਹਾਂ ਨੂੰ ਕੀਤਾ ।

ਸ: ਜਵਾਹਰ ਸਿੰਘ ਨੇ ਗੁਲਾਬ ਸਿੰਘ ਨੂੰ ਕਿਹਾ–"ਕੋਈ ਗੁਰੂ ਮਾਰਿਆ ਅਤਰ ਸਿੰਘ ਦੀ ਬਾਂਹ ਫੜਨ ਵਾਲਾ ਵੀ ਹੋਵੇ ?"

ਜਦ ਗੁਲਾਬ ਸਿੰਘ ਅਰਦਲੀਆ ਸਮੇਤ ਸ: ਅਤਰ ਸਿੰਘ ਸੰਧਾਵਾਲੀਏ ਨੂੰ ਫੜਨ ਲਈ ਅਗੇ ਵਧਿਆ ਤਦ ਅਤਰ ਸਿੰਘ ਉਸ ਨੂੰ ਭੁਖੇ ਸ਼ੇਰ ਵਾਂਗ ਪੈ ਗਿਆ । ਉਸਦੇ ਦੋ ਭਰਾ ਤੇ ਦੋ ਜੁਆਈ ਸ਼ੇਰ ਸਿੰਘ ਤੇ ਧਿਆਨ ਸਿੰਘ ਕੁਲ ਪੰਜ ਆਦਮੀ ਤਲਵਾਰਾਂ ਸੂਟਕੇ ਗੁਲਾਬ ਸਿੰਘ ਨੂੰ ਜਾ ਪਏ । ਉਹ ਘੋੜੇ ਤੇ ਚੜ੍ਹ ਕੇ ਨਸ ਤੁਰਿਆ ।

ਸ: ਅਤਰ ਸਿੰਘ ਨੇ ਨਠੇ ਜਾਂਦੇ ਗੁਲਾਬ ਸਿੰਘ ਨੂੰ ਪਿਛੋਂ ਗੋਲੀ ਮਾਰੀ । ਉਹ ਘੋੜੇ ਉਤੇ ਹੀ ਚਿੱਤ ਹੋ ਗਿਆ । ਘੋੜੇ ਨੂੰ ਉਸ ਦੀ ਲਾਸ਼ ਧੂਹੀ ਜਾਂਦੇ ਵੇਖਕੇ ਬੁਰਛਿਆਂ ਦੀ ਫੌਜ ਵਿਚ ਭਾਜੜ ਪੈ ਗਈ । ਉਨ੍ਹਾਂ ਨੇ ਸਮਝਿਆ ਕਿ ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਜੁਆਬੀ ਹਮਲਾ ਕਰ ਦਿਤਾ ਹੈ ।

ਸ: ਅਤਰ ਸਿੰਘ ਸੰਧਾਵਾਲੀਆ ਤੇ ਉਸਦੇ ਜੁਆਈ ਲੜਦੇ ਭਿੜਦੇ ਕਈਆਂ ਨੂੰ ਮਾਰਕੇ ਆਪ ਮਰ ਗਏ ।

ਭਾਈ ਮੋਹਰ ਸਿੰਘ ਕਹਿੰਦਾ ਹੈ ਕਿ ਇਕ ਪਹਿਰ ਦਿਨ ਚੜ੍ਹੇ ਸ: ਅਤਰ ਸਿੰਘ ਮਾਰਿਆ ਗਿਆ ।

ਇਕ ਬੁਰਛਾ ਸ: ਅਤਰ ਸਿੰਘ ਦਾ ਸਿਰ ਵੱਢ ਕੇ ਰਾਜਾ ਹੀਰਾ ਸਿੰਘ ਤੋਂ ਇਨਾਮ ਲੈਣ ਲਈ ਘੋੜੇ ਤੇ ਸੁਆਰ ਹੋਕੇ ਲਾਹੌਰ ਨੂੰ ਰਵਾਨਾ ਹੋ ਗਿਆ।

ਇਸ ਤੋਂ ਬਾਹਦ ਬੁਰਛਿਆਂ ਨੇ ਸੰਤ ਬਾਬਾ ਬੀਰ ਸਿੰਘ ਜੀ ਪਰ ਗੋਲੀਆਂ ਦੀ ਵਾਛੜ ਕੀਤੀ।

ਪੰਡਤ ਸ਼ੇਰ ਸਿੰਘ ਜੀ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ ਕਿ. ਜ਼ਾਲਮਾਂ ਨੇ 18 ਗੋਲੀਆਂ ਬਾਬਾ ਜੀ ਦੇ ਸਰੀਰ ਵਿਚ ਮਾਰੀਆਂ ਜਿਨ੍ਹਾਂ ਵਿਚੋਂ ਦਸ ਗੋਲੀਆਂ ਛਾਤੀ ਵਿਚ, ਚਾਰ ਦੋਹਾਂ ਬਾਹਾਂ ਵਿਚ, ਦੋ ਗੋਲੀਆਂ ਸੀਸ ਵਿਚ ਤੇ ਦੋ ਨਲਾਂ ਵਿਚ ਲਗੀਆਂ।

(ਪੰਨਾ 1530)

ਤੋਪਾਂ ਦਾ ਗੋਲਾਂ ਆਪਦੇ ਸਜੇ ਪੱਟ ਵਿਚ ਲਗਾ ਸੀ, ਜਿਸ ਨਾਲ ਪੱਟ ਚਕਨਾ ਚੂਰ ਹੋ ਚੁਕਾ ਸੀ। ਭਾਵੇਂ ਗੋਲੀਆਂ ਲਗਣ ਨਾਲ ਆਪ ਦਾ ਸਰੀਰ ਛਾਨਣੀ ਹੋ ਚੁਕਾਂ ਸੀ, ਪਰ ਆਪਨੇ ਕੋਈ ਤਕਲੀਫ ਨਹੀਂ ਮੰਨੀ, ਮਥੇ ਤੇ ਵੱਟ ਨਹੀਂ ਪਾਇਆ। ਮੁਖਾਰਬਿੰਦ ਤੇ ਮਲਾਲ ਨਹੀਂ ਆਇਆ। ਸੁਮੇਰ ਪਰਬਤ ਵਾਂਗ ਮੰਜੇ ਤੇ ਅਚਲ ਅਤੇ ਅਡੋਲ ਬੈਠੇ ਸਨ।

"ਵੇਦਾਂਤ ਸ਼ਾਸਤ੍ਰ" ਵਿਚ ਆਤਮਾ ਨੂੰ ਸਰੀਰ ਤੋਂ ਭਿੰਨ ਵਰਨਣ ਕੀਤਾ ਗਿਆ ਹੈ ਪਰ ਕਿਸੇ ਨੇ ਆਤਮਾ ਨੂੰ ਭਿੰਨ ਕਰਕੇ ਜਾਣਿਆ ਨਹੀਂ ਤੇ ਅਮਲੀ ਤੌਰ ਤੇ ਸਾਬਤ ਨਹੀਂ ਕੀਤਾ। ਪਰ ਧੰਨ ਹਨ ਸੰਤ ਬਾਬਾ ਬੀਰ ਸਿੰਘ ਜੀ, ਜਿਨ੍ਹਾਂ ਨੇ ਸਰੀਰ ਵਿਚ 18 ਗੋਲੀਆਂ ਖਾ ਕੇ ਤੋਪ ਦਾ ਗੋਲਾ ਸਹਾਰ ਕੇ ਵੀ ਖੇਦ ਨਹੀਂ ਮਨਿਆ ਅਤੇ ਆਤਮਾਂ ਦਾ ਸਰੀਰ ਤੋਂ ਭਿੰਨ ਤੇ ਨਿਆਰਾ ਹੋਣ ਦਾ ਅਮਲੀ ਸਬੂਤ ਪੇਸ਼ ਕੀਤਾ ਹੈ। ਇਹ ਗੱਲ ਕਹਿਣੀ ਸੌਖੀ ਹੈ ਕਿ ਮੌਤ ਕੋਈ ਚੀਜ਼ ਨਹੀਂ। ਸਰੀਰ ਨਾਸ਼ਵੰਤ ਤੇ ਮਿਥਿਆ ਹੈ। ਪਰ ਸਹੀ ਅਰਥਾਂ ਵਿਚ ਸਰੀਰ ਦੇ ਸੁਖ ਦੁਖ ਤੋਂ ਨਿਰਲੇਪ ਹੋਣਾ ਕਿਸੇ ਬ੍ਰਹਮ ਗਿਆਨੀ, ਪਰਮ ਅਤੀਤ ਤੇ ਪੂਰਨ ਪੁਰਸ਼ ਦਾ ਹੀ ਕੰਮ ਹੈ।

ਗੋਲੀਆਂ ਲਗਣ ਨਾਲ ਬਾਬਾ ਜੀ ਦੇ ਸੁੰਦਰ ਤੇ ਬਲਵਾਨ ਸਰੀਰ ਵਿਚੋਂ ਲਹੂਦੀਆਂ ਧਾਰਾਂ ਇਸ ਤਰ੍ਹਾਂ ਚਲਦੀਆਂ ਸਨ ਜਿਵੇਂ ਬਰਫ ਨਾਲ ਢਕੇ ਹੋਏ ਹਿਮਾਲਾ ਵਿਚੋਂ ਲਾਲ ਤੇ ਗੇਰੂ ਰੰਗ ਦੇ ਝਰਨੇ ਚਲਦੇ ਹਨ।

ਭਾਈ ਮੋਹਰ ਸਿੰਘ ਉਸ ਦਰਦਨਾਕ ਦ੍ਰਿਸ਼ ਨੂੰ ਇਉਂ ਬਿਆਨ ਕਰਦਾ ਹੈ--

"ਦੋ ਉਗਲਾਂ ਖਲ ਜੁੜੀ ਰਹੀ ਪਿੰਨੀ ਤੇ ਪਟ ਦੀ। ਪੰਜਾਬ ਸਿੰਘ ਖਤਰਾਈਆਂ*ਤੇ ਹੋਰ ਸਿੰਘ ਵੰਨ੍ਹਦੇ ਹਨ, ਪਰ ਬਝਦੀ ਨਹੀਂ। ਨਾਈ ਸਿਖ ਗਗੋਬੂਏ (ਬਾਬੇ ਜੀ ਦੇ ਪਿੰਡ) ਦਾ ਜੀਵਨ ਸਿੰਘ ਤੇ ਮੈਂ ਲਠੇ ਦੀ ਚਾਂਦਰ ਲੈ ਕੇ ਦੋਹਰੀ ਚੌਹਰੀ ਕਰਕੇ ਬੰਨ੍ਹ ਰਹੇ ਹਾਂ, ਪਰ ਲਤ ਬਝਦੀ ਨਹੀਂ। ਬਾਬਾ ਜੀ ਕਹਿਣ ਲਗੇ-"ਲਤ ਵਢ ਦੇਹੁ।"

ਮੈਂ ਕਿਹਾ-"ਜੀ ! ਲੱਤ ਵਢਣ ਨੂੰ ਜੀਅ ਨਹੀਂ ਕਰਦਾ।"

"ਤਦ ਸਾਹਿਬਾਂ ਨੇ ਲੱਤ ਉਤੇ ਕਰ ਕੇ ਚੌਂਕੜੀ ਲਾ ਲਈ ਪਲੰਘ ਉਤੇ। ਸਤਾਰਾਂ ਗੋਲੀਆਂ ਪੇਟ ਵਿਚ ਲਗੀਆਂ। ਸਜੀ ਵਖੀ ਵਿਚ ਜਮੂਰ ਦਾ ਗੋਲਾ ਲਗਾ। ਸਿੰਘ ਚੁੰਘਣ ਜ਼ਖਮ ਨੂੰ ਕਿ ਲਹੂ ਬਾਹਰ ਨਿਕਲੇ। ਚੂਲੀਆਂ ਕਰਨ। ਲਹੂ ਮੰਦਾ ਪੈ ਗਿਆ ਸਾਰਾ ਜ਼ਖਮ ਦਾ।

ਉਸ ਵਕਤ ਬਾਬਾ ਜੀ ਨੇ ਆਪਣੇ ਜਾਨਸ਼ਾਨ ਮਹਾਰਾਜ ਸਿੰਘ ਜੀ ਨੂੰ ਯਾਦ ਕੀਤਾ। ਉਹ ਆ ਗਏ ਤੇ ਆਪ ਕੋਲ ਬੈਠ ਗਏ। ਸੂਬਾ ਸਿੰਘ ਲਾਂਗਰੀ ਤੇ ਪ੍ਰਮਾਤਮ ਸਿੰਘ ਵੀ ਮੌਜੂਦ ਸਨ।

ਇਕ ਬੁਰਛੇ ਨੇ ਲੰਗਰ ਦੇ ਦੇਗੇ ਨੂੰ ਠੁਡੇ ਮਾਰੇ। ਸੁਧਾ ਸਿੰਘ ਨੇ ਉਸ ਨੂੰ ਕਿਹਾ-"ਗੁਰੂ ਮਾਰਿਆ ਇਹ ਕੀ ਕਰਦਾ ਹੈਂ ?"

ਕੋਲੋਂ ਬਾਬਾ ਮਹਾਰਾਜ ਸਿੰਘ ਨੇ ਕਿਹਾ-"ਵਾਹਿਗੁਰੂ ਜਪ, ਇਹ ਬੋਲਣ ਦਾ ਵੇਲਾ ਨਹੀਂ।"

---

*ਖਤਰਾ ਜ਼ਿਲਾ ਅੰਮ੍ਰਿਤਸਰ ਦਾ ਇਕ ਪਿੰਡ ਹੈ।

ਬਾਬਾ ਮਹਾਰਾਜ ਸਿੰਘ ਜੀ ਨੇ ਇਹ ਵੀ ਕਿਹਾ—

"ਮੇਰਾ ਸਰੀਰ ਹਾਜ਼ਰ ਹੈ।"

ਉਨ੍ਹਾਂ ਨੇ ਸੰਗਤ ਦੇ ਛਕਣ ਲਈ ਜੋ ਲੰਗਰ ਤਿਆਰ ਕੀਤਾ ਸੀ,ਕੜਾਹ ਪ੍ਰਸ਼ਾਦ ਤੇ ਮਿਠਿਆਈਆਂ ਬਣਵਾਈਆਂ ਸਨ, ਉਹ ਸਾਰੀਆਂ ਚੀਜ਼ਾਂ ਬੁਰਛਿਆਂ ਨੇ ਬਰਬਾਦ ਕਰ ਸੁਟੀਆਂ। ਤੋਪਾਂ ਦੇ ਗੋਲਿਆਂ ਨਾਲ ਪਕੇ ਹੋਏ ਲੰਗਰ ਦੀ ਬਿਅਦਬੀ ਹੋਈ। ਡੇਰੇ ਦਾ ਵੀਹ ਪ੍ਰੰਝੀ ਲੱਖ ਰੁਪਏ ਦਾ ਸਾਮਾਨ ਬੁਰਛਿਆਂ ਨੇ ਲੁਟ ਲਿਆ।

ਜਦ ਸਿੰਘਾਂ ਨੇ ਬਾਬਾ ਜੀ ਨੂੰ ਦਸਿਆ ਕਿ ਸਾਰਾ ਡੇਰਾ ਲੁਟਿਆ ਗਿਆ ਹੈ ਤਾਂ ਆਪ ਨੇ ਕਿਹਾ—

"ਚੰਗਾ ਹੋਇਆ ਤੁਹਾਡਾ ਦਲਿਦ੍ਰ ਕਟਿਆ ਹੈ।"

ਸਵਾ ਪਹਿਰ ਤੋਂ ਵਧੇਰੇ ਸੂਰਜ ਚੜ੍ਹ ਚੁਕਾ ਸੀ। ਧੁਪ ਦੇ ਕਾਰਨ ਗਰਮੀ ਵਧ ਰਹੀ ਸੀ। ਬਾਬਾ ਜੀ ਦੇ ਸਰੀਰ ਵਿਚੋਂ ਕਾਫੀ ਲਹੂ ਵਹਿ ਜਾਣ ਦੇ ਕਾਰਨ ਆਪ ਨੂੰ ਪਿਆਸ ਲਗੀ। ਆਪ ਨੇ ਕਿਹਾ—

"ਪੀਣ ਲਈ ਜਲ ਲਿਆਓ।" ਜਿਹੜਾ ਜਲ ਲਿਆਉਣ ਗਿਆ, ਉਹ ਤੋਪਾਂ ਬੰਦੂਕਾਂ ਨਾਲ ਉਡ ਗਿਆ।

ਸੰਤ ਹੀਰਾ ਸਿੰਘ ਗੜਵਾ ਲੈ ਕੇ ਦਰਿਆ ਤੋਂ ਜਲ ਲੈਣ ਲਈ ਗਏ। ਰਸਤੇ ਵਿਚ ਬੁਰਛਿਆਂ ਨੇ ਉਨ੍ਹਾਂ ਨੂੰ ਮਾਰ ਕੁਟ ਕੇ ਗੜਵਾ ਖੋਹ ਲਿਆ। ਸੰਤ ਹੀਰਾ ਸਿੰਘ ਨੇ ਆਕੇ ਬੇਨਤੀ ਕੀਤੀ—"ਮਹਾਰਾਜ ! ਜ਼ਾਲਮ ਪਾਣੀ ਨਹੀਂ ਲੈਣ ਦਿੰਦੇ। ਮਾਰ ਕੁਟਕੇ ਗੜਵਾ ਜਾਂ ਗਾਗਰ ਖੋਹ ਲੈਂਦੇ ਹਨ। ਦਸੋ ਕੀ ਕਰੀਏ ?"

ਬਾਬਾ ਜੀ—"ਕਿਸੇ ਮਿਟੀ ਦੇ ਭਾਂਡੇ ਵਿਚ ਜਲ ਲੈ ਆਓ। ਨਹੀਂ ਤੇ ਚਾਦਰ ਹੀ ਭਿਉਂ ਕੇ ਲੈ ਆਓ।

ਭਾਈ ਮੋਹਰ ਸਿੰਘ ਗੜਵਾ ਲੈਕੇ ਦਰਿਆ ਦਾ ਜਲ ਲੈਣ ਲਈ ਗਿਆ। ਬਾਬਾ ਜੀ ਨੇ ਉਸਨੂੰ ਕਿਹਾ—"ਸਾਨੂੰ ਦਰਿਆ ਦਾ ਜਲ ਨਹੀਂ ਪਚਦਾ। ਖੂਹ ਦਾ ਜਲ ਲਿਆਉ।"

ਭਾਈ ਮੋਹਰ ਸਿੰਘ ਮੁਠਿਆਂ ਵਾਲੇ ਦੇ ਖੂਹ ਤੋਂ ਜਲ ਲੈਣ ਲਈ ਗਿਆ। ਉਸ ਨੂੰ ਵੀ ਬੁਰਛਿਆਂ ਨੇ ਮਾਰ ਮਾਰ ਕੇ ਬੇਹੋਸ਼ ਕਰ ਦਿਤਾ। ਇਕ ਮੁਸਲਮਾਨ ਮੁੰਡੇ ਨੇ ਉਸਨੂੰ ਉਠਾਇਆ। ਉਸ ਪਿੰਡ ਵਿਚ ਸੰਤ ਟੇਕ ਸਿੰਘ ਵੀ ਭਾਈ ਮੋਹਰ ਸਿੰਘ ਨੂੰ ਮਿਲੇ ਅਤੇ ਦੋਹਾਂ ਨੇ ਡੇਰੇ ਦੀ ਤਬਾਹੀ ਬਾਰੇ ਗਲਬਾਤ ਕੀਤੀ।

ਕੁਝ ਸਿੰਘਾਂ ਨੇ ਕਪੜਾ ਭਿਉਂ ਕੇ ਬਾਬਾ ਜੀ ਦੇ ਮੂੰਹ ਵਿਚ ਜਲ ਪਾਇਆ।

ਭਾਈ ਮੋਹਰ ਸਿੰਘ ਨੇ ਪਾਣੀ ਦਾ ਘੜਾ ਭਰਕੇ ਲਿਆਂਦਾ। ਬਾਬਾ ਜੀ ਨੇ ਦੋ ਤਿੰਨ ਵੇਰ ਜਲ ਛਕਿਆ।

ਇਹ ਹਾਲਤ ਵੇਖਕੇ ਬਹੁਤ ਸਾਰੇ ਸਿੰਘ ਬਹੁਤ ਸ਼ੋਕ ਕਰ ਰਹੇ ਸਨ। ਉਹ ਮਨ ਵਿਚ ਸੋਚਦੇ ਸਨ ਕਿ ਜਿਹੜੇ ਬਾਬਾ ਜੀ ਗਰਮੀਆਂ ਵਿਚ ਗੁਲਾਬ, ਕਿਓੜਾ, ਸੰਦਲ, ਨੀਲੋਫਰ ਤੇ ਬੇਦਮੁਸ਼ਕ ਛਕਦੇ ਸਨ, ਜਿਨ੍ਹਾਂ ਦੇ ਡੇਰੇ ਵਿਚ ਹਜ਼ਾਰਾਂ ਆਦਮੀ ਅੰਨ ਜਲ ਛਕ ਕੇ ਆਪਣੀ ਭੁਖ ਤੇ ਪਿਆਸ ਮਿਟਾਉਂਦੇ ਸਨ, ਅਜ ਉਨ੍ਹਾਂ ਦੇ ਮੂੰਹ ਵਿਚ ਕਪੜੇ ਭਿਉਂਕੇ ਜਲ ਪਾ ਰਹੇ ਹਾਂ। ਉਨ੍ਹਾਂ ਦਾ ਸਰੀਰ ਗੋਲਿਆਂ ਅਤੇ ਗੋਲੀਆਂ ਨਾਲ ਖੀਣ ਹੋ ਗਿਆ। ਇਹ ਕਰਤਾਰ ਦੇ ਰੰਗ ਹਨ।

ਉਸ ਵਕਤ ਭਾਈ ਮਖਣ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ ਵੀ ਬਾਬਾ ਜੀ ਦੇ ਪਾਸ ਬੈਠਾ ਸੀ। ਉਸਦਾ 18 ਸਾਲ ਦਾ ਪੁਤ੍ਰ ਲਹਿਣਾ ਸਿੰਘ ਬਾਬਾ ਜੀ ਨੂੰ ਚੌਰ ਕਰਦਾ ਹੋਇਆ ਸਿਰ 'ਚ ਗੋਲੀ ਵਜਣ ਨਾਲ ਸ਼ਹੀਦ ਹੋ ਚੁਕਾ ਸੀ। ਭਾਈ ਮਖਣ ਸਿੰਘ ਨੂੰ ਸੰਬੋਧਨ ਕਰਕੇ ਬਾਬਾ ਜੀ ਨੇ ਕਿਹਾ—

"ਤੁਸੀਂ ਆਪਣੇ ਪੁਤਰ ਦੀ ਮੌਤ ਦਾ ਕੋਈ ਅਫਸੋਸ ਨਹੀਂ ਕਰਨਾ। ਕਿਸੇ ਨੇ ਚਾਰ ਦਿਨ ਪਹਿਲੇ ਤੇ ਕਿਸੇ ਨੇ ਚਾਰ ਦਿਨ ਪਿਛੋਂ ਤੁਰਨਾ ਹੈ। ਇਹ ਸੰਸਾਰ ਸੁਪਨੇ ਵਾਂਗ ਘੜੀ ਪਲ ਦਾ ਮੇਲਾ ਹੈ। ਇਸ ਅਨਿਤ ਦੇ ਹਰ ਪਲ ਵਿਚ ਬਦਲਣਹਾਰ ਤੇ ਖਿਣ ਭੰਗਰ

ਜਗਤ ਵਿਚ ਮਰਨ ਦਾ ਕੀ ਸ਼ੋਕ ਕਰਨਾ ਹੋਇਆ ? ਤੁਸੀਂ ਧੀਰਜ ਰਖਣਾ, ਗੁਰੂ ਤੁਹਾਡੀ ਪੈਜ ਰਖੇਗਾ ।"

ਬਾਬਾ ਜੀ ਦੇ ਛੋਟੇ ਭਰਾ ਬਾਬਾ ਸ਼ਰਮ ਸਿੰਘ ਤੇ ਭਾਈ ਕਾਹਨ ਸਿੰਘ ਬੱਗੇ ਨੇ ਬੇਨਤੀ ਕੀਤੀ—

"ਸਾਡਾ ਭਗੌਤੇ (ਸ਼ਸਤਰ) ਨਾਲ ਵਿਆਹ ਕਰ ਦਿਉ ।"

ਭਾਵ ਇਹ ਸੀ ਕਿ ਲੜ ਕੇ ਮਰਨ ਦੀ ਆਗਿਆ ਦਿਉ । ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ—"ਤੁਹਾਡਾ ਦੋਨਾਂ ਦਾ ਵਿਆਹ ਭਗੌਤੇ ਨਾਲ ਹੋ ਚੁਕਾ ਹੈ।" ਉਹ ਦੋਵੇਂ ਸੂਰਬੀਰ ਤੋਪਾਂ ਦੇ ਗੋਲਿਆਂ ਨਾਲ ਸ਼ਹੀਦੀ ਪਾ ਗਏ ।

ਉਸ ਵਕਤ ਬਾਬਾ ਜੀ ਦੇ ਲਾਗੇ ਇਕ ਸਿੰਘ ਭਾਈ ਗਹਿਲ ਸਿੰਘ ਸੀ । ਉਸਨੂੰ ਵੀ ਗੋਲੀ ਲਗੀ ਬਾਬਾ ਜੀ ਨੇ ਉਸਨੂੰ ਕਿਹਾ—

"ਭਾਈ ਗਹਿਲ ਸਿੰਘ ਜੀ, ਜਿਸ ਦਾ ਧਰਮ ਰਿਹਾ, ਉਸ ਦਾ ਸਭ ਕੁਝ ਰਿਹਾ । ਜਿਸ ਦਾ ਧਰਮ ਨਹੀਂ, ਉਸ ਦਾ ਕੁਝ ਵੀ ਨਹੀਂ ਰਿਹਾ। ਅਸੀਂ ਆਪਣਾ ਧਰਮ ਲੈ ਚਲੇ ਹਾਂ । ਅਸੀ ਦਇਆ ਕੀਤੀ ਸੀ, ਉਸ ਨੇ ਸਾਡੇ ਉਤੇ ਪਾਲਣਾ ਪਾ ਲਿਆ ਹੈ।"

ਬਾਬਾ ਜੀ ਦੇ ਸਾਥੀਆਂ ਵਿਚੋਂ ਸ: ਲਹਿਣਾ ਸਿੰਘ, ਭਾਈ ਲਾਲ ਸਿੰਘ ਗੁਜਰਾਂਵਾਲੀਆਂ, ਮਹੰਤ ਮੱਲ ਸਿੰਘ ਲੋਹਕਾ ਭਾਈ ਗੰਡਾ ਸਿੰਘ, ਸੋਢੀ ਸਾਹਿਬ ਸਾਹਿਬ ਸਿੰਘ ਸੰਗਤਪੁਰ, ਬਖਸ਼ੀ ਨੰਦ ਸਿੰਘ, ਬਾਬਾ ਬਿਅੰਤ ਸਿੰਘ ਬੇਦੀ, ਭਾਈ ਮੋਹਰ ਸਿੰਘ ਜੋੜ ਬਰਦਾਰ, ਸ: ਕ੍ਰਿਪਾਲ ਸਿੰਘ. ਸ: ਅਤਰ ਸਿੰਘ ਸੰਧਾਵਾਲੀਏ, ਮਹਾਂ ਸਿੰਘ, ਮਤਾਬ ਸਿੰਘ, ਭਾਈ ਧਿਆਨ ਸਿੰਘ ਤਬੇਲੀਆ, ਭਾਈ ਮਖਣ ਸਿੰਘ ਤੇ ਭਾਈ ਕਿਸ਼ਨ ਸਿੰਘ ਆਦਿਕ ਸ਼ਹੀਦੀਆਂ ਪਾ ਚੁਕੇ ਸਨ ।

ਕੁਝ ਮੁਖੀ ਸਿਖਾਂ ਨੇ ਪੁਛਿਆ—"ਹੁਣ ਕੀ ਕਰੀਏ ?"

---

*ਲੋਹਕਾ ਜ਼ਿਲਾ ਅੰਮ੍ਰਿਤਸਰ ਤਹਿਸੀਲ ਤਰਨ ਤਾਰਨ ਦਾ ਇਕ ਪ੍ਰਸਿਧ ਨਗਰ ਹੈ।

ਬਾਬਾ ਜੀ ਨੇ ਉਤਰ ਦਿਤਾ—"ਜਿਹੜੇ ਸਿੰਘ ਚੜ੍ਹਾਈ ਕਰ ਗਏ ਹਨ, ਉਨ੍ਹਾਂ ਦੇ ਸਰੀਰ ਜਲ ਪ੍ਰਵਾਹ ਕਰ ਦਿਓ । ਜਿਹੜੇ ਜ਼ਖਮੀ ਹਨ, ਜਾਂ ਜਿਨ੍ਹਾਂ ਦੇ ਬਚਣ ਦੀ ਆਸ ਹੈ, ਉਨ੍ਹਾਂ ਦੀ ਸੇਵਾ ਸੰਭਾਲ ਕਰੋ ।

ਭਾਈ ਮਖਣ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ ਤੇ ਕੁਝ ਹੋਰ ਸਿੰਘਾਂ ਨੇ ਬਾਬਾ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਬਹੁਤ ਸਾਰੇ ਸ਼ਹੀਦ ਸਿੰਘਾਂ ਦੀਆਂ ਲੋਥਾਂ ਨੂੰ ਜਲ ਪ੍ਰਵਾਹ ਕਰ ਦਿਤਾ । ਜਿਹੜੇ ਜ਼ਖਮੀ ਸਨ, ਉਨ੍ਹਾਂ ਦੀ ਮਰ੍ਹਮ ਪੱਟੀ ਕਰਨ ਦਾ ਜਤਨ ਕੀਤਾ ।

ਦੁਪਹਿਰ ਢਲ ਰਹੇ ਸਨ । ਬਾਬਾ ਜੀ ਨੇ ਕੋਲ ਬੈਠੇ ਸਿੰਘਾਂ ਨੂੰ ਪੁਛਿਆ—'ਹੁਣ ਦਿਨ ਕਿਤਨਾ ਵਜਿਆ ਹੈ ?"

ਸਿੰਘਾਂ ਨੇ ਉਤਰ ਦਿਤਾ-"ਮਹਾਰਾਜ ! ਦੋ ਘੜੀ ਦੁਪਹਿਰ ਵਜੀ ਹੈ ।" ਭਾਈ ਮੋਹਰ ਸਿੰਘ ਦਸਦਾ ਹੈ ਕਿ ਉਸ ਵਕਤ ਲਾਹੌਰ ਦਰਬਾਰ ਦੇ ਕਈ ਫੌਜੀ ਬਾਬਾ ਜੀ ਕੋਲ ਖੜੇ ਸਨ । ਉਨ੍ਹਾਂ ਵਿਚੋਂ ਕਈ ਆਪਣੀ ਮਾੜੀ ਕਰਨੀ ਤੇ ਸ਼ਰਮਿੰਦਾ ਸਨ ਅਤੇ ਪਛਤਾਵਾ ਕਰ ਰਹੇ ਸਨ । ਪਰ ਕਈ ਹਾਸਾ ਮਖੌਲ ਕਰਦੇ ਸਨ ।

ਬਾਬਾ ਜੀ ਸਖਤ ਜ਼ਖਮੀ ਹੋਣ ਤੇ ਲਹੂ ਚਲ ਜਾਣ ਦੇ ਬਾਵਜੂਦ ਬੜੇ ਧੀਰਜ ਨਾਲ ਪਲੰਘ ਉਤੇ ਬਿਰਾਜਮਾਨ ਸਨ ।

ਭਾਈ ਜੋਧ ਸਿੰਘ ਅਕਾਲ ਬੁੰਗੀਆ ਬਾਬਾ ਜੀ ਦਾ ਚੌਰ ਬਰਦਾਰ ਸੀ, ਉਸ਼ ਪਾਸੋਂ ਇਹ ਦਰਦਨਾਕ ਦ੍ਰਿਸ਼ ਵੇਖਿਆ ਅਤੇ ਸਹਾਰਿਆ ਨਾ ਗਿਆ । ਉਸ ਦੇ ਮੂੰਹੋਂ ਹਾਇ ਨਿਕਲ ਗਈ ਤੇ ਨੇਤਰ ਸਜਲ ਹੋ ਗਏ । ਉਹ ਕਹਿਣ ਲਗਾ—

"ਆਪ ਨੂੰ ਪੀੜ ਹੁੰਦੀ ਹੋਵੇਗੀ ? ਮੈਥੋਂ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦੀ ।"

ਬਾਬਾ ਜੀ ਨੇ ਉਸਨੂੰ ਖਿਚਕੇ ਚਪੇੜ ਮਾਰੀ ਤੇ ਕਹਿਣ ਲਗੇ--

ਭਾਈ ਜੋਧ ਸਿੰਘ ! ਤੂੰ ਸਾਨੂੰ ਦੇਹ ਸਮਝਦਾ ਹੈਂ ? ਅਸੀਂ ਦੇਹ ਜਾਂ ਸਰੀਰ ਨਹੀਂ ਹਾਂ, ਆਤਮ ਸਰੂਪ ਹਾਂ, ਜਿਸਨੂੰ ਸੰਸਾਰ ਦੀ ਕੋਈ

ਤਾਕਤ ਨਹੀਂ ਮਾਰ ਸਕਦੀ। ਪੰਜ ਭੂਤਕ ਸਰੀਰ ਜਨਮ ਮਰਨ, ਸੁਖ ਦੁਖ ਅਤੇ ਵਿਕਾਰਾਂ ਦੇ ਅਧੀਨ ਹੈ। ਇਹ ਸਦਾ ਕਾਇਮ ਨਹੀਂ ਰਹਿ ਸਕਦਾ। ਪਰ ਆਤਮਾ ਸਤ ਚਿਤ ਤੇ ਆਨੰਦ ਸਰੂਪ ਹੈ।"

"ਹੇ ਪੁਤਰ! ਜਦ ਸਾਨੂੰ ਆਪਣੇ ਸਰੀਰ ਦੇ ਨਾਸ ਹੋਣ ਦਾ ਕੋਈ ਸ਼ੋਕ ਨਹੀਂ, ਤਦ ਤੂੰ ਕਿਉਂ ਦੁਖੀ ਹੈਂ? ਅਸੀਂ ਇਸ ਵਕਤ ਪ੍ਰਮਾਨੰਦ ਵਿਚ ਟਿਕੇ ਹੋਏ ਹਾਂ। ਇਕ ਘੜੀ ਪਲ ਦਾ ਸੁਪਨਾ ਬਾਕੀ ਹੈ, ਉਹ ਵੀ ਛੇਤੀ ਨਿਬੜ ਜਾਏਗਾ।"

ਇਹ ਆਤਮ ਗਿਆਨ ਭਰਪੂਰ ਬਚਨ ਕਰਨ ਦੇ ਬਾਹਦ ਬਾਬਾ ਜੀ ਨੇ ਭਾਈ ਜੋਧ ਸਿੰਘ ਦੇ ਸਿਰ ਤੇ ਹਥ ਫੇਰਿਆ। ਕ੍ਰਿਪਾ ਦ੍ਰਿਸ਼ਟੀ ਨਾਲ ਉਸ ਵਲ ਤਕਿਆ। ਜਿਸ ਨਾਲ ਜੋਧ ਸਿੰਘ ਸਰੀਰ ਦੇ ਦੁਖ ਸੁਖ, ਡਰ ਤੇ ਸਹਿਮ ਤੋਂ ਉਚੇ ਹੋਕੇ ਆਤਮ ਮੰਡਲ ਵਿਚ ਖੇਡਣ ਲਗ ਪਿਆ। ਦੁਖ ਅਤੇ ਮੌਤ ਤੋਂ ਬਿਲਕੁਲ ਨਿਰਭੈ ਹੋ ਕੇ ਸ੍ਰੀ ਵਾਹਿਗੁਰੂ ਨਾਲ ਜੁੜ ਗਿਆ।

ਸ੍ਰੀ ਕ੍ਰਿਸ਼ਨ ਨੇ ਕੁਰਖੇਤਰ ਵਿਚ ਗੀਤਾ ਦੁਆਰਾ ਅਰਜਨ ਨੂੰ ਆਤਮਾ ਦੇ ਅਮਰ ਹੋਣ ਦਾ ਜੋ ਗਿਆਨ ਦਿਤਾ ਸੀ, ਯੂਨਾਨ ਦੇ ਮਹਾਤਮਾ ਸੁਕ੍ਰਾਤ ਨੇ ਜ਼ਹਿਰ ਦਾ ਪਿਆਲਾ ਪੀਣ ਸਮੇਂ, ਈਸਾ ਤੇ ਮਨਸੂਰ ਨੇ ਸੂਲੀ ਉਤੇ ਚੜ੍ਹਨ ਸਮੇਂ ਜਿਸ ਪਰਮ ਤੱਤ ਨੂੰ ਬਿਆਨ ਕੀਤਾ ਸੀ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇਕੇ, ਦਸਮੇਸ਼ ਜੀ ਦੇ ਮਾਸੂਮ ਬਚਿਆਂ ਨੇ ਚਮਕੌਰ ਦੇ ਰਣ ਖੇਤਰ ਤੇ ਸਰਹਿੰਦ ਦੀਆਂ ਨੀਹਾਂ ਵਿਚ ਆਪਣੇ ਆਪਨੂੰ ਚਿਣਵਾਕੇ ਜਿਸ ਹਕੀਕਤ ਨੂੰ ਸਮਝਾਇਆ ਸੀ, ਭਾਈ ਮਨੀ ਨੇ ਬੰਦ ਬੰਦ ਕਟਵਾਕੇ, ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾਕੇ ਤੇ ਹੋਰ ਅਨੇਕ ਸ਼ਹੀਦਾਂ ਨੇ ਸ਼ਹੀਦੀਆਂ ਪਾਕੇ ਸਰੀਰ ਨੂੰ ਨਾਸ਼ਵੰਤ ਤੇ ਆਤਮਾ ਅਬਿਨਾਸ਼ੀ ਅਜਰ ਤੇ ਅਮਰ ਹੋਣ ਦਾ ਜੋ ਸੰਦੇਸ਼ ਦਿਤਾ ਸੀ, ਉਹੀ ਸੰਤ ਬਾਬਾ ਬੀਰ ਸਿੰਘ ਜੀ ਨੇ ਹਰੀ ਕੇ ਪਤਨ ਦੇ ਲਾਗੇ ਸਿਖ ਸੰਗਤਾਂ ਅਤੇ ਸੂਰਬੀਰ ਸਾਥੀਆਂ ਨੂੰ ਸਮਝਾਇਆ।

ਉਸ ਵਕਤ ਇਕ ਸਿੰਘ ਨੇ ਬੇਨਤੀ ਕੀਤੀ-"ਮਹਾਰਾਜ ! ਮੈਂ ਆਪ ਨੂੰ ਪੂਰਨ ਪੁਰਖ ਸਮਝਦਾ ਹਾਂ। ਆਪ ਦੀ ਬੜੀ ਬਿਅਦਬੀ ਹੋਈ ਹੈ। ਇਹ ਕੀ ਭਾਣਾ ਵਰਤ ਗਿਆ ਹੈ ?"

ਬਾਬਾ ਜੀ ਨੇ ਉਤਰ ਦਿਤਾ—"ਇਹ ਵਾਹਿਗੁਰੂ ਦੀ ਰਜ਼ਾ ਹੈ। ਸਾਡੇ ਸਤਿਗੁਰਾਂ ਨੇ ਸ਼ਹੀਦੀਆਂ ਪ੍ਰਾਪਤ ਕਰਕੇ ਇਸ ਪੰਥ ਨੂੰ ਸਜਾਇਆ ਸੀ। ਸਾਨੂੰ ਵੀ ਉਸ ਲਈ ਇਹ ਕੁਝ ਕਰਨਾ ਪਿਆ ਹੈ। ਭਾਈ ਸਿੰਘਾ ! ਜਿਸ ਤਰ੍ਹਾਂ ਰਲਕੇ ਸਾਰੇ ਮਾਰਨ ਆਏ ਹਨ, ਉਸੇ ਤਰ੍ਹਾਂ ਰਲ ਕੇ ਬਖਸ਼ਾਉਣਗੇ। ਸਰਬਤ ਖਾਲਸਾ ਇੰਨਾਂ ਗੁਰੂ ਮਾਰਿਆਂ ਨੂੰ ਤਨਖਾਹ ਲਾਕੇ ਬਖਸ਼ੇਗਾ।"

ਬਾਬਾ ਜੀ ਦੇ ਨਿਕਟ ਵਰਤੀ ਇਕ ਜਪੀ, ਤਪੀ ਤੇ ਸੰਤੋਖੀ ਭਾਈ ਕ੍ਰਿਪਾਲ ਸਿੰਘ ਮਾਲੂਵਾਲੀਆ ਸਨ। ਉਹ ਦੀਵਾਨ ਵਿਚ ਆਸਾ ਦੀ ਵਾਰ ਦਾ ਕੀਰਤਨ ਵੀ ਕਰਦੇ ਹੁੰਦੇ ਸਨ। ਉਨ੍ਹਾਂ ਦੀ ਛਾਤੀ ਵਿਚ ਗੋਲੀ ਲਗੀ ਅਤੇ ਉਥੇ ਹੀ ਹੁਕਮ ਸਤ ਹੋ ਗਏ।

ਸੰਤ ਬਾਬਾ ਬੀਰ ਸਿੰਘ ਜੀ ਦੇ ਇਕ ਬਾਲ ਸਖਾਈ ਤੇ ਪ੍ਰਮ ਮਿਤ੍ਰ ਭਾਈ ਸਮੀਰ ਸਿੰਘ ਜੀ ਜੇਠੂਵਾਲੀਏ ਸਨ। ਉਹ ਸੋਹਲ ਪਿੰਡ ਵਿਚ ਨਿਵਾਸ ਰਖਦੇ ਸਨ।

ਸੋਹਲ ਹਰੀਕੇ ਪਤਨ ਤੋਂ ਪੰਦਰਾਂ ਕੋਹ ਤੇ ਹੈ। ਚੂੰਕਿ ਤੜਕੇ ਸਾਰ ਬਾਬਾ ਜੀ ਦੇ ਡੇਰੇ ਉਤੇ ਗੋਲਾਬਾਰੀ ਸ਼ੁਰੂ ਹੋ ਗਈ ਸੀ, ਤੋਪਾਂ ਦੀ ਆਵਾਜ਼ ਸੁਣਕੇ ਭਾਈ ਸਮੀਰ ਸਿੰਘ ਜੀ ਨੇ ਹਰੀਕੇ ਪਤਨ ਵਲ ਧਾਈ ਕੀਤੀ। ਡੇਢ ਪਹਿਰ ਦਿਨ ਚੜ੍ਹੇ ਬਾਬਾ ਜੀ ਪਾਸ ਪੁਜ ਗਏ। ਮਨ 'ਚ ਸੋਚਦੇ ਸਨ ਕਿ ਪਤਾ ਨਹੀਂ ਕੀ ਭਾਣਾ ਵਰਤਿਆ ਹੈ ? ਜਦ ਉਹ ਹਰੀਕੇ ਪਤਨ ਦੇ ਲਾਗੇ ਪੁਜੇ ਤਾਂ ਬੇਦੋਸ਼ਿਆਂ ਦੇ ਲਹੂ ਨਾਲ ਰੰਗੀ ਹੋਈ ਧਰਤੀ ਵੇਖੀ। ਹਰ ਪਾਸੇ ਲੋਥਾਂ ਦੇ ਢੇਰ ਲਗੇ ਹੋਏ ਸਨ। ਬਾਬਾ ਜੀ ਦੇ ਡੇਰੇ ਦੀ ਲੁਟੀ ਤੇ ਤਬਾਹੀ ਦਾ ਦਰਦਨਾਕ ਦ੍ਰਿਸ਼ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਤੱਕਿਆ। ਫਿਰ ਜਿਸ ਮਹਾਂ ਭਾਰਤ ਦੇ ਜੁਧ ਕੁਰਖੇਤਰ ਵਿਚ ਭੀਸ਼ਮ ਪਿਤਾਮਾ ਤੀਰਾਂ ਦੀ ਸੇਜ

ਉਤੇ ਬਿਰਾਜਮਾਨ ਸਨ, ਉਸੇ ਤਰ੍ਹਾਂ ਬਾਬਾ ਬੀਰ ਸਿੰਘ ਜੀ ਹਰੀ ਕੇ ਪਤਨ ਦੇ ਲਾਗੇ ਇਕ ਰਣ ਖੇਤਰ ਵਿਚ ਗੋਲੀਆਂ ਖਾਕੇ ਪਲੰਘ ਤੇ ਬਿਰਾਜਮਾਨ ਸਨ। ਭਾਈ ਸਮੀਰ ਸਿੰਘ ਜੀ ਨੇ ਬਾਬਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਕਿਹਾ–"ਧੰਨ ਹੋ ਮਹਾਰਾਜ ਧੰਨ ਹੋ!"

ਬਾਬਾ ਜੀ ਨੇ ਉਤਰ ਦਿਤਾ–"ਸਮੀਰ ਸਿੰਘ ਜੀ! ਤੁਸੀਂ ਵੀ ਧੰਨ ਹੋ, ਜਿਨਾਂ ਨੇ ਇਸ ਬਿਪਤਾ ਦੇ ਸਮੇਂ ਗਰਮੀ ਵਿਚ ਲੰਮਾ ਪੰਧ ਕਰਕੇ ਦਰਸ਼ਨ ਦਿਤੇ ਹਨ।

ਸਮੀਰ ਸਿੰਘ-ਹੇ ਪ੍ਰਭੂ! ਪਿਛਲੇ ਸਮੇਂ ਵਿਚ ਹੋ ਚੁਕੇ ਆਸ਼ਕਾਂ ਸੂਰਮਿਆਂ ਤੇ ਸ਼ਹੀਦਾਂ ਦੀਆਂ ਕਥਾ ਵਾਰਤਾ ਅਸੀਂ ਪੜ੍ਹਦੇ ਸੁਣਦੇ ਰਹੇ ਹਾਂ। ਪਰ ਆਪ ਸਾਰਿਆਂ ਤੋਂ ਵਧ ਗਏ ਹੋ। ਸੋਹਣੀ ਮਹੀਂ-ਵਾਲ, ਹੀਰ ਰਾਂਝਾ, ਲੇਲਾ ਮਜਨੂੰ, ਸ਼ੀਰੀ ਫਰਿਆਦ ਆਦਿਕ ਆਸ਼ਕ ਹੋਏ ਹਨ। ਮਨਸੂ, ਸ਼ਮਸ ਤਬਰੇਜ਼ੀ, ਸਰਮਦ ਤੇ ਹਕੀਕਤ ਰਾਇ ਆਦਿਕ ਉਚੇ ਫਕੀਰ, ਮਹਾਤਮਾ ਤੇ ਸ਼ਹੀਦ ਹੋਏ ਹਨ। ਪਰ ਉਨ੍ਹਾਂ ਦਾ ਆਪਣੇ ਮਨ ਉਤੇ ਕਾਬੂ ਰਿਹਾ ਹੈ। ਆਪ ਧੰਨ ਹੋ, ਜਿਹੜੇ ਆਪ ਹੀ ਸ਼ਾਂਤਮਈ ਨਹੀਂ ਰਹੇ, ਬਲਕਿ ਹਜ਼ਾਰਾਂ ਸੂਰਬੀਰਾਂ ਜੋਧਿਆਂ, ਸੰਤਾਂ ਸਾਧਾਂ ਨੂੰ ਵੀ ਸ਼ਾਂਤਮਈ ਰਹਿਕੇ ਸ਼ਹੀਦ ਹੋਣ ਦਾ ਸਬਕ ਦੇਣ ਵਾਲੇ ਹੋ। ਇਸ ਲਈ ਆਪ ਉਨ੍ਹਾਂ ਸਾਰੇ ਆਸ਼ਕਾਂ ਤੇ ਸ਼ਹੀਦਾਂ ਤੋਂ ਅਗੇ ਲੰਘ ਗਏ ਹੋ।"

ਭਾਈ ਸਮੀਰ ਸਿੰਘ ਜੀ ਦਾ ਇਹ ਬਚਨ ਸੁਣਕੇ ਬਾਬਾ ਜੀ ਨੇ ਕਿਹਾ–

"ਅਸੀਂ ਜੋ ਕੁਝ ਸਹਿਣ ਕੀਤਾ ਹੈ, ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੈ। ਗੁਰਬਾਣੀ ਦੇ ਗਿਆਨ ਕਰਕੇ ਸਾਨੂੰ ਇਹ ਜਗਤ ਤਿੰਨ ਕਾਲ ਬਦਲਹਾਰ ਤੇ ਖਿੰਨ ਭੰਗਰ ਦਿਸਦਾ ਹੈ? ਫਿਰ ਸਾਨੂੰ ਸਰੀਰ ਦੇ ਨਾਸ਼ ਹੋਣ ਦਾ ਕੀ ਸ਼ੋਕ ਹੋ ਸਕਦਾ ਹੈ? ਸੰਸਾਰ ਦੇ ਦ੍ਰਿਸ਼ ਸੁਪਨੇ ਵਾਂਗ ਹਨ। ਗੁਰਬਾਣੀ ਵਿਚ ਇਸੇ ਲਈ ਕਿਹਾ ਗਿਆ ਹੈ--

"ਜੈਸਾ ਸੁਪਨਾ ਰੈਣ ਕਾ ਤੈਸਾ ਇਹ ਸੰਸਾਰ।"

"ਜਿਸ ਤਰ੍ਹਾਂ ਜਾਗਰਤ ਅਵਸਥਾ ਵਿਚ ਸੁਪਨੇ ਦਾ ਪ੍ਰਪੰਚ ਨਹੀਂ ਰਹਿੰਦਾ, ਇਸੇ ਤਰ੍ਹਾਂ ਆਤਮ ਗਿਆਨ ਨਾਲ ਮਨੁਖ ਨੂੰ ਜਗਤ ਦੀ ਅਸਲੀਅਤ ਦਾ ਪਤਾ ਲਗਦਾ ਹੈ। ਨਾਮ ਰੂਪ ਕਰਕੇ ਦ੍ਰਿਸ਼ਟਮਾਨ ਜਗਤ ਸਥਿਰ ਨਹੀਂ ਰਹਿ ਸਕਦਾ। ਜਿਸ ਤਰ੍ਹਾਂ ਦੀਵੇ ਦੀ ਬੱਤੀ ਪ੍ਰਕਾਸ਼ ਕਰਦੀ ਹੈ, ਪਰ ਖਿਨ ਖਿਨ ਵਿਚ ਨਸ਼ਟ ਹੁੰਦੀ ਹੀ ਚਲੀ ਜਾਂਦੀ ਹੈ, ਇਸੇ ਤਰ੍ਹਾਂ ਮਨੁਖ ਦਾ ਸਰੀਰ ਖਨੀ ਹੋਈ ਜਾਂਦਾ ਹੈ, ਪਰ ਆਤਮਾ ਚੇਤੰਨ ਸਰੂਪ ਹੈ, ਉਹ ਨਹੀਂ ਬਦਲਦਾ। ਜਦ ਅਸੀਂ ਗੂਹੜੀ ਨੀਂਦਰ ਵਿਚ ਸੌਂ ਜਾਂਦੇ ਹਾਂ, ਤਦ ਨੀਂਦ ਖੁਲ੍ਹ ਜਾਣ ਪਰ ਕਹਿੰਦੇ ਹਾਂ ਅਸੀਂ ਸੁਤੇ ਹਾਂ। ਇਸ ਦਾ ਮਤਲਬ ਇਹ ਹੈ ਕਿ ਜਦ ਸੁਪਨ ਅਵਸਥਾ ਵਿਚ ਸਾਰੀਆਂ ਗਿਆਨ ਇੰਦ੍ਰੀਆਂ ਸੁੰਨ ਤੇ ਕ੍ਰਿਆ ਰਹਿਤ ਹੋ ਜਾਂਦੀਆਂ ਹਨ, ਉਸ ਹਾਲਤ ਵਿਚ ਵੀ ਕੋਈ ਚੀਜ਼ ਜਾਗਦੀ ਹੈ, ਜੋ ਸਾਨੂੰ ਗੂਹੜੀ ਨੀਂਦਰ ਦਾ ਪਤਾ ਦਿੰਦੀ ਹੈ। ਜਾਗ੍ਰਿਤ, ਸੁਪਨ, ਸਖੋਪਤੀ ਤੇ ਤੁਰੀਆ ਚਾਰ ਅਵਸਥਾ ਹਨ। ਇਨ੍ਹਾਂ ਵਿਚ ਚੇਤੰਨ ਆਤਮਾ ਸਦਾ ਜਾਗਦਾ ਹੈ। ਜਾਗ੍ਰਿਤ ਸੁਪਨਾ ਨਹੀਂ, ਸੁਪਨੇ ਵਿਚ ਜਾਗ੍ਰਤ ਅਵਸਥਾ ਨਹੀਂ ਹੁੰਦੀ। ਸਖੋਪਤੀ ਵਿਚ ਦੋਵੇਂ ਹਾਲਤਾਂ ਨਹੀਂ ਪਰ ਜੀਵਾਤਮਾ ਇਕ ਰਸ ਰਹਿੰਦਾ ਹੈ। ਉਹ ਸਾਰੀਆਂ ਹਾਲਤਾਂ ਨੂੰ ਜਾਣਦਾ ਹੈ।"

ਇਕ ਹੋਰ ਪ੍ਰੇਮੀ ਭਾਈ ਬਿਸ਼ਨ ਸਿੰਘ ਨੂੰ ਸੰਬੋਧਨ ਕਰਕੇ ਬਾਬਾ ਜੀ ਨੇ ਕਿਹਾ-"ਸਾਨੂੰ ਇਸ ਵਕਤ ਮੌਤ ਨਹੀਂ ਦਿਸ ਰਹੀ, ਸਾਖਿਆਤ ਪਾਰਬ੍ਰਹਮ ਦੇ ਦਰਸ਼ਨ ਹੋ ਰਹੇ ਹਨ। ਸਤਿਸੰਗ ਤੇ ਗੁਰੂ ਦੀ ਕ੍ਰਿਪਾ ਨਾਲ ਸਾਨੂੰ ਅੰਤ ਕਾਲ ਭਿਆਨਕ ਨਹੀਂ ਪ੍ਰਤੀਤ ਹੋ ਰਿਹਾ। ਜਿਸ ਤਰ੍ਹਾਂ ਜੁਆਨੀ 'ਚ ਕਿਸੇ ਇਸਤ੍ਰੀ ਤੇ ਪੁਰਸ਼ ਨੂੰ ਵਿਆਹ ਦਾ ਅਨੰਦ ਪ੍ਰਤੀਤ ਹੁੰਦਾ ਹੈ, ਜਿਵੇਂ ਵਿਛੜੇ ਹੋਏ ਪੁਤਰ, ਸਬੰਧੀ ਤੇ ਮਿਤ੍ਰ ਦੇ ਮਿਲਨ ਨਾਲ ਪ੍ਰਸੰਨਤਾ ਹੁੰਦੀ ਹੈ, ਇਸੇ ਤਰ੍ਹਾਂ ਅਸੀਂ ਹੁਣ ਅੰਤ ਸਮਾਂ ਨੇੜੇ ਜਾਣਕੇ ਪ੍ਰਸੰਨ ਹੋ ਰਹੇ ਹਾਂ। ਅਸੀਂ ਹੁਣ ਵਾਹਿਗੁਰੂ ਵਿਚ ਲੀਨ ਹੋਣਾ ਹੈ।

ਉਸ ਵਕਤ ਇਹ ਉਪਦੇਸ਼ ਸ: ਜਵਾਹਰ ਸਿੰਘ ਨਲੂਆ ਵੀ ਸੁਣ ਰਿਹਾ ਸੀ । ਉਸ ਨੇ ਲਾਗੇ ਬੈਠੇ ਇਕ ਸਿਖ ਭਾਈ ਸਾਹਿਬ ਸਿੰਘ ਨੂੰ ਤਲਵਾਰ ਦੇ ਕੇ ਕਿਹਾ—

ਤੂੰ ਮੇਰੇ ਡੇਰੇ ਜਾਕੇ ਮੇਰੀ ਪਤਨੀ ਤੇ ਬਾਲ ਬਚਿਆਂ ਨੂੰ ਕਤਲ ਕਰ ਦੇ ਤਾਂਕਿ ਬੁਰਛੇ ਉਨ੍ਹਾਂ ਦੀ ਨਿਰਾਦਰੀ ਨਾ ਕਰਨ ।"

ਸਾਹਿਬ ਸਿੰਘ ਤਲਵਾਰ ਲੈਕੇ ਸ: ਜਵਾਹਰ ਸਿੰਘ ਦੇ ਡੇਰੇ ਗਿਆ, ਪਰ ਉਸਨੇ ਵੇਖਿਆ ਕਿ ਸ੍ਰਦਾਰ ਦਾ ਪ੍ਰਵਾਰ, ਇਕ ਟਹਿਲਣ ਤੇ ਭਾਈ ਕਾਹਨ ਸਿੰਘ ਅਰਦਲੀ ਦਰਿਆ ਵਿਚ ਗੋਡੇ ੨ ਪਾਣੀ 'ਚ ਖਲੋਤੇ ਕੰਬ ਰਹੇ ਹਨ । ਉਸਨੇ ਮਨ 'ਚ ਸੋਚਿਆ ਕਿ ਜੇ ਮੈਂ ਸ੍ਰਦਾਰ ਦੇ ਪ੍ਰਵਾਰ ਨੂੰ ਮਾਰ ਦੇਵਾਂ ਤੇ ਸ੍ਰਦਾਰ ਬਚ ਜਾਵੇ ਤਾਂ ਮੇਰਾ ਇਨ੍ਹਾਂ ਨੂੰ ਮਾਰਨਾ ਭਾਰਾ ਪਾਪ ਹੋਵੇਗਾ । ਉਸ ਵਕਤ ਸਾਹਿਬ ਸਿੰਘ ਦੇ ਮਨ ਵਿਚ ਬੜੀ ਦਇਆ ਆ ਗਈ । ਉਹ ਸ: ਜਵਾਹਰ ਸਿੰਘ ਦੀ ਇਸਤ੍ਰੀ ਤੇ ਬਚਿਆਂ ਨੂੰ ਮਾਰੇ ਬਿਨਾਂ ਵਾਪਸ ਮੁੜ ਆਇਆ ।

ਉਸ ਵਕਤ ਭਾਈ ਬਿਸ਼ਨ ਸਿੰਘ ਤੋਸ਼ੇਖਾਨੀਆਂ ਗੋਲੋ ਨਾਲ ਸਖਤ ਜ਼ਖਮੀ ਹੋ ਚੁਕਾ ਸੀ ਤੇ ਲੰਮੇ ਸਾਹ ਲੈ ਰਿਹਾ ਸੀ ।

ਇਕ ਸ੍ਰਦਾਰ ਨੇ ਉਸਨੂੰ ਪੁਛਿਆ—"ਇਸੇ ਲਈ ਸੰਤਾਂ ਪਾਸ ਆਇਆ ਸੈਂ ?"

ਭਾਈ ਬਿਸ਼ਨ ਸਿੰਘ ਨੇ ਉਤਰ ਦਿਤਾ—"ਬਾਬਾ ਜੀ ਦੇ ਚਰਨਾਂ ਵਿਚ ਮੇਰਾ ਮਰਨਾ ਸਰੀਰ ਤੇ ਜਨਮ ਸਫਲਾ ਕਰਨਾ ਹੈ ।"

ਕੁਝ ਚਿਰ ਪਿਛੋਂ ਉਹ ਚੜ੍ਹਾਈ ਕਰ ਗਿਆ ।

ਸੰਤ ਸਮੀਰ ਸਿੰਘ ਜੀ ਨੇ ਬਾਬਾ ਜੀ ਦੀ ਪ੍ਰੀਖਿਆ ਲਈ ਫਿਰ ਕਿਹਾ—"ਮਹਾਰਾਜ ! ਇਨ੍ਹਾਂ ਜ਼ਾਲਮਾਂ ਨੇ ਆਪ ਵਰਗੇ ਸਮ ਦ੍ਰਿਸ਼ਟੀ, ਨਿਰਵੈਰ, ਤਤਵੇਤਾ ਅਤੇ ਨਿਰਅਪਰਾਧ ਨੂੰ ਬਿਨਾਂ ਕਾਰਨ ਕਸ਼ਟ ਦਿਤਾ ਹੈ । ਬੁਰਛਿਆਂ ਨੇ ਆਪ ਦੇ ਸਾਥੀ ਗੁਰੂ-ਵੰਸ਼ ਸਾਹਿਬ-ਜ਼ਾਦੇ, ਸੈਂਕੜੇ ਸੰਤ ਸਾਧੂ ਤੇ ਸਿੰਘ ਮਾਰ ਦਿਤੇ ਹਨ । ਆਪ ਦਾ ਡੇਰਾ ਲੁਟ ਲਿਆ ਹੈ । ਇਨ੍ਹਾਂ ਪਾਪੀਆਂ ਨੇ ਆਪ ਵਰਗੇ ਮਹਾਂ ਪੁਰਸ਼ਾਂ ਨੂੰ

ਮਾਰਕੇ ਬ੍ਰਹਮ ਹਤਿਆ ਕੀਤੀ ਹੈ । ਇਨ੍ਹਾਂ ਨੂੰ ਕੋਈ ਦੰਡ ਮਿਲਣਾ ਚਾਹੀਦਾ ਹੈ । ਆਪ ਇਨ੍ਹਾਂ ਨੂੰ ਸਰਾਪ ਦਿਓ, ਤਾਂਕਿ ਇਹ ਖਤਮ ਹੋ ਜਾਣ ।

ਹੇ ਸੰਤ ਜੀ ! ਜਦ ਸਾਡੀ ਹੀ ਆਤਮਾ ਸਾਰਿਆਂ ਵਿਚ ਹੈ, ਤਦ ਅਸੀਂ ਕਿਸਨੂੰ ਸਰਾਪ ਦੇਵੀਏ ? ਸਾਨੂੰ ਦੁਖ ਦੇਣ ਵਾਲੇ ਵੀ ਤਾਂ ਆਪਣੇ ਹੀ ਹਨ । ਜਿਵੇਂ ਭੋਜਨ ਕਰਦਿਆਂ ਆਪਣੇ ਹੀ ਦੰਦਾਂ ਨਾਲ ਕਈ ਵੇਰ ਜੀਭ ਟੁਕੀ ਜਾਂਦੀ ਹੈ, ਪਰ ਕੋਈ ਸਿਆਣਾ ਆਦਮੀ ਪਥਰ ਮਾਰਕੇ ਆਪਣੇ ਦੰਦ ਨਹੀਂ ਭੰਨਦਾ । ਜੀਭ ਟੁਕਣ ਦਾ ਦੁਖ ਤੇ ਦੰਦ ਟੁਟਣ ਦਾ ਖੇਦ ਵੀ ਆਪਣੇ ਆਪਨੂੰ ਹੀ ਹੁੰਦਾ ਹੈ । ਪਰ ਕੋਈ ਬੁਧੀਮਾਨ ਇਹ ਗਲ ਨਹੀਂ ਕਰ ਸਕਦਾ । ਇਸ ਲਈ ਸਾਨੂੰ ਮਾਰਨ ਵਾਲੇ ਵੀ ਆਪਣੇ ਹੀ ਹਨ । ਅਸੀਂ ਕਿਸਨੂੰ ਮਾਰੀਏ ਤੇ ਕਿਸਨੂੰ ਸਰਾਪ ਦੇਈਏ ?

ਇਹ ਪਵਿਤ੍ਰ ਬਚਨ ਸੁਣਕੇ ਸੰਤ ਸਮੀਰ ਸਿੰਘ ਜੀ ਉਠ ਖਲੋਤੇ । ਉਨ੍ਹਾਂ ਨੇ ਬਾਬਾ ਜੀ ਦੇ ਦੁਵਾਲੇ ਤਿੰਨ ਪ੍ਰਕਰਮਾਂ ਕੀਤੀਆਂ ਫਿਰ ਉਨ੍ਹਾਂ ਦੇ ਚਰਨਾਂ ਉਤੇ ਮਥਾ ਟੇਕ ਕੇ ਕਹਿਣ ਲਗੇ—

"ਧਨ ਹੋ ਬਾਬਾ ਜੀ ! ਆਪ ਪੂਰਨ ਬ੍ਰਹਮ ਗਿਆਨੀ, ਨਿਰਵੈਰ, ਸਮ ਦ੍ਰਿਸ਼ਟੀ ਅਤੇ ਜੀਵਨ ਮੁਕਤ ਹੋ ।"

ਇਹ ਬਚਨ ਕਰਕੇ ਸੰਤ ਸਮੀਰ ਸਿੰਘ ਜੀ ਚਲੇ ਗਏ ।

ਬਾਬਾ ਜੀ ਪਲੰਘ ਉਤੇ ਬਿਰਾਜਮਾਨ ਹੋਏ ਸ਼ੇਰ ਵਾਂਗ ਗਜਕੇ ਬਚਨ ਕਰ ਰਹੇ ਸਨ ।

ਕਿਸੇ ਨੇ ਆਕੇ ਦਸਿਆ--"ਰਾਜ ਕੁਮਾਰ ਕਸ਼ਮੀਰਾ ਸਿੰਘ ਮਾਰਿਆ ਗਿਆ ਹੈ ਅਤੇ ਪਸ਼ੌਰਾ ਸਿੰਘ ਨਸ ਗਿਆ ਹੈ ।

ਤਦ ਬਾਬਾ ਜੀ ਨੇ ਹੱਸ ਕੇ ਕਿਹਾ—"ਮੂਸਾ ਭਜਾ ਮੌਤ ਤੋਂ ਅਗੇ ਮੌਤ ਖੜੀ ।" ਪਸ਼ੌਰਾ ਸਿੰਘ ਡਰਦਾ ਮਾਰਾ ਨਸ ਗਿਆ ਹੈ, ਪਰ ਬੁਰਛਿਆਂ ਦੇ ਕਾਬੂ ਆ ਕੇ ਮਾਰਿਆ ਜਾਏਗਾ ।

—o—

੧੭.

ਅਦੁਤੀ ਸ਼ਹੀਦੀ

ਬਾਬਾ ਜੀ ਦੇ ਹਜ਼ਾਰਾਂ ਸਾਥੀ ਸ਼ਾਂਤਮਈ ਰਹਿਕੇ ਸ਼ਹੀਦੀ ਪਾ ਗਏ। ਸੈਂਕੜੇ ਸਿਸਕਦੇ ਤੇ ਦਮ ਤੋੜ ਰਹੇ ਸਨ। ਉਸ ਵਕਤ ਤੋਪਾਂ ਦੇ ਗੋਲੇ ਅਤੇ ਬੰਦੂਕਾਂ ਦੀਆਂ ਗੋਲੀਆਂ ਬੰਦ ਹੋ ਗਈਆਂ। ਬਚੇ ਹੋਏ ਸਿੰਘ ਬਾਬਾ ਜੀ ਦੇ ਦੁਆਲੇ ਇਕਤਰ ਹੋ ਗਏ।

ਉਨ੍ਹਾਂ ਚੋਂ ਕਈਆਂ ਨੇ ਸਜਲ ਨੇਤਰ ਹੋਕੇ ਕਿਹਾ—

"ਸਾਨੂੰ ਵੀ ਆਪਣੇ ਨਾਲ ਬੈਕੁੰਠ ਧਾਮ ਨੂੰ ਲੈ ਚਲੋ।"

ਸਿੰਘਾਂ ਨੂੰ ਵਿਆਕੁਲ ਵੇਖਕੇ ਬਾਬਾ ਜੀ ਨੇ ਕਿਹਾ—

"ਖਾਲਸਾ ਜੀ! ਤੁਸੀਂ ਕਿਉਂ ਦੁਖੀ ਹੁੰਦੇ ਹੋ? ਅਸੀਂ ਜਿਨ੍ਹਾਂ ਨੂੰ ਨਾਲ ਲੈ ਚਲਣਾ ਹੈ, ਲੈ ਜਾਵਾਂਗੇ। ਜਿਨ੍ਹਾਂ ਨੂੰ ਨਹੀਂ ਲਿਜਾਣਾ, ਉਹ ਰਹਿਣਗੇ। ਤੁਸੀਂ ਹੁਣ ਸ੍ਰੀ ਵਾਹਿਗੁਰੂ ਦਾ ਜਾਪ ਕਰੋ। ਨਾਮ ਸਿਮਰਨ ਨਾਲ ਪਾਪ ਨਵਿਰਤ ਹੁੰਦੇ ਹਨ। ਸਾਰੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਹੁਣ ਸਾਡਾ ਅੰਤਮ ਸਮਾਂ ਨੇੜੇ ਆ ਗਿਆ ਹੈ। ਅਸੀਂ ਵੀ ਵਾਹਿਗੁਰੂ ਦਾ ਧਿਆਨ ਸਿਮਰਨ ਕਰਦੇ ਹਾਂ। ਤੁਸੀਂ ਵੀ ਉਸ ਨਾਲ ਜੁੜੋ।"

ਬਾਬਾ ਜੀ ਨੇ ਆਪਣੇ ਜਾਨਸ਼ੀਨ ਬਾਬਾ ਮਹਾਰਾਜ ਸਿੰਘ ਜੀ ਨੂੰ ਕਿਹਾ—"ਤੁਸੀਂ ਡੇਰੇ (ਨੌਰੰਗਾਬਾਦ) ਜਾਕੇ ਆਏ ਗਏ ਸਾਧੂ ਸੰਤਾਂ ਦੀ ਸੇਵਾ ਕਰੋ ਅਤੇ ਡੇਰੇ ਦਾ ਕੰਮ ਚਲਾਓ।"

ਉਸ ਵਕਤ ਬਾਬਾ ਜੀ ਦੇ ਪਾਸ ਜੇਹੜੇ ਗ੍ਰਿਹਸਤੀ ਸਿਖ ਬੈਠੇ

ਸਨ, ਉਨ੍ਹਾਂ ਨੂੰ ਸੰਬੋਧਨ ਕਰਕੇ ਆਪ ਨੇ ਬਚਨ ਕੀਤਾ—

"ਤੁਸੀਂ ਆਪਣੇ ਘਰਾਂ ਵਿਚ ਜਾਕੇ ਸਤ ਧਰਮ ਦੀ ਕਮਾਈ ਕਰੋ। ਆਪ ਛਕੋ ਤੇ ਸਾਧ ਸੰਗਤ ਦੀ ਸੇਵਾ ਕਰੋ।"

ਫਿਰ ਇਕ ਸਿੰਘ ਨੇ ਬੇਨਤੀ ਕੀਤੀ-"ਮਹਾਰਾਜ ! ਬੁਰਛਿਆਂ ਨੇ ਆਪ ਤੇ ਬੜਾ ਜ਼ੁਲਮ ਕੀਤਾ ਹੈ। ਆਪ ਨੂੰ ਬੜਾ ਦੁਖ ਦਿਤਾ ਹੈ। ਇਨ੍ਹਾਂ ਨੂੰ ਕੋਈ ਸਰਾਪ ਹੀ ਦਿਉ।"

ਬਾਬਾ ਜੀ—"ਅਸੀਂ ਇਨ੍ਹਾਂ ਨੂੰ ਕੋਈ ਸਰਾਪ ਨਹੀਂ ਦੇਣਾ। ਜਿਸ ਤਰ੍ਹਾਂ ਕਿਸੇ ਦੇ ਮਿਤ੍ਰ ਨੂੰ ਕੋਈ ਦੁਖ ਦੇਵੇ ਤੇ ਦੁਖੀ ਚੁਪ ਕਰ ਰਹੇ, ਉਸ ਦਾ ਜੁਆਬ ਮਿਤ੍ਰ ਦੇਵੇ ਤਾਂ ਉਸ ਦੀ ਰਜ਼ਾ। ਸਾਡਾ ਤਾਂ ਕੁਝ ਵਿਗੜਿਆ ਨਹੀਂ ਕਿ ਅਸੀਂ ਇਨ੍ਹਾਂ ਨੂੰ ਸਰਾਪ ਦੇਵੀਏ। ਸਾਥੋਂ ਚਿੜਕੇ ਸਾਡਾ ਮਿਤ੍ਰ ਵਾਹਿਗੁਰੂ ਇਨ੍ਹਾਂ ਨੂੰ ਸਜਾ ਦੇਵੇ ਤਾਂ ਉਸ ਦੀ ਮਰਜੀ ਹੈ। ਅਸੀਂ ਤਾਂ ਇਨ੍ਹਾਂ ਬੁਰਛਿਆਂ ਨੂੰ ਕੋਈ ਸਰਾਪ ਨਹੀਂ ਦੇਣਾ। ਦਸੋ ਸਾਡਾ ਕੀ ਵਿਗੜਿਆ ਹੈ ? ਅਸੀਂ ਇਹ ਮਲ ਮੂਤਰ ਦਾ ਠੀਕਰਾ ਇਨ੍ਹਾਂ ਦੇ ਸਿਰ ਭੰਨਣਾ ਸੀ।"

ਬਾਬਾ ਜੀ ਦਾ ਹਜ਼ੂਰੀ ਸੇਵਕ ਭਾਈ ਮੋਹਰ ਸਿੰਘ ਉਨਾਂ ਦੀ ਸ਼ਹੀਦੀ ਦਾ ਅੱਖੀਂ ਡਿਠਾ ਅੰਤਮ ਦ੍ਰਿਸ਼ ਇਉਂ ਪੇਸ਼ ਕਰਦਾ ਹੈ—

ਸ: ਜਵਾਹਰ ਸਿੰਘ ਹਰੀ ਸਿੰਘ ਨਲੂਏ ਦਾ ਪੁਤਰ ਮੈਥੋਂ ਜਲ ਲੈਕੇ ਭੁੰਜੇ ਪੋਚਾ ਪਾਣ ਲਗ ਪਿਆ। ਭਾਈ ਵਜ਼ੀਰ ਸਿੰਘ ਤੋਸ਼ੇਖਾਨੀਆ ਵੀ ਉਸ ਦੇ ਨਾਲ ਸੀ।

ਇਹ ਵੇਖਕੇ ਬਾਬਾ ਜੀ ਨੇ ਬਚਨ ਕੀਤਾ—

ਸਾਡਾ ਸਰੀਰ ਪਲੰਘ ਉਤੇ ਹੀ ਛੁਟ ਜਾਏ। ਭੁੰਜੇ ਨਹੀਂ ਲਾਹੁਣਾ। ਸਸਕਾਰ ਨਹੀਂ ਕਰਨਾ। ਪਲੰਘ ਸਣੇ ਜਲ ਪ੍ਰਵਾਹ ਕਰ ਦੇਣਾ। ਉਪਰ ਕੋਈ ਬਸਤਰ ਨਹੀਂ ਪਾਉਣਾ। ਜਿਧਰ ਸਾਰੀ ਸੰਗਤ ਗਈ ਹੈ, ਉਧਰ ਹੀ ਅਸੀਂ ਵੀ ਜ਼ਾਣਾ ਹੈ।"

ਬਾਬਾ ਜੀ ਨੇ ਫਿਰ ਕਿਹਾ—"ਖਾਲਸਾ ਜੀ ! ਭਾਈ ਜੱਸ ਹੁਰੀਂ

ਕਿਥੇ ਹੈਨ ?"

ਸਿੰਘਾਂ ਨੇ ਉਤਰ ਦਿਤਾ--"ਮਹਾਰਾਜ ! ਉਹ ਤਾਂ ਤੋਪਾਂ ਦੇ ਗੋਲਿਆਂ ਤੋਂ ਡਰਦੇ ਮਾਰੇ ਢਾਹੇ ਉਤੇ ਬੈਠੇ ਹਨ । ਉਨ੍ਹਾਂ ਦੇ ਸਿਰੰਦੇ ਬੁਰਛਿਆਂ ਨੇ ਖੋਹ ਲੀਤੇ ਹਨ ।"

ਬਾਬਾ ਜੀ--"ਖਾਲਸਾ ਜੀ ! ਜਾਉ ਉਨ੍ਹਾਂ ਨੂੰ ਸਦ ਕੇ ਲਿਆਉ ।"

ਸਿੰਘ ਜਾਕੇ ਭਾਈ ਜੱਸ ਰਬਾਬੀ ਨੂੰ ਸੱਦ ਲਿਆਏ । ਉਹ ਆਕੇ ਬਾਬਾ ਜੀ ਦੇ ਕੋਲ ਬੈਠ ਗਿਆ ।

ਬਾਬਾ ਜੀ ਨੇ ਕਿਹਾ--"ਭਾਈ ਜੱਸ ਜੀ ਮਾਰੂ ਰਾਗ ਦੇ ਸ਼ਬਦ ਪੜ੍ਹੋ ।"

ਭਾਈ ਜੱਸ--"ਮਹਾਰਾਜ ! ਮੇਰੇ ਪਾਸ ਸਾਜ਼ ਕੋਈ ਨਹੀਂ । ਉਹ ਸਾਰੇ ਬੁਰਛਿਆਂ ਨੇ ਲੁਟ ਲਏ ਹਨ ।"

ਬਾਬਾ ਜੀ--"ਗੁਰੂ ਦਾ ਸ਼ਬਦ ਤਾਂ ਤੁਹਾਡੇ ਪਾਸ ਹੈ, ਉਸ ਦਾ ਕੀਰਤਨ ਕਰੋ ।"

ਭਾਈ ਜੱਸ ਨੇ ਮਾਰੂ ਰਾਗ ਦੇ ਇਹ ਦੋ ਸ਼ਬਦ ਗਾਇਨ ਕੀਤੇ--

ਮਾਰੂ ਮਹਲਾ ੫ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸ਼ਗਲੀ ਧਾਈ ॥੧॥ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ । ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥ ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਣ

ਓਟਾਈ ॥ ਨਾਨਕ ਜਸ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥

ਮਾਰੂ ਮਹਲਾ ੫ ॥

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਵਣਜੇ ਲਾਦਿਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਆਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥ ੨ ॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ ॥੩॥ ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥

ਦੁਪਹਿਰ ਢਲ ਰਹੀ । ਸਾਰੰਗ ਗਾਉਂਣ ਦਾ ਸਮਾਂ ਸੀ। ਭਾਈ ਜੱਸ ਨੇ ਸਾਰੰਗ ਰਾਗ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਤਿ ਕੋਮਲ, ਭਾਵ ਪੂਰਤ ਤੇ ਰਸਦਾਇਕ ਇਹ ਸ਼ਬਦ ਬੜੀ ਮਿਠੀ ਸੁਰ ਨਾਲ ਸਾਰੰਗ ਰਾਗ ਵਿਚ ਗਾਇਆ—

ਸਾਰੰਗ ਮਹਲਾ ੫ ॥

ਅਬ ਮੋਰੋ ਨਾਚਨੋ ਰਹੋ ॥ ਲਾਲ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥੧॥ਰਹਾਉ॥ ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ ॥ ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ ॥੧॥ ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥ ਜਬ ਤੇ ਸੁਧ ਭਏ ਹੈ ਬਾਰਹਿ ਤਬ

ਤੇ ਥਾਨ ਥਿਰੋ ॥੨॥ ਜਉ ਦਿਨੁ ਰੈਨਿ ਤਊ ਲਉ ਬਜਿਓ
ਮੂਰਤ ਘਰੀ ਪਲੋ ॥ ਬਜਾਵਨਹਾਰੋ ਊਠਿ ਸਿਧਾਰਿਓ
ਤਬ ਫਿਰਿ ਬਾਜੁ ਨ ਭਇਓ॥੩॥ਜੈਸੇ ਕੁੰਭ ਉਦਕਿ ਪੂਰਿ
ਆਨਿਓ ਤਬ ਉਹੁ ਭਿੰਨ ਦ੍ਰਿਸਟੋ ॥ ਕਹੁ ਨਾਨਕ ਕੁੰਭ
ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ ॥੪॥੩॥

ਭਾਵਾਰਥ—ਹੁਣ ਮੇਰਾ ਨਚਣਾ ਭਟਕਣਾ ਮੁਕ ਗਿਆ ਹੈ। ਗੁਰੂ ਦੇ ਬਚਨ ਨਾਲ ਲਾਲ ਰੰਗੀਲਾ ਵਾਹਿਗੁਰੂ ਸਹਿਜੇ ਹੀ ਪ੍ਰਾਪਤ ਕਰ ਲਿਆ। ਜਿਸ ਤਰ੍ਹਾਂ ਕੁਆਰੀ ਲੜਕੀ ਸਹੇਲੀਆਂ ਨਾਲ ਹੱਸ ਹੱਸ ਕੇ ਪ੍ਰੀਤਮ ਦੀਆਂ ਗੱਲਾਂ ਕਰਦੀ ਹੈ, ਪਰ ਜਦ ਪਤੀ ਘਰ ਵਿਚ ਆ ਜਾਂਦਾ ਹੈ, ਉਸ ਵਕਤ ਲਜਿਆ ਨਾਲ ਮੂੰਹ ਕਜ ਲੈਂਦੀ ਹੈ। ਜਿਵੇਂ ਸੋਨਾ ਕੁਠਾਲੀ ਵਿਚ ਕਮਲਾ ਹੋਇਆ ਫਿਰਦਾ ਹੈ, ਪਰ ਬਾਰਾਂ ਵੰਨੀ ਦਾ ਸੁਧ ਹੋਣ ਪਰ ਸਥਿਰ ਹੋ ਜਾਂਦਾ ਹੈ।

ਜਦ ਤੀਕ ਜੀਵਨ ਦੀ ਰਾਤ ਹੈ, ਮਨੁਖ ਉਮਰ ਰੂਪ ਘੜਿਆਲ ਦੀਆਂ ਘੜੀਆਂ ਤੇ ਘੜੀਆਂ ਦੇ ਪਲ ਵਜ਼ਾਈ ਜਾਂਦਾ ਹੈ। ਜਦ ਵਜੰਤਰੀ ਜੀਵਾਤਮਾ ਤੁਰ ਪਿਆ, ਉਸ ਵਕਤ ਘੜਿਆਲ ਵਜਣਾ ਬੰਦ ਹੋ ਜਾਂਦਾ ਹੈ।

ਅੰਤਮ ਤੁਕ ਵਿਚ ਗੁਰਦੇਵ ਕਹਿੰਦੇ ਹਨ, ਜਿਸ ਤਰ੍ਹਾਂ ਘੜੇ ਵਿਚ ਜਲ ਭਰ ਕੇ ਲਿਆਈਏ ਤਾਂ ਉਹ ਵਖਰਾ ਪ੍ਰਤੀਤ ਹੁੰਦਾ ਹੈ, ਪਰ ਜੇ ਉਸ ਜਲ ਨੂੰ ਹੋਰ ਜਲ ਨਾਲ ਮਿਲਾ ਦੇਈਏ ਤਾਂ ਉਸਦਾ ਰੂਪ ਹੋ ਜਾਂਦਾ ਹੈ।

ਇਸੇ ਤਰ੍ਹਾਂ ਜੀਵਾਤਮਾ ਤੇ ਪ੍ਰਮਾਤਮਾ ਇਕੋ ਹਨ। ਜਦ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ, ਉਸ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ।

ਉਸ ਵਕਤ ਭਾਈ ਮੋਹਰ ਸਿੰਘ ਨੇ ਬਾਬਾ ਜੀ ਦੇ ਆਲੇ ਦੁਆਲੇ ਪਏ ਜ਼ਖ਼ਮੀਆਂ ਨੂੰ ਜਲ ਛਕਾਇਆ। ਇਸਦੇ ਬਾਹਦ ਬਾਬਾ ਜੀ ਨੇ ਵੀ ਜਲ ਛਕਿਆ। ਹੌਲੀ ਹੌਲੀ ਆਪਦਾ ਸਰੀਰ ਠੰਢਾ ਹੋਣ

ਲੱਗ ਪਿਆ। ਨਬਜ਼ ਮੱਧਮ ਪੈ ਗਈ।

ਭਾਈ ਮੋਹਰ ਸਿੰਘ ਸੰਤ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦੇ ਅੰਤਮ ਦਰਦਨਾਕ ਦ੍ਰਿਸ਼ ਨੂੰ ਇਸ ਤਰ੍ਹਾਂ ਵਰਨਣ ਕਰਦਾ ਹੈ—

"ਬਾਬਾ ਜੀ ਨੇ ਸਰਬਤ ਖਾਲਸੇ ਨੂੰ ਸੀਸ ਫੇਰ ਕੇ, ਜੋ ਜ਼ਖਮੀ ਸੀ, ਭੰਨੇ ਟੁਟੇ ਸਨ, ਦਰਸ਼ਨ ਦਿਤਾ। ਫਿਰ ਮਲਮਲ ਦਾ ਦੁਪੱਟਾ ਤਾਣਕੇ ਬਿਰਾਜ ਗਏ। ਲੱਤ ਉਡੀ ਹੋਈ ਨਿਸਰ ਕਰ ਲਈ। ਸਾਹਿਬ ਲਗੇ ਦੇਹ ਛਡਣ। ਪਹਿਲਾਂ ਚਰਨਾਂ ਤੋਂ ਸੁਆਸ ਖਿਚੇ ਤਾਂ ਚਰਨ ਜ਼ਰਾ ਜ਼ਰਾ ਹਿਲੇ। ਫੇਰ ਪਿੰਨੀਆਂ ਵਿਚੋਂ ਖਿਚੇ ਤਾਂ ਪਿੰਨੀਆਂ ਹਿਲੀਆਂ। ਜਦ ਪੇਟ ਚੋਂ ਸੁਆਸ ਖਿਚੇ ਤਾਂ ਪੇਟ ਹਿਲਿਆ। ਫਿਰ ਸੁਆਸ ਮੁਖ ਵਿਚ ਲਿਆਂਦੇ।

ਫਿਰ ਮੁਖ ਤੋਂ ਪੱਲਾ ਲਾਹ ਕੇ ਦੀਦਾਰ ਦਿਤਾ। ਮਹਾਰਾਜ ਸਿੰਘ ਤੇ ਆਪ ਦੇ ਨੇਤਰਾਂ ਦਾ ਦੋ ਚੱਪੇ ਫਰਕ ਸੀ। ਉਹ ਪਲੰਘ ਦੀ ਬਾਹੀ ਤੇ ਕੁਬੇ ਖਲੋਤਾ ਪਖਾ ਕਰ ਰਹੇ ਸਨ।

ਸੰਤ ਬਾਬਾ ਬੀਰ ਸਿੰਘ ਜੀ ਨੇ ਆਪਣੇ ਨੇਤਰਾਂ ਦੀ ਜੋਤਿ ਬਾਬਾ ਮਹਾਰਾਜ ਸਿੰਘ ਦੇ ਨੇਤ੍ਰਾਂ ਨਾਲ ਮਿਲਾਈ। ਫਿਰ ਗੁਰਬਾਣੀ ਦੇ ਇਸ ਮਹਾਨ ਵਾਕ--

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ।

ਅਨੁਸਾਰ ਮਿਤੀ 27 ਵਿਸਾਖ ਸੰਮਤ 1901 ਬਿ: ਦਿਨ ਮੰਗਲਵਾਰ ਨੂੰ ਦਰਿਆ ਸਤਲੁਜ ਦੇ ਕੰਢੇ 76 ਸਾਲ ਦੀ ਪਵਿਤ੍ਰ ਜੀਵਨ ਯਾਤਰਾ ਸਫਲ ਕਰਦੇ ਹੋਏ ਸਰਬ ਸ਼ਕਤੀਮਾਨ ਸ੍ਰੀ ਵਾਹਿਗੁਰੂ ਵਿਚ ਲੀਨ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਲੇਖਕ ਮੁਨਸ਼ੀ ਸੋਹਨ ਲਾਲ ਨੇ ਬਾਬਾ ਜੀ ਦੀ ਸ਼ਹਾਦਤ ਬਾਰੇ ਲਿਖਿਆ ਹੈ--

ਵਾਹਿਗੁਰੂ ਮੀ ਗੁਫ਼ਤ ਜ਼ਬਾਨਸ
ਦਰ ਵਕਤੇ ਨਜ਼ਾਹ।

ਭਾਵ—ਅੰਤ ਸਮੇਂ ਬਾਬਾ ਜੀ ਸ੍ਰੀ ਵਾਹਿਗੁਰੂ ਦਾ ਜਾਪ ਕਰਦੇ ਹੋਏ ਸਮਾ ਗਏ।

ਪੰਡਤ ਸ਼ੇਰ ਸਿੰਘ ਜੀ ਲਿਖਦੇ ਹਨ ਕਿ ਉਸ ਵਕਤ ਕਈ ਸਿੰਘ ਵਾਹਿਗੁਰੂ ਦੇ ਭਾਣੇ ਵਿਚ ਰਾਜ਼ੀ ਸਨ ਪਰ ਕਈ ਰੁਦਨ ਕਰ ਰਹੇ ਹਨ। ਆਪ ਦੀ ਸ਼ਹਾਦਤ ਸਿਖ ਇਤਿਹਾਸ ਵਿਚ ਹੀ ਨਹੀਂ, ਬਲਕਿ ਸੰਸਾਰ ਦੇ ਪ੍ਰਸਿਧ ਮਹਾਂ ਪੁਰਖਾਂ ਦੇ ਇਤਿਹਾਸ ਵਿਚ ਇਕ ਅਦੁਤੀ ਸਾਕਾ ਅਰਥਾਤ ਟਰੇਜਡੀ ਹੈ।

ਬਾਬਾ ਜੀ ਦੇ ਸਚਖੰਡ ਪਧਾਰਨ ਪਿਛੋਂ ਜਿਹੜੀ ਸੰਗਤ ਆਈ ਉਸਨੇ ਬਾਬਾ ਮਹਾਰਾਜ ਸਿੰਘ ਜੀ ਨੂੰ ਉਨ੍ਹਾਂ ਦਾ ਜਾਨਸ਼ੀ ਸਮਝ ਕੇ ਨਮਸਕਾਰ ਕੀਤੀ। ਉਸ ਵਕਤ ਹਜ਼ਾਰਾਂ ਨੇਤ੍ਰਾਂ ਵਿਚ ਹੰਝੂ ਸਨ।

ਲਾਹੌਰ ਦਰਬਾਰ ਦੀ ਭੇਜੀ ਹੋਈ ਫੌਜ ਵਿਚੋਂ ਕਈ ਬੁਰਛੇ ਉਨ੍ਹਾਂ ਦਾ ਸੀਸ ਵਢ ਕੇ ਲਿਜਾਣਾ ਚਾਹੁੰਦੇ ਸਨ। ਇਸ ਲਈ ਸ: ਜਵਾਹਰ ਸਿੰਘ ਨਲੂਏ, ਭਾਈ ਜੋਧ ਸਿੰਘ ਅਕਾਲ ਬੁੰਗੀਏ, ਭਾਈ ਮਖਣ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ ਤੇ ਬਾਬਾ ਮਹਾਰਾਜ ਸਿੰਘ ਨੇ ਮਿਲਕੇ ਸਲਾਹ ਕੀਤੀ ਕਿ ਸੰਤਾਂ ਦੇ ਸਰੀਰ ਨੂੰ ਉਨ੍ਹਾਂ ਦੇ ਹੁਕਮ ਅਨੁਸਾਰ ਛੇਤੀ ਜਲ ਪ੍ਰਵਾਹ ਕਰ ਦਿਤਾ ਜਾਏ। ਬੁਰਛਿਆਂ ਤੋਂ ਡਰਦੇ ਮਾਰੇ ਉਨ੍ਹਾਂ ਨੇ ਬਾਬਾ ਜੀ ਦਾ ਪਲੰਘ ਚੁਕ ਲਿਆ ਅਤੇ ਜਲ ਪ੍ਰਵਾਹ ਕਰਨ ਲਈ ਭਜਕੇ ਦਰਿਆ ਦੇ ਕੰਢੇ ਤੇ ਪੁਜੇ।

ਜਦ ਬੁਰਛਿਆਂ ਨੂੰ ਇਸ ਗੱਲ ਦੀ ਖਬਰ ਹੋਈ, ਤਦ ਉਨ੍ਹਾਂ ਨੇ ਪਲੰਘ ਰੋਕ ਲਿਆ। ਘੋੜ ਚੜ੍ਹੇ ਤੇ ਜੋ ਡੇਰਾ ਸੀ, ਭਜ ਕੇ ਆ ਗਏ। ਸਾਰੀ ਸਾਧ ਸੰਗਤ ਤੇ ਡੇਰੇ ਦੇ ਸਿੰਘ ਅੰਤਮ ਦਰਸ਼ਨ ਕਰਨ ਲਈ ਚਲ ਕੇ ਆ ਗਏ।

ਉਸ ਵਕਤ ਲਾਹੌਰ ਦਰਬਾਰ ਦੀਆਂ ਫੌਜਾਂ ਵਿਚੋਂ ਕਈ ਸਿਪਾਹੀਆਂ ਨੇ ਬੜਾ ਅਫਸੋਸ ਕੀਤਾ ਅਤੇ ਕਿਹਾ—

"ਸਾਥੋਂ ਜੋ ਪਾਪ ਹੋਣਾ ਸੀ, ਉਹ ਹੋ ਗਿਆ ਹੈ। ਪਰ ਇਹ ਕਾਲਖ

ਟਿਕਾ ਸਾਡੇ ਮੱਥੇ ਤੇ ਸਦਾ ਲਈ ਲਗਾ ਰਹੇਗਾ।"

ਇਕ ਪਾਸੇ ਬਾਬਾ ਜੀ ਦੇ ਪਰੇਮੀ ਰੋਂਦੇ ਸਨ। ਦੂਜੇ ਪਾਸੇ ਉਨ੍ਹਾਂ ਨੂੰ ਮਾਰਨ ਵਾਲੇ ਰੋ ਰਹੇ ਸਨ। ਉਹ ਕਹਿੰਦੇ ਸਨ–

"ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ ਹੈ। ਸਾਨੂੰ ਪਲੰਘ ਲਾਹ ਕੇ ਮਹਾਰਾਜ ਦੇ ਦਰਸ਼ਨ ਕਰਵਾਓ। ਅਸੀਂ ਸੁਗੰਧ ਖਾਕੇ ਕਹਿੰਦੇ ਹਾਂ ਕਿ ਅਸੀਂ ਭੁਲ ਦੀ ਖਿਮਾ ਮੰਗਦੇ ਹਾਂ।"

ਸਿੰਘਾਂ ਨੇ ਪਲੰਘ ਲਾਹੁਣ ਤੋਂ ਇਨਕਾਰ ਕਰਦੇ ਹੋਏ ਕਿਹਾ–

"ਤੁਸੀਂ ਮਹਾਰਾਜ ਦੀ ਬਿਅਦਬੀ ਕਰੋਗੇ,।"

ਡੋਗਰਿਆਂ ਦੇ ਫੌਜੀਆਂ ਨੇ ਕਿਹਾ–"ਕੀ ਅਸੀ ਹੁਣ ਬਿਅਦਬੀ ਕਰਨ ਦੇ ਯੋਗ ਰਹਿ ਗਏ ਹਾਂ? ਨਹੀਂ।"

ਫਿਰ ਸਿੰਘਾਂ ਨੇ ਪਲੰਘ ਲਾਹਿਆ ਤੇ ਬਾਬਾ ਜੀ ਦੇ ਮੁਖ ਤੋਂ ਦੁਪੱਟਾ ਵੀ ਲਾਹ ਦਿਤਾ। ਚਾਰ ਚੁਫੇਰੇ ਸੰਗਤ ਨੇ ਖਲੋਕੇ ਅੰਤਮ ਦਰਸ਼ਨ ਕੀਤੇ। ਬਾਬਾ ਜੀ ਦੇ ਮੁਖਾਰਬਿੰਦ ਤੇ ਲਾਲੀ ਦਗ ਦਗ ਕਰਦੀ ਸੀ। ਸੰਗਤ ਨੇ ਦਰਸ਼ਨ ਕਰਕੇ ਬਹੁਤ ਵੈਰਾਗ ਕੀਤਾ ਦਰਸ਼ਕਾਂ ਦੇ ਦਿਲਾਂ ਵਿਚ ਦਰਦ ਅਤੇ ਨੇਤ੍ਰਾਂ ਵਿਚ ਹੰਝੂ ਸਨ।

ਦਰਸ਼ਨ ਕਰਾਉਣ ਦੇ ਬਾਹਦ ਸਿੰਘਾਂ ਨੇ ਫਿਰ ਪਲੰਘ ਚੁਕ ਲਿਆ ਤੇ ਮ੍ਰਿਤਕ ਸਰੀਰ ਨੂੰ ਜਲ ਪ੍ਰਵਾਹ ਕਰਨ ਲਈ ਦਰਿਆ ਸਤਲੁਜ ਦੇ ਕੰਢੇ ਉਤੇ ਲੈ ਗਏ।

ਆਖਰ ਸ: ਜਵਾਹਰ ਸਿੰਘ ਨਲੂਏ, ਬਾਬਾ ਮਹਾਰਾਜ ਸਿੰਘ ਭਾਈ ਜੋਧ ਸਿੰਘ ਅਕਾਲ ਬੁੰਗੀਏ ਅਤੇ ਭਾਈ ਮੋਹਰ ਸਿੰਘ ਨ ਸੰਗਤਾਂ ਸਮੇਤ ਅਰਦਾਸਾ ਸੋਧ ਕੇ ਬਾਬਾ ਜੀ ਦਾ ਮ੍ਰਿਤਕ ਸਰੀਰ ਜਲ ਪ੍ਰਵਾਹ ਕਰ ਦਿਤਾ।

ਉਸ ਵਕਤ ਸੈਂਕੜੇ ਸਿੰਘਾਂ ਨੇ ਦਰਿਆ 'ਚ ਛਾਲਾਂ ਮਾਰਨ ਦੀ ਕੋਸ਼ਿਸ਼ ਕੀਤੀ। ਸ: ਜਵਾਹਰ ਸਿੰਘ ਨਲੂਏ ਨੇ ਕਈ ਸਿੰਘਾਂ ਨੂੰ ਛਾਲਾਂ ਮਾਰਨ ਤੋਂ ਰੋਕਿਆ। ਕਈ ਸਿੰਘ ਜਲ 'ਚੋਂ ਕਢਕੇ ਬਾਹਰ ਲਿਆਂਦੇ

ਗਏ । ਉਸ ਵਕਤ ਸ: ਜਵਾਹਰ ਸਿੰਘ ਨੇ ਬੜੇ ਦਰਦਨਾਕ ਸ਼ਬਦਾਂ ਵਿਚ ਕਿਹਾ—

"ਖਾਲਸਾ ਜੀ ! ਬਾਬਾ ਜੀ ਨੇ ਜਿਨ੍ਹਾਂ ਨੂੰ ਨਾਲ ਲੈ ਜਾਣਾ ਸੀ, ਉਨ੍ਹਾਂ ਨੂੰ ਨਾਲ ਲੈ ਗਏ ਹਨ । ਤੁਸੀਂ ਹੁਣ ਕਾਹਦੇ ਲਈ ਡੁਬ ਕੇ ਮਰਦੇ ਹੋ ? ਜਿਹੜੇ ਜ਼ਖਮੀ ਹਨ ਤੇ ਬਚ ਨਹੀਂ ਸਕਦੇ, ਉਨ੍ਹਾਂ ਨੂੰ ਜਾਣ ਦਿਉ । ਜਿਹੜੇ ਰਾਜ਼ੀ ਹਨ, ਉਨ੍ਹਾਂ ਨੂੰ ਧੂਹ ਲਿਆਓ ।"

ਸ: ਜਵਾਹਰ ਸਿੰਘ ਜੀ ਦੇ ਇਸ ਹੁਕਮ ਅਨੁਸਾਰ ਜਿਹੜੇ ਜ਼ਖਮੀ ਸਨ । ਉਹ ਜਲ ਪ੍ਰਵਾਹ ਕਰ ਦਿਤੇ ਗਏ ਅਤੇ ਜਿਹੜੇ ਰਾਜ਼ੀ ਸਨ ਉਨ੍ਹਾਂ ਨੂੰ ਕਢ ਲਿਆ ਗਿਆ ।

ਬਾਬਾ ਜੀ ਦੇ ਸਰੀਰ ਨੂੰ ਜਲ ਪ੍ਰਵਾਹ ਕਰਕੇ ਬਾਬਾ ਮਹਾਰਾਜ ਸਿੰਘ, ਸੰਤ ਫੂਲ ਸਿੰਘ, ਭਾਈ ਮੋਹਰ ਸਿੰਘ ਅਤੇ ਹੋਰ ਸਿੰਘਾਂ ਨੇ ਨੌਰੰਗਾਬਾਦ ਜਾਣ ਦੀ ਤਿਆਰੀ ਕਰ ਲਈ ।

ਬਾਬਾ ਜੀ ਦਾ ਪਲੰਘ ਮੁਨਿਆਂ ਵਾਲੇ ਦੇ ਲਾਗੇ ਡੇਢ ਕੋਹ ਤੇ ਦਰਿਆ ਦੇ ਕੰਢੇ ਬੂਹਿਆਂ ਵਿਚ ਜਾਕੇ ਅੜ ਗਿਆ ।

ਕਹਿੰਦੇ ਹਨ ਕਿ ਭਾਈ ਗੰਡਾ ਸਿੰਘ ਨਿਹੰਗ ਹੁਡਿਆਰਾ ਨੂੰ ਬਾਬਾ ਜੀ ਨੇ ਸੁਪਨੇ ਵਿਚ ਦਰਸ਼ਨ ਦਿਤੇ ਤੇ ਕਿਹਾ-"ਮੇਰਾ ਸਰੀਰ ਫਲਾਣੀ ਥਾਂ ਤੇ ਹੈ, ਉਸਨੂੰ ਕਢਕੇ ਦਾਹ ਕਰ ਦਿਓ ।"

ਭਾਈ ਗੰਡਾ ਸਿੰਘ ਦੇ ਕਹਿਣ ਪਰ ਪੰਜ ਸੌ ਸਿੰਘ ਬਾਬਾ ਜੀ ਦੇ ਮ੍ਰਿਤਕ ਸਰੀਰ ਦੀ ਭਾਲ ਕਰਨ ਲਈ ਤੁਰ ਪਏ । ਉਨ੍ਹਾਂ ਨੂੰ ਬਾਬਾ ਜੀ ਦੇ ਵਡੇ ਭਰਾ ਭਾਈ ਗੁਰਮੁਖ ਸਿੰਘ ਦਾ ਜਰੀਰ ਮਿਲਿਆ । ਦੋਹਾਂ ਭਰਾਵਾਂ ਦਾ ਮੁਹਾਂਦਰਾ ਆਪਸ ਵਿਚ ਮਿਲਦਾ ਸੀ, ਇਸ ਲਈ ਭਾਈ ਗੁਰਮੁਖ ਸਿੰਘ ਦੇ ਸਰੀਰ ਨੂੰ ਬਾਬਾ ਜੀ ਦਾ ਮ੍ਰਿਤਕ ਸਰੀਰ ਸਮਝਿਆ ਗਿਆ । ਪਰ ਬਾਬਾ ਜੀ ਦੇ ਨਿਕਟ ਵਰਤੀ ਸਿੰਘਾਂ ਨੇ ਭੁਲੇਖਾ ਦੂਰ ਕਰ ਦਿਤਾ । ਉਨ੍ਹਾਂ ਦਸਿਆ ਕਿ ਇਹ ਭਾਈ ਗੁਰਮੁਖ ਸਿੰਘ ਦਾ ਸਰੀਰ ਹੈ । ਇਸ ਪਰ ਫਿਰ ਉਸ ਨੂੰ ਜਲ ਪ੍ਰਵਾਹ ਕਰ ਦਿਤਾ ਗਿਆ ।

ਕਈ ਸਿੰਘ ਬਾਬਾ ਜੀ ਦੇ ਮ੍ਰਿਤਕ ਸਰੀਰ ਦੀ ਤਲਾਸ਼ ਲਈ ਤੁਰ ਪਏ। ਅਖੀਰ ਦਰਿਆ ਸਤਲੁਜ ਦੇ ਕੰਢੇ ਤੇ ਬੂਝਿਆਂ ਵਿਚ ਅੜਿਆ ਹੋਇਆ ਸਰੀਰ ਮਿਲ ਹੀ ਗਿਆ। ਜਲ ਵਿਚੋਂ ਕਢ ਕੇ ਬਾਹਰ ਲਿਆ ਰਖਿਆ।

ਭਾਈ ਗੰਡਾ ਸਿੰਘ ਨਿਹੰਗ ਨੇ ਪੰਜ ਸਵਾਰ ਸ: ਜਵਾਹਰ ਸਿੰਘ, ਬਾਬਾ ਮਹਾਰਾਜਾ ਸਿੰਘ, ਸੰਤ ਫੂਲਾ ਸਿੰਘ ਤੇ ਭਾਈ ਮੋਹਰ ਸਿੰਘ ਵਲ ਭੇਜੇ ਕਿ ਬਾਬਾ ਜੀ ਦਾ ਸਰੀਰ ਮਿਲ ਗਿਆ ਹੈ, ਆਓ ਉਸ ਦਾ ਦਾਹ ਸੰਸਕਾਰ ਕਰੀਏ।

ਸ: ਜਵਾਹਰ ਸਿੰਘ ਨੇ ਉਤਰ ਦਿਤਾ—

"ਸਾਨੂੰ ਬਾਬਾ ਜੀ ਦਾ ਹੁਕਮ ਸੀ ਕਿ ਸਰੀਰ ਨੂੰ ਜਲ ਪ੍ਰਵਾਹ ਕੀਤਾ ਜਾਏ। ਤੁਸੀਂ ਜਿਵੇਂ ਮੁਨਾਸਬ ਸਮਝੋ ਕਰੋ।"

ਇਸ ਦੇ ਨਾਲ ਹੀ ਸ: ਜਵਾਹਰ ਸਿੰਘ ਨੇ ੨੫) ਰੁਪਏ ਕੜਾਹ ਪ੍ਰਸ਼ਾਦ ਕਰਾਉਣ ਵਾਸਤੇ ਅਤੇ ਖਾਸ਼ੇ ਦਾ ਇਕ ਥਾਨ ਬਾਬਾ ਜੀ ਉਤੇ ਪਾਉਣ ਲਈ ਭੇਜਿਆ।

ਭਾਈ ਮੋਹਰ ਸਿੰਘ ਬਿਆਨ ਕਰਦਾ ਹੈ ਕਿ ਦਰਿਆ ਦੇ ਕੰਢੇ ਜੋਧੇ ਮਲਾਹ ਦੀ ਬੇੜੀ ਭੰਨ ਕੇ ਉਸ ਦੀਆਂ ਲਕੜਾਂ ਨਾਲ ਚਿਖਾ ਬਣਾਈ ਗਈ। ਉਸ ਵਕਤ ਕੋਈ ਕੋਈ ਸਿਖ ਦਰਸ਼ਨ ਕਰਨ ਆਉਂਦਾ ਸੀ। ਫਿਰ ਸਰਬੱਤ ਨੇ ਮਿਲ ਕੇ ਆਪਦਾ ਸਰੀਰ ਚਿਖਾ ਉਤੇ ਰਖਿਆ ਤੇ ਲੰਬੂ ਲਾ ਕੇ ਦਾਹ ਸੰਸਕਾਰ ਕੀਤਾ। ਜਦ ਲੋਕਾਂ ਨੂੰ ਖਬਰ ਹੋਈ ਤਦ ਉਹ ਬਾਬਾ ਜੀ ਦੇ ਅੰਗੀਠੇ ਦੀ ਬਭੂਤੀ ਲੈ ਕੇ ਕਈ ਥਾਈਂ ਲੈ ਗਏ।

ਭਾਈ ਗੰਡਾ ਸਿੰਘ ਨਿਹੰਗ ਨੇ ਬਾਬਾ ਜੀ ਦੇ ਫੁਲ ਚੁਣਕੇ ਇਕ ਗਾਗਰ ਵਿਚ ਪਾ ਲਏ।

ਹਰੀਕੇ ਪਤਨ ਦਾ ਸਾਕਾ ਖਤਮ ਹੋਣ ਪਿਛੋਂ ਲਾਭ ਸਿੰਘ ਡੋਗਰਾ ਤੇ ਬੁਰਛੇ ਫੌਜੀ ਲਾਹੌਰ ਵਾਪਸ ਜਾਣ ਲਗੇ। ਬਹੁਤ ਸਾਰੇ ਲੋਕ ਕਿਸੇ ਚੰਗੇ ਕੰਮ ਉਤੇ ਮਾਣ ਕਰਦੇ ਹਨ। ਲਾਹੌਰ ਦਰਬਾਰ ਦੇ ਬੁਰਛਿਆਂ

ਨੇ ਡੋਗਰਿਆਂ ਦੇ ਅੜੇ ਚੜ੍ਹਕੇ ਸੰਤ ਬਾਬਾ ਬੀਰ ਸਿੰਘ ਵਰਗੇ ਮਹਾਤਮਾ ਨੂੰ ਮਾਰਨ ਦੇ ਪਾਪ ਕਰਨ ਉਤੇ ਮਾਨ ਕਰਦਿਆਂ ਕਿਹਾ—

ਬੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ.

ਨਹੀਂ ਛਡਿਆ ਸਾਧ ਤੇ ਸੰਤ ਮੀਆਂ।

ਪਰ ਬਾਬਾ ਬੀਰ ਸਿੰਘ ਜੀ ਨੂੰ ਮਾਰਨ ਵਾਲੀਆਂ ਫ਼ੌਜਾਂ ਦਾ "ਗੁਰੂ ਮਾਰੀਆਂ ਫੌਜਾਂ" ਪੈ ਗਿਆ। ਲੋਕੀਂ ਉਨ੍ਹਾਂ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ ਸਨ।

ਇਸ ਸਾਕੇ ਵਿਚ ਸ: ਜਵਾਹਰ ਸਿੰਘ ਨਲੂਏ ਨੂੰ ਵੀ ਦੋ ਗੋਲੀਆਂ ਲਗੀਆਂ। ਉਹ ਜ਼ਖਮੀ ਹੋ ਗਿਆ।

ਜਦ ਸ੍ਰਦਾਰ ਦਾ ਪ੍ਰਵਾਰ ਲਾਹੌਰ ਨੂੰ ਜਾਣ ਲਈ ਤਿਆਰੀ ਕਰ ਰਿਹਾ ਸੀ, ਤਾਂ ਕਿਸੇ ਆਦਮੀ ਨੇ ਲਾਭ ਸਿੰਘ ਡੋਗਰੇ ਪਾਸ ਚੁਗਲੀ ਕਰ ਦਿਤੀ ਕਿ ਸਰਦਾਰ ਦੇ ਪ੍ਰਵਾਰ ਕੋਲ ਸੰਧਾਵਾਲੀਏ ਸਰਦਾਰਾਂ ਦਾ ਧਨ ਪਦਾਰਥ ਹੈ। ਫੌਜ ਨੇ ਸ: ਜਵਾਹਰ ਸਿੰਘ ਦੇ ਪ੍ਰਵਾਰ ਨੂੰ ਘੇਰਾ ਪਾ ਲਿਆ। ਉਸ ਦੀਆਂ ਪਤਨੀਆਂ ਨੇ ਇਸ ਦੇ ਵਿਰੁਧ ਰੋਸ ਪ੍ਰਗਟ ਕੀਤਾ।

ਸ: ਅਤਰ ਸਿੰਘ ਨ ਕਈ ਨੇ ਕੁਮੇਦਾਨ ਗਿਆਨ ਸਿੰਘ ਨੂੰ ਕਿਹਾ—"ਗੁਜਰਾਂ ਵਾਲੇ ਦੇ ਤਿੰਨ ਆਦਮੀ ਕਾਕਾ ਸਿੰਘ ਜਮਾਂਦਾਰ ਚੰਦਾ ਸਿੰਘ ਤੇ ਬਾਬਾ ਮੰਗਲ ਸਿੰਘ ਤੇਰੀ ਪਲਟਨ ਵਿਚ ਹਨ, ਉਨ੍ਹਾਂ ਤੋਂ ਪੁਛ ਲਓ ਕਿ ਸਾਡੇ ਪਾਸ ਕੋਈ ਮਾਲ ਹੈ ਕਿ ਨਹੀਂ ?"

ਸ: ਜਵਾਹਰ ਸਿੰਘ ਦੀਆਂ ਪਤਨੀਆਂ ਨੇ ਕਿਹਾ—"ਅਸੀ ਸ: ਹਰੀ ਸਿੰਘ ਨਲੂਏ ਦੂਲੇ ਸਰਦਾਰ ਦੀਆਂ ਨੂੰਹਾਂ ਹਾਂ, ਕਿਹੜ ਜੰਮਿਆ ਹੈ ਸਾਡੇ ਵਲ ਵੇਖਣ ਵਾਲਾ ?"

ਸ: ਜਵਾਹਰ ਸਿੰਘ ਦੇ ਪ੍ਰਵਾਰ ਨੂੰ ਘੇਰਾ ਪਾਉਣ ਦੀ ਖਬਰ ਸੁਣ ਕੇ ਸਿਖ ਪਲਟਨਾਂ ਵਿਚ ਸਖਤ ਬੇਚੈਨੀ ਫੈਲ ਗਈ। ਗੜਬੜ ਮਚ ਜਾਣ ਦਾ ਡਰ ਸੀ। ਕੁਝ ਸਿਪਾਹੀਆਂ ਨੇ ਲਾਭ ਸਿੰਘ ਡੋਗਰੇ ਦਾ ਪਿਛਾ ਵੀ ਕੀਤਾ ਪਰ ਉਹ ਛੇਤੀ ਨਾਲ ਲਾਹੌਰ ਜਾ ਪੁਜਾ।

ਜਦ "ਗੁਰੂ ਮਾਰੀਆਂ ਫੌਜਾਂ" ਹਰੀ ਕੇ ਪਤਨ ਤੋਂ ਵਾਪਸ ਲਾਹੌਰ ਜਾ ਰਹੀਆਂ ਸਨ, ਤਦ ਇਕ ਮੁਸਲਮਾਨ ਸ੍ਰਦਾਰ ਨੇ ਉਨ੍ਹਾਂ ਨੂੰ ਆਖਿਆ—

"ਤੁਸੀਂ ਬਾਬਾ ਜੀ ਨੂੰ ਮਾਰ ਕੇ ਗਊ ਦਾ ਘਾਤ ਕੀਤਾ ਹੈ।"

ਸਿਖ ਪਲਟਨਾਂ ਵਿਚੋਂ ਕਈਆਂ ਨੇ ਉਤਰ ਦਿਤਾ—

"ਇਸ ਵਿਚ ਸਾਡਾ ਕੋਈ ਕਸੂਰ ਨਹੀਂ, ਸਾਥੋਂ ਜੋ ਕੁਝ ਕਰਵਾਇਆ ਹੈ, ਉਹ ਡੋਗਰਿਆਂ ਨੇ ਕਰਵਾਇਆ ਹੈ।"

"ਬੀਰ ਮ੍ਰਿਗੇਸ਼" ਵਿਚ ਲਿਖਿਆ ਹੈ ਕਿ ਬਾਬਾ ਜੀ ਦੇ ਸਾਥੀ ਸ: ਜਵਾਹਰ ਸਿੰਘ ਨਲੂਆ ਤੇ ਹੋਰ ਕਈ ਸਿੰਘ ਬਾਬਾ ਜੀ ਦੀ ਸ਼ਹੀਦੀ ਬਾਹਦ ਲਾਹੌਰ ਚਲੇ ਗਏ।

ਜਦ ਹਰੀ ਕੇ ਪੱਤਨ ਉਤੇ ਬਾਬਾ ਜੀ ਦੇ ਕੈਂਪ ਉਤੇ ਗੋਲਾਬਾਰੀ ਹੋ ਰਹੀ ਸੀ, ਉਸ ਵਕਤ ਸ: ਭਗਵਾਨ ਸਿੰਘ ਮਿਸਰਾਲੀ ਵਾਲਾ ਅਤੇ ਪੰਜਾਬ ਸਿੰਘ ਜ਼ਖਮੀਆਂ ਨੂੰ ਸ਼ਰਬਤ ਤੇ ਜਲ ਛਕਾਉਂਦੇ ਸਨ। ਕਿਸੇ ਨੇ ਜਲ੍ਹੇ ਮਿਸਰ ਪਾਸ ਉਨ੍ਹਾਂ ਵਿਰੁਧ ਰਪੋਟ ਕਰ ਦਿਤੀ।

ਜਲ੍ਹੇ ਨੇ ਦੋਹਾਂ ਸਰਦਾਰਾਂ ਦੀ ਪੇਸ਼ੀ ਕੀਤੀ ਤੇ ਉਨ੍ਹਾਂ ਨੂੰ 2000) ਰੁਪਏ ਜੁਰਮਾਨਾ ਕੀਤਾ।

ਦੋਹਾਂ ਸ੍ਰਦਾਰਾਂ ਨੇ ਜਲ੍ਹੇ ਨੂੰ ਉਤਰ ਦਿਤਾ—"ਜੇ ਸੰਤ ਬਾਬਾ ਬੀਰ ਸਿੰਘ ਵਰਗੇ ਨੇਕ ਇਨਸਾਨਾਂ ਦੀ ਸੇਵਾ ਤੇ ਜ਼ਖਮੀਆਂ ਨੂੰ ਜਲ ਛਕਾਉਣ ਦੇ ਜੁਰਮ ਵਿਚ ਜੁਰਮਾਨਾਂ ਹੁੰਦਾ ਹੈ ਤਾਂ ਕੋਈ ਪ੍ਰਵਾਹ ਨਹੀਂ।" ਉਨ੍ਹਾਂ ਨੇ 2000) ਰੁਪਏ ਜੁਰਮਾਨੇ ਦੇ ਤਾਰ ਦਿਤੇ।

ਜਦ ਭਾਈ ਗੰਡਾ ਸਿੰਘ ਨਿਹੰਗ ਨੂੰ ਪਤਾ ਲਗਾ ਕਿ ਸ੍ਰਦਾਰ ਭਗਵਾਨ ਸਿੰਘ ਤੇ ਪੰਜਾਬ ਸਿੰਘ ਨੂੰ ਸਿਰਫ ਜ਼ਖਮੀਆਂ ਨੂੰ ਜਲ ਛਕੌਣ ਕਰਕੇ ਦੋ ਹਜ਼ਾਰ ਰੁਪਏ ਜੁਰਮਾਨਾ ਹੋਇਆ ਹੈ, ਤਦ ਉਸ ਨੂੰ ਇਹ ਖਿਆਲ ਆਇਆ ਕਿ ਕਿਤੇ ਬਾਬਾ ਜੀ ਦੇ ਫੂਲਾ ਕੋਲ ਰਖਣ ਦੇ ਕਾਰਨ ਡੋਗਰੇ ਮੈਨੂੰ ਤੰਗ ਨਾ ਕਰਨ, ਉਹ ਫੂਲਾਂ ਵਾਲੀ

ਗਾਗਰ ਲੈ ਕੇ ਸ: ਜਵਾਹਰ ਸਿੰਘ ਨਲੂਏ ਪਾਸ ਪੁਜਾ । ਸ੍ਰਦਾਰ ਨੇ ਸਤਕਾਰ ਨਾਲ ਫੁਲਾਂ ਦੀ ਸੰਭਾਲ ਕੀਤੀ ਅਤੇ ਕਿਹਾ—"ਮੇਰੇ ਧੰਨ ਭਾਗ ਹਨ ਕਿ ਬਾਬਾ ਜੀ ਇਸ ਰੂਪ ਵਿਚ ਮੇਰੇ ਪਾਸ ਆਏ ਹਨ।"

ਮੁਠਿਆਂ ਵਾਲੇ ਵਿਚ ਜਿਥੇ ਬਾਬਾ ਜੀ ਦਾ ਅੰਤਮ ਸੰਸਾਕਾਰ ਹੋਇਆ ਸੀ, ਇਕ ਸਮਾਧੀ ਬਣਾਈ ਗਈ। ਨੌਰੰਗਾਬਾਦ, ਰੱਤੋ ਕੀ, ਗੰਗੋਬੂਆ ਤੇ ਗੁਰਦਵਾਰਾ ਦਮਦਮਾ ਸਾਹਿਬ ਠੱਟਾ ਟਿਬਾ ਜ਼ਿਲਾ ਕਪੂਰਥਲਾ ਵਿਚ ਬਿਭੂਤ ਲਿਜਾਕੇ ਅਸਥਾਨ ਬਣਾਏ ਗਏ। ਇਹ ਚਾਰੇ ਬਾਬਾ ਜੀ ਦੇ ਮੁਖ ਅਸਥਾਨ ਮੌਜੂਦ ਹਨ।

ਬਾਬਾ ਜੀ ਦੇ ਜਾਨਸ਼ੀਨ ਬਾਬਾ ਮਹਾਰਾਜ ਸਿੰਘ ਨੇ ਕੁਝ ਦਿਨ ਨੌਰੰਗਾਬਾਦ ਵਿਚ ਨਿਵਾਸ ਕੀਤਾ । ਫਿਰ ਸੰਤਾਂ ਦੇ ਕੁਝ ਫੁਲ ਤੇ ਭਬੂਤੀ ਲੈ ਕੇ ਸ੍ਰੀ ਅੰਮ੍ਰਿਤ ਸਰੋਵਰ ਦੀਆਂ ਚੌਹਾਂ ਬਾਹੀਆਂ ਤੇ ਪਾਏ । ਪੰਜ ਘੋੜੇ ਕਾਠੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਪੰਜ ਘੋੜੇ ਸ੍ਰੀ ਅਕਾਲ ਬੁੰਗੇ ਚੜ੍ਹਾਏ ਅਤੇ ਸਵਾ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾਇਆ । ਢਾਈ ਸੌ ਪੁਸ਼ਾਕਾਂ ਭੇਟਾ ਕੀਤੀਆਂ ਅਤੇ ਹੋਰ ਵੀ ਬਹੁਤ ਸਾਰਾ ਦਾਨ ਪੁੰਨ ਕੀਤਾ।

ਬਾਬਾ ਮਹਾਰਾਜ ਸਿੰਘ ਜੀ ਨੇ ਨੌਰੰਗਾਬਾਦ ਵਿਚ ਸੰਤ ਬਾਬਾ ਬੀਰ ਸਿੰਘ ਜੀ ਨਮਿਤ ਇਕ ਸਮਾਗਮ ਕੀਤਾ, ਜਿਸ ਵਿਚ ਬਹੁਤ ਸਾਰੇ ਸੰਤ ਮਹੰਤ, ਡੇਰੇਦਾਰ ਤੇ ਹਜ਼ਾਰਾਂ ਸੰਗਤਾਂ ਸ਼ਾਮਲ ਹੋਈਆਂ। ਉਸ ਵਿਚ ਨੌਰੰਗਾਬਾਦ ਦਾ ਮਹੰਤ ਨੀਯਤ ਕਰਨ ਦੀ ਰਸਮ ਵੀ ਅਦਾ ਹੋਣੀ ਸੀ । ਬਹੁਤ ਸਾਰੇ ਲੋਕਾਂ ਦਾ ਖਿਆਲ ਸੀ ਕਿ ਨੌਰੰਗਾ-ਬਾਦ ਦੇ ਡੇਰੇ ਦਾ ਮਹੰਤ ਬਾਬਾ ਖੁਦਾ ਸਿੰਘ ਜੀ ਨੂੰ ਬਣਾਇਆ ਜਾਵੇ। ਬਾਬਾ ਮਹਾਰਾਜ ਸਿੰਘ ਨੇ ਆਪਣੇ ਹੱਕ ਵਿਚ ਕਈ ਪਿੰਡਾਂ ਦੇ ਨੰਬਰਦਾਰੋਂ ਪਾਸੋਂ ਦਸਤਖਤ ਵੀ ਕਰਵਾਏ।

ਬਹੁਤ ਭਾਰਾ ਦੀਵਾਨ ਸਜਿਆ, ਉਸ ਵਿਚ ਮਹੰਤ ਬਨਾਉਣ ਬਾਰੇ ਵਿਚਾਰ ਹੋਈ । ਉਸ ਵਕਤ ਬਾਬਾ ਖੁਦਾ ਸਿੰਘ ਜੀ ਨੇ ਕਿਹਾ—

"ਮਹਾਰਾਜ ਸਿੰਘ ਨੇ ਲੰਗਰ ਦੀ ਬੜੀ ਸੇਵਾ ਕੀਤੀ ਤੇ ਚੁਲ੍ਹ ਝੋਕੀ ਹੈ । ਇਸ ਲਈ ਇਸੇ ਨੂੰ ਨੌਰੰਗਾਬਾਦ ਦੇ ਡੇਰੇ ਦਾ ਮਹੰਤ ਨੀਯਤ ਕੀਤਾ ਜਾਵੇ ।"

ਬਾਬਾ ਖੁਦਾ ਸਿੰਘ ਜੀ ਸੀਸ ਉਤੇ ਕਈ ਦਸਤਾਰਾਂ ਜਾਂ ਪਟਕੇ ਬੰਨ੍ਹਦੇ ਸਨ । ਆਪ ਨੇ ਇਕ ਪੱਗ ਬਾਬਾ ਮਹਾਰਾਜ ਸਿੰਘ ਦੇ ਸਿਰ ਤੇ ਬੰਨ੍ਹ ਦਿਤੀ। ਦੂਜੀ ਦਸਤਾਰ ਬਾਬਾ ਬੀਰ ਸਿੰਘ ਜੀ ਦੇ ਭਤੀਜੇ ਸ਼ਤੀਆ ਸਿੰਘ ਦੇ ਸਿਰ ਤੇ ਬੰਨ੍ਹ ਦਿਤੀ।

ਸ: ਜਵਾਹਰ ਸਿੰਘ ਨਲੂਏ ਨੇ ਕਿਹਾ—

"ਇਹ ਕੀ ਕੀਤਾ ਜੇ ?"

ਬਾਬਾ ਜੀ—"ਪੰਡ ਪਾਂਡੀਆਂ ਦੇ ਸਿਰ ਹੀ ਸ਼ੋਭਦੀ ਹੈ ।"

ਸੰਗਤ ਵਿਚੋਂ ਕਈ ਸਿੰਘਾਂ ਨੇ ਕਿਹਾ—

"ਆਪ ਨੇ ਬੜਾ ਭਾਰਾ ਤਿਆਗ ਕੀਤਾ ਹੈ ।"

ਬਾਬਾ ਜੀ ਨੇ ਉਤਰ ਦਿਤਾ—"ਤਿਆਗ ਰਾਜਾ ਭਰਥਰੀ ਤੇ ਗੋਪੀ ਚੰਦ ਨੇ ਕੀਤਾ ਹੈ । ਸਾਡੇ ਪਾਸ ਕਿਹੜਾ ਰਾਜ ਭਾਗ ਸੀ, ਜਿਸ ਨੂੰ ਅਸੀਂ ਤਿਆਗਿਆ ਹੈ ?"

ਇਸ ਤੋਂ ਪਿਛੋਂ ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ ਦੇ ਡੇਰੇ ਦਾ ਪ੍ਰਬੰਧ ਚਲਾਉਣ ਲਗ ਪਏ । ਡੇਰੇ ਵਿਚ ਸਤਸੰਗ, ਕਥਾ ਕੀਰਤਨ ਤੇ ਪ੍ਰਚਾਰ ਹੋਣ ਲਗ ਪਿਆ । ਆਪ ਦਾ ਸਿਖ ਸੰਗਤਾਂ ਵਿਚ ਬੜਾ ਡੂੰਘਾ ਪ੍ਰਭਾਵ ਸੀ ।

ਆਪ ਨੇ ਬਾਬਾ ਬੀਰ ਸਿੰਘ ਜੀ ਦੇ ਪੂਰਨਿਆਂ ਤੇ ਚਲਦੇ ਹੋਏ ਸਿਖ ਰਾਜ ਦੀ ਡੁਬਦੀ ਬੇੜੀ ਨੂੰ ਬੰਨੇ ਲਾਉਣ ਦਾ ਜਤਨ ਕੀਤਾ । ਪੰਜਾਬ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਚਾਉਣ ਲਈ ਜਾਨ ਦੇ ਦਿਤੀ। ਉਸਦਾ ਵਰਨਣ ਅੰਤਲੇ ਕਾਂਡ ਵਿਚ ਕੀਤਾ ਗਿਆ ਹੈ ।

—o—

ਸਿੱਖ ਰਾਜ ਤੇ ਬੁਰਛਿਆਂ ਦਾ ਅੰਤ

ਸੰਤ ਕਾ ਦੋਖੀ ਪ੍ਰਮੇਸਰ ਮਾਰਾ ॥

ਨਿਆਂਕਾਰੀ ਕਰਤਾ ਪੁਰਖ ਹਰੇਕ ਆਦਮੀ ਤੇ ਕੌਮ ਨੂੰ ਉਸ ਦੇ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ ਦਿੰਦਾ ਹੈ। ਕੁਦਰਤ ਦਾ ਖਾਮੋਸ਼ ਹਥ ਮਨੁਖ ਨੂੰ ਮਾੜੇ ਕੰਮਾਂ ਦੇ ਫਲ ਸਰੂਪ ਚਪੇੜ ਮਾਰਦਾ ਹੈ, ਪਰ ਉਸਦੀ ਆਵਾਜ਼ ਸੁਣਾਈ ਨਹੀਂ ਦਿੰਦੀ।

ਫ਼ਿਲਾਸਫ਼ੀ, ਹੁਨਰ ਤੇ ਸੁੰਦਰਤਾ ਦੇ ਮਾਲਕ, ਅਰਸਤੂ ਤੇ ਪਲਾਟੋ ਵਰਗੇ ਫ਼ਿਲਾਸਫ਼ਰ ਤੇ ਸਿਕੰਦਰ ਮਹਾਨ ਵਰਗੇ ਤੇਜਸਵੀ ਪੁਰਸ਼ ਪੈਦਾ ਕਰਨ ਵਾਲੇ ਯੂਨਾਨੀਆਂ ਨੇ ਆਪਣੇ ਮਹਾਤਮਾ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪਿਲਾ ਕੇ ਮਾਰਿਆ। ਉਸ ਦਾ ਨਤੀਜਾ ਇਹ ਹੋਇਆ ਕਿ ਯੂਨਾਨੀ ਕੌਮ ਰਸਾਤਲ ਨੂੰ ਚਲੀ ਗਈ। ਯੂਨਾਨੀ ਇਕ ਗੁੰਮਨਾਮ ਦੇਸ਼ ਬਣ ਗਿਆ। ਬਲਵਾਨ ਰੋਮਨ ਨੇ ਜੂਲੀਅਸ ਸੀਜ਼ਰ ਨੂੰ ਕਤਲ ਕੀਤਾ, ਉਸ ਦਾ ਫਲ ਇਹ ਹੋਇਆ ਕਿ ਰੋਮਨ ਦੀ ਹਕੂਮਤ ਦੁਨੀਆਂ ਵਿਚੋਂ ਮਿਟ ਗਈ। ਯਹੂਦੀ ਕੌਮ ਨੇ ਆਪਣੇ ਇਕ ਨੇਕ ਇਨਸਾਨ ਤੇ ਸੁਧਾਰਕ ਈਸਾ ਨੂੰ ਸੂਲੀ ਤੇ ਚੜ੍ਹਾਇਆ। ਜਿਸ ਦਾ ਨਤੀਜਾ ਇਹ ਹੋਇਆ ਕਿ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਯਹੂਦੀਆਂ ਦੀ ਸੰਸਾਰ ਵਿਚ ਬੜੀ ਭਾਰੀ ਬੇਪਤੀ ਹੋ ਰਹੀ ਹੈ।

ਸਿਖਾਂ ਨੇ ਡੋਗਰਿਆਂ ਦੇ ਆਖੇ ਲਗਕੇ ਬਾਬਾ ਬੀਰ ਸਿੰਘ ਨੂੰ ਮਾਰਿਆ, ਸਿੱਖ ਰਾਜ ਨਸ਼ਟ ਹੋ ਗਿਆ। ਵੀਹਵੀਂ ਸਦੀ ਵਿਚ

ਗਾਡਸੇ ਨੇ ਮਹਾਤਮਾ ਗਾਂਧੀ ਨੂੰ ਮਾਰਿਆ, ਪਤਾ ਨਹੀਂ ਇਸਦਾ ਸਾਨੂੰ ਕੀ ਫਲ ਮਿਲੇਗਾ ?

ਸਿਖ ਇਤਿਹਾਸ ਵਿਚ ਸੰਤ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਇਕ ਦਰਦਨਾਕ ਸਾਕ ਹੈ । ਦੁਖ ਦੀ ਗਲ ਹੈ ਕਿ ਹੀਰਾ ਸਿੰਘ ਤੇ ਲਾਭ ਸਿੰਘ ਡੋਗਰੇ ਦੀਆਂ ਕੁਟਲ ਚਾਲਾਂ ਦਾ ਸ਼ਿਕਾਰ ਹੋ ਕੇ ਸਿਖ ਫੌਜਾਂ ਨੇ ਬਾਬਾ ਜੀ ਨੂੰ ਤੋਪਾਂ ਤੇ ਬੰਦੂਕਾਂ ਨਾਲ ਸ਼ਹੀਦ ਕੀਤਾ, ਜਿਸ ਕਰਕੇ ਉਨ੍ਹਾਂ ਦਾ ਨਾਂ "ਗੁਰੂ ਮਾਰੀਆਂ ਫੌਜਾਂ" ਪੈ ਗਿਆ ।

ਇਤਿਹਾਸਕਾਰ ਲਿਖਦੇ ਹਨ ਕਿ ਬਾਬਾ ਜੀ ਨੂੰ ਮਾਰਨ ਵਾਲੀਆਂ ਫੌਜਾਂ ਦਾ ਲੋਕਾਂ ਨੇ ਸਮਾਜਕ ਬਾਈਕਾਟ ਕਰ ਦਿਤਾ । ਕੋਈ ਚੰਗਾ ਆਦਮੀ ਉਨ੍ਹਾਂ ਬੁਰਛਿਆਂ ਨਾਲ ਮਿਲ ਵਰਤਨ ਕਰਨ ਲਈ ਤਿਆਰ ਨਹੀਂ ਸੀ । ਕੋਈ ਵੀ ਦੁਕਾਨਦਾਰ ਉਨ੍ਹਾਂ ਫੌਜੀਆਂ ਨੂੰ ਸੌਦਾ ਨਹੀਂ ਸੀ ਦਿੰਦਾ ।

ਪੰਡਤ ਸ਼ੇਰ ਸਿੰਘ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ ਕਿ ਗੁਰੂ ਮਾਰੀਆਂ ਫੌਜਾਂ ਵਿਚ ਮਰੀ ਪੈ ਗਈ । ਜਿਸ ਕਰਕੇ ਸੰਤ ਦੋਖੀ ਬੁਰੀ ਤਰ੍ਹਾਂ ਮਰੇ । ਜਿਸ ਹੀਰਾ ਸਿੰਘ ਡੋਗਰੇ, ਜ਼ਲ੍ਹੇ, ਮਿਸਰ ਤੇ ਲਾਭ ਸਿੰਘ ਡੋਗਰੇ ਨੇ ਛਲ ਕਪਟ ਤੇ ਸਾਜ਼ਸ਼ਾਂ ਕਰਕੇ ਬੁਰਛਿਆਂ ਪਾਸ ਸੰਤ ਬਾਬਾ ਬੀਰ ਸਿੰਘ ਜੀ ਨੂੰ ਮਰਵਾਇਆ ਸੀ ਉਨ੍ਹਾਂ ਦਾ ਵੀ ਬੁਰੀ ਤਰ੍ਹਾਂ ਅੰਤ ਹੋਇਆ ।

ਸੰਤ ਬਾਬਾ ਬੀਰ ਸਿੰਘ ਨੂੰ ਸ਼ਹੀਦ ਕਰਨ ਦੇ ਪਿਛੋਂ ਹੀਰਾ ਸਿੰਘ ਡੋਗਰੇ ਤੇ ਜਲ੍ਹੇ ਮਿਸਰ ਦਾ ਖਿਆਲ ਸੀ ਕਿ ਉਹ ਨਿਹਕੰਟਕ ਰਾਜ ਕਰਨਗੇ, ਕਿਉਂਕਿ ਮਹਾਰਾਜਾ ਦਲੀਪ ਸਿੰਘ ਬਹੁਤ ਛੋਟੀ ਉਮਰ ਦਾ ਸੀ । ਪਰ ਉਨ੍ਹਾਂ ਦੀ ਇਹ ਮੁਰਾਦ ਪੂਰੀ ਨਾ ਹੋਈ ।

ਉਸ ਵਕਤ ਲਾਹੌਰ ਦਰਬਾਰ ਦੀ ਹਾਲਤ ਬੜੀ ਗੁੰਝਲਦਾਰ ਤੇ ਦਰਦ ਨਾਕ ਸੀ । ਇਕ ਪਾਸੇ ਹੀਰਾ ਸਿੰਘ ਡੋਗਰਾ, ਜਲ੍ਹਾ, ਮਿਸਰ ਤੇ ਉਨ੍ਹਾਂ ਦੇ ਸਾਥੀ ਸਨ । ਦੂਜੇ ਪਾਸੇ ਮ: ਰਣਜੀਤ ਸਿੰਘ ਦੇ ਰਾਜ ਦੇ ਵਫਾਦਾਰ ਸਨ । ਹੀਰਾ ਸਿੰਘ ਤੋਂ ਸਾਰੇ ਦੁਖੀ ਸਨ । ਫੌਜ ਚਾਹੁੰਦੀ ਸੀ

ਕਿ ਸ਼ੇਰੇ ਪੰਜਾਬ ਦੀ ਸਲਤਨਤ ਕਾਇਮ ਰਹੇ, ਪਰ ਉਨ੍ਹਾਂ ਦੀ ਦਾਲ ਨਹੀਂ ਗਲਦੀ ਸੀ । ਹੀਰਾ ਸਿੰਘ ਪਾਸ ਖਜ਼ਾਨਾ ਸੀ । ਉਹ ਰੁਪਏ ਦਾ ਲਾਲਚ ਦੇ ਕੇ ਫੌਜ ਤੇ ਹਾਕਮਾਂ ਨੂੰ ਵਰਤੀ ਜਾਂਦਾ ਸੀ । ਦਰਬਾਰ ਵਿਚ ਖਿਚੋਤਾਣ ਦੇ ਕਾਰਨ ਜਗੀਰਦਾਰਾਂ ਨੇ ਮਾਮਲ ਦੇਣਾ ਬੰਦ ਕਰ ਦਿਤਾ । ਹੀਰਾ ਸਿੰਘ ਨੇ ਆਪਣੇ ਇਰਾਦਿਆਂ ਨੂੰ ਸਫਲ ਬਨਾਉਣ ਲਈ ਖਜ਼ਾਨਾ ਲੁਟਾ ਦਿਤਾ ।

ਇਨ੍ਹਾਂ ਹੀ ਦਿਨਾਂ ਵਿਚ ਮੁਲਤਾਨ ਦੇ ਦੀਵਾਨ ਸਾਵਨ ਮਲ ਨੂੰ ਕਿਸੇ ਨੇ ਮਾਰ ਦਿਤਾ । ਉਸ ਦੀ ਥਾਂ ਉਸ ਦਾ ਪੁਤਰ ਦੀਵਾਨ ਮੂਲ ਰਾਜ ਨੀਅਤ ਹੋਇਆ । ਉਸ ਦੇ ਜ਼ਿੰਮੇ ਸਠ ਲਖ ਰੁਪਈਆ ਨਿਕਲਦਾ ਸੀ । ਜਦ ਲਾਹੌਰ ਦਰਬਾਰ ਵਲੋਂ ਫੌਜ ਦੀ ਚੜ੍ਹਾਈ ਦੀ ਖਬਰ ਭੇਜੀ ਗਈ, ਤਦ ਮੂਲ ਰਾਜ ਨੇ ਕੁਝ ਰਕਮ ਤਾਰ ਦਿਤੀ ।

ਹੀਰਾ ਸਿੰਘ ਦੇ ਸਾਥੀ ਜਲ੍ਹੇ ਮਿਸਰ ਨੇ ਮ: ਦਲੀਪ ਸਿੰਘ ਦੀ ਮਾਤਾ ਰਾਣੀ ਜਿੰਦ ਕੌਰ ਤੇ ਉਸ ਦੇ ਭਰਾ ਜਵਾਹਰ ਸਿੰਘ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿਤਾ ।

ਇਹ ਹਾਲਤ ਵੇਖ ਨਵਾਬ ਜ਼ਬਰਦਸਤ ਖਾਂ ਨੇ ਮੁਜ਼ਫਰ ਗੜ੍ਹ ਦੇ ਇਲਾਕੇ ਵਿਚ ਗੜਬੜ ਸ਼ੁਰੂ ਕਰ ਦਿਤੀ ।

ਕਸ਼ਮੀਰ ਵਿਚ ੧੨੯੦ ਰੁਹੇਲੇ ਬਾਗੀ ਹੋ ਗਏ, ਜਿਸ ਕਰਕੇ ਸ਼ੇਖ ਇਮਾਮਦੀਨ ਸੂਬਾ ਕਸਮੀਰ ਦੀ ਸਹਾਇਤਾ ਲਈ ਸਿਖਾਂ ਦੀਆਂ ਛੇ ਪਲਟਨਾਂ ਭੇਜਣੀਆਂ ਪਈਆਂ ।

ਹੀਰਾ ਸਿੰਘ ਨੇ ਕੰਵਰ ਪਸ਼ੌਰਾ ਸਿੰਘ ਤੇ ਗੁਲਾਬ ਸਿੰਘ ਡੋਗਰੇ ਨੂੰ ਵੀ ਲਾਹੌਰ ਦਾ ਰਾਜ ਦੁਆਣ ਦਾ ਭਰੋਸਾ ਦੇਕੇ ਆਪਣਾ ਸਾਥੀ ਬਣਾ ਲਿਆ ਸੀ, ਪਰ ਉਹ ਗੰਢ ਤੁਪ ਸਿਰੇ ਨਾ ਚੜ੍ਹੀ ।

ਕੰਵਰ ਕਸ਼ਮੀਰਾ ਸਿੰਘ ਨੂੰ ਪਤਾ ਲਗਾ ਕਿ ਇਕ ਪਲਟਨ, ਜਿਸ ਪਾਸ ਖਜ਼ਾਨਾ ਹੈ, ਲਾਹੌਰ ਜਾ ਰਹੀ ਹੈ । ਉਸ ਨੂੰ ਲੁਟਣ ਲਈ ਗੁਜਰਾਤ ਦੇ ਪਾਸ ਜਾ ਘੇਰਿਆ ਅਤੇ ਖ਼ਜ਼ਾਨਾ ਲੁਟ ਲਿਆ ।

ਹੀਰਾ ਸਿੰਘ ਨੇ ਮ: ਦਲੀਪ ਸਿੰਘ ਤੇ ਉਸ ਦੀ ਮਾਤਾ ਜਿੰਦਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਇਸ ਕਰਕੇ ਫੌਜਾਂ ਵਿਚ ਸਖਤ ਬੇਚੈਨੀ ਪੈਦਾ ਹੋ ਗਈ।

"ਫੌਜ ਨੇ ਕਿਹਾ—"ਜਿਲ੍ਹਾ ਮਿਸਰ ਸਾਰੇ ਪੁਆੜੇ ਦੀ ਜੜ੍ਹ ਹੈ, ਉਸ ਨੂੰ ਸਾਡੇ ਹਵਾਲੇ ਕੀਤਾ ਜਾਏ। ਰਾਣੀ ਜਿੰਦਾਂ ਤੇ ਮ: ਦਲੀਪ ਸਿੰਘ ਨੂੰ ਕਿਸੇ ਤਰ੍ਹਾਂ ਦੀ ਤੰਗੀ ਨਾ ਹੋਵੇ।"

ਇਸ ਪਰ ਹੀਰਾ ਸਿੰਘ ਨੂੰ ਯਕੀਨ ਹੋ ਗਿਆ ਕਿ ਫੌਜ ਉਸ ਦੇ ਵਿਰੁਧ ਹੋ ਗਈ ਹੈ। ਇਸ ਲਈ ਹੁਣ ਮੇਰਾ ਗੁਜ਼ਾਰਾ ਮੁਸ਼ਕਲ ਹੈ। ਇਹ ਸੋਚ ਕੇ ਉਸ ਨੇ ਜਲ੍ਹੇ ਨੂੰ ਨਾਲ ਲੈ ਕੇ ਧਨ ਪਦਾਰਥ ਸੰਭਾਲ ਕੇ ਜੰਮੂ ਜਾਣ ਦੀ ਤਿਆਰੀ ਕਰ ਲਈ।

ਹੀਰਾ ਸਿੰਘ ਤੇ ਜਲ੍ਹੇ ਨੇ ਰਾਣੀ ਜਿੰਦਾਂ ਨੂੰ ਖਤਮ ਕਰਨ ਲਈ ਉਸ ਨੂੰ ਜ਼ਹਿਰ ਦੁਆਇਆ। ਪਰ ਉਹ ਬਚ ਗਈ।

ਰਾਣੀ ਜਿੰਦਾਂ ਤੇ ਉਸ ਦੇ ਭਰਾ ਜਵਾਹਰ ਸਿੰਘ ਨੇ ਫ਼ੌਜਾਂ ਵਿਚ ਹੀਰਾ ਸਿੰਘ ਦੀ ਕੂਟਲ ਨੀਤੀ ਵਿਰੁਧ ਪ੍ਰਚਾਰ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਫੌਜਾਂ ਵਿਚ ਹੀਰਾ ਸਿੰਘ ਵਿਰੁਧ ਨਫਰਤ ਫੈਲ ਗਈ। ਉਹ ਡਰਦਾ ਮਾਰਿਆ ਸਰਕਾਰੀ ਖਜ਼ਾਨਾ ਊਠਾਂ ਤੇ ਲੱਦ ਕੇ ਜੰਮੂ ਵਲ ਤੁਰ ਪਿਆ।

ਜਦ ਹੀਰਾ ਸਿੰਘ ਰਾਵੀ ਪਾਰ ਕਰ ਗਿਆ ਤਾਂ ਫੌਜਾਂ ਨੂੰ ਖਬਰ ਹੋਈ। ਉਨ੍ਹਾਂ ਨੇ ਡੋਗਰੇ ਦਾ ਪਿਛਾ ਕੀਤਾ। ਸਿਖ ਸਰਦਾਰਾਂ ਨੇ ਹੀਰਾ ਸਿੰਘ ਨੂੰ ਕਿਹਾ ਕਿ ਜਲੇ ਨੂੰ ਸਾਡੇ ਹਵਾਲੇ ਕਰ ਦੇਹ। ਪਰ ਉਹ ਨਾ ਮੰਨਿਆ।

ਸ: ਸ਼ਾਮ ਸਿੰਘ ਅਟਾਰੀ ਤੇ ਸੇਵਾ ਸਿੰਘ ਮਜੀਠੀਏ ਨੇ ਆਪਣੇ ਦਸਤਿਆਂ ਨੂੰ ਉਸ ਤੇ ਹਮਲਾ ਕਰਨ ਦਾ ਹੁਕਮ ਦਿਤਾ। ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵੀ ਤੋਪਾਂ ਤੇ ਫੌਜ ਲੈ ਕੇ ਪੁਜ ਗਿਆ। ਹੀਰਾ ਸਿੰਘ ਤਰਗੜ ਦੇ ਕਿਲ੍ਹੇ ਵਿਚ ਜਾ ਲੁਕਿਆ ਓਥੋਂ ਵੀ ਨਠ ਤੁਰਿਆ। ਲੁਬਾਣਿਆਂ ਦੇ ਪਿੰਡ ਵਿਚ ਪਾਣੀ

ਪੀਣ ਲਗਾ, ਉਪਰੋਂ ਸਿਖ ਫੌਜ ਜਾ ਪਈ। ਸਖਤ ਲੜਾਈ ਹੋਈ। ਜਿਸ ਵਿਚ ਹੀਰਾ ਸਿੰਘ, ਲਾਭ ਸਿੰਘ ਤੇ ਜਲ੍ਹਾ ਮਾਰੇ ਗਏ। ਸਾਰਾ ਖਜ਼ਾਨਾ ਅਤੇ ਧਨ ਮਾਲ ਸਿਖ ਫੌਜਾਂ ਦੇ ਹਥ ਆ ਗਿਆ। ਇਹ ਘਟਨਾ 21 ਦਸੰਬਰ ਸੰਨ 1844 ਈ: ਦੀ ਹੈ।

ਸ: ਜਵਾਹਰ ਸਿੰਘ, ਹੀਰਾ ਸਿੰਘ ਤੇ ਲਾਭ ਸਿੰਘ ਆਦਿਕ ਨੂੰ ਮਾਰਕੇ ਫੌਜ ਸਮੇਤ ਲਾਹੌਰ ਪੁਜਾ। ਉਸ ਨੇ ਹੀਰਾ ਸਿੰਘ ਦਾ ਸਿਰ ਲਾਹੌਰੀ ਦਰਵਾਜ਼ੇ, ਲਾਭ ਸਿੰਘ ਦਾ ਮੋਰੀ ਦਰਵਾਜ਼ੇ ਤੇ ਸੋਹਣ ਸਿੰਘ ਦਾ ਸ਼ਹਾਲਮੀ ਦਰਵਾਜ਼ੇ ਅਤੇ ਲਟਕਾ ਦਿਤਾ। ਜਲ੍ਹੇ ਦੇ ਸਿਰ ਦੀ ਵੀ ਮਿਟੀ ਪਲੀਤ ਹੋਈ। ਹੀਰਾ ਸਿੰਘ ਤੇ ਲਾਭ ਸਿੰਘ ਦੇ ਸਿਰ ਗੰਦੀਆਂ ਨਾਲੀਆਂ ਵਿਚ ਸੁਟੇ ਗਏ।

ਸੰਤ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦੇ 7 ਮਹੀਨੇ ਬਾਅਦ ਮਿਤੀ 9 ਪੋਹ ਸੰਮਤ 1901 ਬਿ: ਨੂੰ ਹੀਰਾ ਸਿੰਘ, ਲਾਭ ਸਿੰਘ ਡੋਗਰੇ ਅਤੇ ਜਲ੍ਹੇ ਮਿਸਰ ਦਾ ਅੰਤ ਹੋ ਗਿਆ।

ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਾਕ ਹੈ--ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥

ਆਪਨ ਬੀਜ ਆਪੇ ਹੀ ਖਾਹਿ ॥

ਡੋਗਰਿਆਂ ਤੇ ਜਲ੍ਹੇ ਨੂੰ ਮਾਰਕੇ ਸ: ਜਵਾਹਰ ਸਿੰਘ ਫੋਜ ਸਮੇਤ ਲਾਹੌਰ ਪੁਜਾ। 14 ਮਈ 1845 ਈ: ਨੂੰ ਉਹ ਮੁਖ ਮੰਤਰੀ ਬਣਿਆ ਉਸ ਨੇ ਲਾਲ ਸਿੰਘ ਨੂੰ ਸਹਾਇਕ ਮੰਤ੍ਰੀ ਬਣਾਇਆ। ਗੁਲਾਬ ਸਿੰਘ ਡੋਗਰੇ ਨੇ ਜਵਾਹਰ ਸਿੰਘ ਨੂੰ ਪੱਟੀ ਪੜ੍ਹਾਈ ਕਿ ਰਾਜ ਕੁਮਾਰ ਪਸ਼ੌਰਾ ਸਿੰਘ ਤਖਤ ਪਰ ਬਹਿਣਾ ਚਾਹੁੰਦਾ ਹੈ। ਜਦ ਤਕ ਉਹ ਖਤਮ ਨਹੀਂ ਹੁੰਦਾ, ਤੇਰਾ ਰਾਜ਼, ਨਹੀਂ ਚਲ ਸਕਦਾ।

ਪਸ਼ੌਰਾ ਸਿੰਘ ਲਾਹੌਰ ਪੁਜਾ। ਸ੍ਰਦਾਰਾਂ ਤੇ ਫੌਜ ਨੇ ਉਸ ਦਾ ਸੁਆਗਤ ਕੀਤਾ। ਇਹ ਗਲ ਜਵਾਹਰ ਸਿੰਘ ਨੂੰ ਚੁਭੀ। ਉਸ ਨੇ ਪਸ਼ੌਰਾ ਸਿੰਘ ਨੂੰ ਤਿਲਕਾ ਦਿਤਾ। ਉਸ ਨੇ ਅਟਕ ਦਾ ਕਿਲ੍ਹਾ ਜਾ ਮਲਿਆ।

ਸ: ਜਵਾਹਰ ਸਿੰਘ ਨੇ ਫੌਜ਼ ਭੇਜ ਕੇ ਸ: ਅਤਰ ਸਿੰਘ ਅਟਾਰੀ ਪਾਸੋਂ ਸੁਰੰਘਾਂ ਖੁਆ ਕੇ ਕਿਲ੍ਹਾ ਖਾਲੀ ਕਰਨ ਪਰ ਪਸ਼ੌਰਾ ਸਿੰਘ ਨੂੰ ਮਰਵਾ ਦਿਤਾ।

ਕੰਵਰ ਪਸ਼ੌਰਾ ਸਿੰਘ ਦੇ ਮਾਰੇ ਜਾਣ ਪਰ ਸਿਖ ਫੌਜਾਂ ਵਿਚ ਸ: ਜਵਾਹਰ ਸਿੰਘ ਵਿਰੁਧ ਸਖਤ ਜੋਸ਼ ਪੈਦਾ ਹੋ ਗਿਆ। ਗੁਲਾਬ ਸਿੰਘ ਡੋਗਰੇ ਦੇ ਵਕੀਲਾਂ ਨੇ ਫੌਜ ਨੂੰ ਬੇਹੱਦ ਭੜਕਾ ਦਿਤਾ। ਉਨ੍ਹਾਂ ਨੇ ਕੰਵਰ ਦਾ ਬਦਲਾ ਲੈਣ ਦਾ ਇਰਾਦਾ ਕਰ ਲਿਆ।

ਸ: ਜਵਾਹਰ ਸਿੰਘ ਨੇ ਫੌਜ ਦੇ ਸਰਦਾਰਾਂ ਨੂੰ ਵਢੀ ਦੇ ਕੇ ਬਚਣਾ ਚਾਹਿਆ। ਫੌਜੀਆਂ ਦੀ ਤਨਖਾਹ ੧੫ ਰੁਪੈ ਕਰਨ ਦਾ ਭਰੋਸਾ ਦੁਆਇਆ। ਪਰ ਉਸਦੀ ਇਹ ਚਾਲ ਸਫਲ ਨਾ ਹੋਈ।

ਸ: ਜਵਾਹਰ ਸਿੰਘ ਆਪਣੀ ਭੈਣ ਰਾਣੀ ਜਿੰਦਾਂ ਤੇ ਉਸ ਦੀ ਗੋਦ ਵਿਚ ਦਲੀਪ ਸਿੰਘ ਨੂੰ ਲੈ ਕੇ ਹਾਥੀ ਉਤੇ ਸੁਆਰ ਹੋ ਕੇ ਸ਼ਾਂਤ ਕਰਨ ਲਈ ਫੌਜ ਵਿਚ ਗਿਆ। ਫੌਜ ਨੇ ਹਾਥੀ ਬਿਠਾਕੇ ਸੂਦਾਰ ਨੇ ਪੁਛਿਆ—"ਦਸ ਤੂੰ ਕੰਵਰ ਪਸ਼ੌਰਾ ਸਿੰਘ ਨੂੰ ਕਿਉਂ ਮਰਵਾਇਆ ਹੈ ?"

ਉਹ ਉਤਾਰ ਦੇਣ ਹੀ ਲਗਾ ਸੀ ਕਿ ਇਕ ਸਿਪਾਹੀ ਨੇ ਗੋਲੀ ਮਾਰ ਕੇ ਸ: ਜਵਾਹਰ ਸਿੰਘ ਦਾ ਅੰਤ ਕਰ ਦਿਤਾ। ਇਹ ਘਟਨਾ ੧੨ ਸਤੰਬਰ ਸੰਨ ੧੮੪੫ ਈ: ਦੀ ਹੈ।

ਮ: ਰਣਜੀਤ ਸਿੰਘ ਦੇ ਬਾਅਦ ਡੋਗਰਿਆਂ ਅਤੇ ਸੰਧਾਵਾਲੀਆਂ ਨੇ ਲਾਹੌਰ ਦਰਬਾਰ ਵਿਚ ਈਰਖਾ ਤੇ ਦਵੈਸ਼ ਦੀ ਜੋ ਅਗਨੀ ਪ੍ਰਚੰਡ ਕੀਤੀ ਸੀ, ਉਸ ਨੇ ਰਾਜ ਘਰਾਣੇ ਨੂੰ ਭਸਮ ਕਰ ਦਿਤਾ।

ਸੰਤ ਬਾਬਾ ਬੀਰ ਸਿੰਘ ਜੀ ਨੇ ਉਸ ਅਗਨੀ ਨੂੰ ਸ਼ਾਂਤ ਕਰਣ ਲਈ ਆਪਣੀ ਅਹੂਤੀ ਦਿਤੀ ਤੇ ਸਾਨੂੰ ਇਹ ਸੰਦੇਸ਼ ਦਿਤਾ—"ਭਰਾਵਾਂ ਉਤੇ ਵਾਰ ਨਹੀਂ ਕਰਨਾ।"

"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥"

੧੯.

ਬਾਬਾ ਜੀ ਦੀ ਸ਼ਹੀਦੀ ਤੇ ਔਰੰਗਜ਼ੇਬ

ਪਿਛੇ ਦਸ ਆਏ ਹਾਂ ਕਿ ਬਾਬਾ ਬੀਰ ਸਿੰਘ ਜੀ ਦੀ ਦਰਦ-ਨਾਕ ਸ਼ਹੀਦੀ ਦਾ ਇਕ ਕਾਰਨ ਅੰਗਰੇਜ਼ਾਂ ਪਾਸੋਂ ਹੋ ਕੇ ਆਏ ਸੰਧਾਂਵਾਲੀਏ ਸ: ਅਤਰ ਸਿੰਘ ਆਦਿਕ ਸਨ। ਦੂਜੇ ਹੀਰਾ ਸਿੰਘ ਲਾਭ ਸਿੰਘ ਆਦਿਕ ਡੋਗਰੇ ਸਨ, ਜੋ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਸੰਧਾਂਵਾਲੀਆਂ ਤੇ ਡੋਗਰਿਆਂ ਦੀ ਰਾਜ ਦਰਬਾਰ ਪਰ ਕਾਬਜ਼ ਹੋਣ ਦੀ ਈਰਖਾ ਤੇ ਲੜਾਈ ਨੇ ਇਹ ਕਾਰਾ ਵਰਤਾਇਆ।

ਲਾਹੌਰ ਦਰਬਾਰ ਵਿਚ ਅੰਗਰੇਜ਼ਾਂ ਦੇ ਕਾਫੀ ਏਜੰਟ ਕੰਮ ਕਰ ਰਹੇ ਸਨ। ਉਨ੍ਹਾਂ ਦੀ ਚਾਲ ਇਹ ਸੀ ਕਿ ਸਿਖਾਂ ਵਿਚ ਕੋਈ ਪ੍ਰਭਾਵਸ਼ਾਲੀ ਵਿਅਕਤੀ ਅਜਿਹੀ ਨਾ ਰਹੇ, ਜਿਸ ਦੇ ਦੁਆਲੇ ਇਕਠੇ ਹੋਕੇ ਉਹ ਅੰਗਰੇਜ਼ ਸਾਮਰਾਜ ਵਿਰੁਧ ਘੋਲ ਕਰ ਸਕਣ।

ਸੰਧਾਂਵਾਲੀਆਂ ਤੇ ਡੋਗਰਿਆਂ ਨੇ ਬੁਰਛਾ ਗਰਦੀ ਦੀ ਜੇਹੜੀ ਜੁਆਲਾ ਪ੍ਰਚੰਡ ਕੀਤੀ ਸੀ, ਉਸ ਵਿਚ ਬਾਬਾ ਬੀਰ ਸਿੰਘ ਜੀ ਨੇ ਆਪਣੀ ਅਹੂਤੀ ਦੇ ਦਿਤੀ। ਉਸ ਹਾਲਤ ਨੂੰ ਪੈਦਾ ਕਰਨ ਵਿਚ ਅੰਗਰੇਜ਼ਾਂ ਦਾ ਭਾਰੀ ਹਿੱਸਾ ਸੀ।

ਆਜ਼ਾਦੀ ਦੇ ਬਾਅਦ ਭਾਰਤ ਸਰਕਾਰ ਦੇ ਰੀਕਾਰਡ ਵਿਚੋਂ

ਉਸ ਵਕਤ ਦੇ ਕੁਝ ਅੰਗਰੇਜ਼ਾਂ ਦੀਆਂ ਅਜਿਹੀਆਂ ਚਿਠੀਆਂ ਮਿਲੀਆਂ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਅੰਗਰੇਜ਼ ਬਾਬਾ ਬੀਰ ਸਿੰਘ ਜੀ ਦੇ ਜਨਤਕ ਪ੍ਰਭਾਵ ਅਤੇ ਸ਼ਹੀਦੀ ਦੇ ਹਾਲਾਤ ਤੋਂ ਚੰਗੀ ਤਰ੍ਹਾਂ ਜਾਣੂ ਸਨ।

8 ਅਪਰੈਲ 1844 ਨੂੰ ਕਰਨਲ ਰਿਚਮੰਡ ਏਜੰਟ ਸੂਬਾ ਸਰਹੱਦ ਨੇ ਗਵਰਨਰ ਜਨਰਲ ਨੂੰ ਇਕ ਚਿਠੀ ਲਿਖੀ। ਜਿਸ ਵਿਚ ਦਰਜ ਹੈ—

"ਭਾਈ ਬੀਰ ਸਿੰਘ ਦੀ ਪਵਿਤ੍ਰਤਾ ਅਤੇ ਮਹਾਨਤਾ ਸਾਰੀ ਸਿਖ ਜਨਤਾ ਵਿਚ ਪ੍ਰਸਿਧ ਹੈ। ਰਾਜਾ ਹੀਰਾ ਸਿੰਘ ਡੋਗਰਾ ਵਜ਼ੀਰ ਲਾਹੌਰ ਰਾਜ ਆਪਣੀ ਪੋਜ਼ੀਸ਼ਨ ਓਦੋਂ ਤੀਕ ਸੁਰਖਿਅਤ ਨਹੀਂ ਸਮਝਦਾ ਜਦ ਤੀਕ ਭਾਈ ਜੀ ਜ਼ਿੰਦਾ ਹਨ।"

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦੇ ਬਾਅਦ ਕਰਨਲ ਰਿਚਮੰਡ ਨੇ ਦੂਜੀ ਚਿਠੀ 11 ਮਈ 1844 ਨੂੰ ਗਵਰਨਰ ਜਨਰਲ ਨੂੰ ਲਿਖੀ। ਉਸ ਵਿਚ ਉਹ ਲਿਖਦਾ ਹੈ—

"ਅਜ ਮੈਨੂੰ ਡਾਕ ਰਾਹੀਂ ਲਾਹੌਰ ਤੋਂ ਇਤਲਾਹ ਪੁਜੀ ਹੈ ਕਿ ਸ: ਅਤਰ ਸਿੰਘ ਸੰਧਾਵਾਲੀਏ ਦੀ ਵਿਰੋਧਤਾ ਮੁਕੰਮਲ ਤੌਰ ਤੇ ਖਤਮ ਹੋ ਗਈ ਹੈ, ਜੇਹੜਾ ਹੀਰਾ ਸਿੰਘ ਦੀ ਥਾਂ ਮਿਲਣਾ ਚਾਹੁੰਦਾ ਸੀ। ਰਾਜਾ ਹੀਰਾ ਸਿੰਘ ਨੇ ਫੌਜਾਂ ਨੂੰ ਚੁਕਿਆ ਹੈ ਕਿ ਉਹ ਉਨ੍ਹਾਂ ਦੇ ਵਿਰੁਧ ਲੜਨ, ਜੇਹੜੇ ਮਹਾਰਾਜਾ ਦੇ ਤਖਤ ਨੂੰ ਬਰਬਾਦ ਕਰਨਾ ਚਾਹੁੰਦੇ ਹਨ। ਉਸ ਨੇ ਫੌਜਾਂ ਨੂੰ ਇਨਾਮ ਤੇ ਅਹੁਦੇ ਦੇਣ ਦਾ ਇਕਰਾਰ ਕੀਤਾ ਹੈ। ਉਸ ਨੇ ਫੌਜੀਆਂ ਨੂੰ ਇਹ ਕਹਿਕੇ ਵੀ ਉਕਸਾਇਆ ਹੈ ਕਿ ਸ੍ਰਦਾਰ ਤੇ ਭਾਈ ਬੀਰ ਸਿੰਘ ਸਾਡੇ (ਅੰਗਰੇਜ਼ਾਂ ਨਾਲ) ਮਿਲੇ ਹੋਏ ਹਨ। ਉਸ ਨੇ ਇਹ ਵੀ ਕਿਹਾ ਹੈ ਕਿ ਮੈਂ ਬਾਬਾ ਜੀ ਦਾ ਸ਼ਰਧਾਲੂ ਹਾਂ। ਉਨ੍ਹਾਂ ਦੇ ਧਾਰਮਿਕ ਆਚਰਨ ਦਾ ਸਤਕਾਰ ਕਰਦਾ ਹਾਂ ਪਰ ਉਹ ਸ੍ਰਕਾਰ ਦੇ ਕੰਮਾਂ ਵਿਚ ਦਖਲ ਦੇਂਦੇ ਹਨ, ਇਸ ਲਈ ਮੈਂ ਉਹਨਾਂ ਦੀ ਪਦਵੀ ਦੇ

ਵਿਰੁਧ ਹਥਿਆਰ ਚੁਕ ਰਿਹਾ ਹਾਂ, ਉਹਨਾਂ ਨਾਲ ਦੂਜੇ ਬਾਗੀਆਂ ਵਰਗਾ ਵਰਤਾਉ ਕੀਤਾ ਜਾਵੇਗਾ।"

"5 ਮਈ ਨੂੰ ਮੀਆਂ ਲਾਭ ਸਿਹੁੰ ਡੋਗਰੇ ਦੀ ਕਮਾਨ ਹੇਠਾਂ 20000 ਫੌਜਾਂ ਨੇ ਪੰਜਾਹ ਟੁਕੜੀਆ ਵਿਚ ਤੇ ਤੋਪਖਾਨਿਆਂ ਨੇ ਮਾਰਚ ਕੀਤਾ। ਉਹਨਾਂ ਨੇ 7 ਮਈ ਨੂੰ ਭਾਈ ਬੀਰ ਸਿੰਘ ਤੇ ਸਰਦਾਰਾਂ ਦੇ ਕੈਂਪ ਨੂੰ ਘੇਰਾ ਪਾ ਲਿਆ। ਕੈਂਪ ਸਤਲੁਜ ਦੇ ਸਜੇ ਕੰਢੇ ਤੇ ਕੁਝ ਹਰੀਕੇ ਪਤਨ ਤੋਂ ਥਲਵੇਂ ਪਾਸੇ ਫੀਰੋਜ਼ਪੁਰ ਤੋਂ 20 ਮੀਲ ਤੇ ਸੀ। ਭਾਈ ਬੀਰ ਸਿੰਘ ਨੂੰ ਆਖਿਆ ਗਿਆ ਕਿ ਉਹ ਸਰਦਾਰਾਂ ਦਾ ਸਾਥ ਨਾ ਦੇਣ। ਉਹ ਆਪਣੇ ਕੈਂਪ ਵਿਚ ਸ਼ਸਤ੍ਰ ਸਜ ਰਹੇ ਸਨ। ਉਹ ਧਾਰਮਿਕ ਤੌਰ ਤੇ ਬੜੇ ਪ੍ਰਸਿਧ ਸਨ।

ਭਾਈ ਸਾਹਿਬ ਨੇ ਸਰਦਾਰਾਂ ਤੋਂ ਵਖ ਹੋਣ ਦੀ ਨਾਂਹ ਕਰ ਦਿਤੀ। ਜਿਸ ਕਰਕੇ ਤੋਪਖਾਨੇ ਵਲੋਂ ਉਹਨਾਂ ਉਤੇ ਗੋਲਾਬਾਰੀ ਕੀਤੀ ਗਈ। ਭਾਈ ਸਾਹਿਬ ਆਪ ਤੇ ਸ: ਅਤਰ ਸਿੰਘ ਮਾਰੇ ਜਾਣ ਵਾਲਿਆਂ ਵਿਚੋਂ ਸਨ। ਸਰਦਾਰ ਦਾ ਕਟਿਆ ਹੋਇਆ ਸਿਰ ਲੋਕਾਂ ਨੂੰ ਵਿਖਾਉਣ ਲਈ ਲਾਹੌਰ ਭੇਜ ਦਿਤਾ ਗਿਆ। ਇਸਦੇ ਨਾਲ ਇਹ ਖਬਰ ਵੀ ਦਿਤੀ ਗਈ ਕਿ ਫੌਜਾਂ ਰਾਜਧਾਨੀ ਨੂੰ ਵਾਪਸ ਬੁਲਾ ਲਈਆਂ ਗਈਆਂ ਹਨ।"

"ਇਸ ਤੋਂ ਅੰਦਾਜ਼ਾ ਲਾਉਣਾ ਸੌਖਾ ਹੋਵੇਗਾ ਕਿ ਹੁਣ ਪੰਜਾਬ ਵਿਚ ਕੀ ਵਾਪਰੇਗਾ, ਰਾਜਾ ਹੀਰਾ ਸਿੰਘ ਜਦ ਤੀਕ ਫੌਜਾਂ ਨੂੰ ਪ੍ਰਸੰਨ ਤੇ ਉਹਨਾਂ ਦੀ ਰੁਚੀ ਆਪਣੇ ਵਲ ਰਖੇਗਾ, ਤਦ ਤੀਕ ਉਹ ਸ਼ਕਤੀਸ਼ਾਲੀ ਰਹੇਗਾ। ਉਸ ਦਾ ਕੋਈ ਨਿਸ਼ਾਨਾ ਹੋ ਸਕਦਾ ਹੈ ਤਾਂ ਉਹ ਇਹ ਹੈ ਕਿ ਸਿਖ ਸਰਦਾਰਾਂ ਨੂੰ ਕਮਜ਼ੋਰ ਕਰਕੇ ਖਤਮ ਕਰਨਾ ਤੇ ਫੌਜੀ ਤਾਕਤ ਨਾਲ ਰਾਜ ਕਾਇਮ ਰਖਣਾ।"

"ਇਹ ਗਲ ਬਹੁਤ ਥੋੜ੍ਹਾ ਚਿਰ ਚਲੇਗੀ । ਕਿਉਂਕਿ ਉਸ ਕੋਲ ਅਜਿਹੇ ਵਸੀਲੇ ਨਹੀਂ ਕਿ ਫੌਜ ਦੀਆਂ ਵਧਦੀਆਂ ਮੰਗਾਂ ਨੂੰ ਪੂਰਾ ਕਰ ਸਕੇ । ਛੇਤੀ ਹੀ ਇਹ ਰਾਜ ਨਿਕੇ ਨਿਕੇ ਸੂਬਿਆਂ ਅਤੇ ਜਿਲਿਆਂ ਵਿਚ ਬਗਾਵਤ ਦਾ ਰੂਪ ਧਾਰਨ ਕਰ ਲਵੇਗਾ । ਰਾਜਧਾਨੀ ਦੀ ਛੋਟੀ ਫੌਜ ਵੀ ਬਗਾਵਤ ਕਰਨ ਲਗ ਪਈ ਹੈ ।

ਮੈਨੂੰ ਕੋਈ ਆਸ ਨਹੀਂ ਕਿ ਇਥੇ ਕੋਈ ਮਜਬੂਤ ਤੇ ਯੋਗ ਸੂਕਾਰ ਬਣ ਸਕੇਗੀ, ਜਦ ਤੀਕ ਜੰਮੂ ਦੇ ਰਾਜੇ ਮੈਦਾਨੀ ਇਲਾਕਿਆਂ ਵਿਚ ਨਿਰਬਲ ਨਾ ਹੋਣ ਤੇ ਉਤਰੀ ਰਾਜਪੂਤਾਂ ਅਤੇ ਪੱਛਮ ਦੇ ਪਠਾਣਾਂ ਦੀ ਤਾਕਤ ਨੂੰ ਘਟਾਇਆ ਨਾ ਜਾਵੇ ।

ਸਿਖ ਰਾਜ ਨੂੰ ਖਤਮ ਅਤੇ ਪੰਜਾਬ ਉਤੇ ਕਬਜ਼ਾ ਕਰਨ ਲਈ ਅੰਗਰੇਜਾਂ ਨੇ ਇਹ ਛਲ ਨਾਟਕ ਆਪ ਸ਼ੁਰੂ ਕਰਵਾਇਆ ਸੀ । ਇਸ ਲਈ ਉਸ ਤੋਂ ਜਾਣੂ ਸਨ ।

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦੇ ਬਾਅਦ ਉਨ੍ਹਾਂ ਦੇ ਉਤਰ ਅਧਿਕਾਰੀ ਬਾਬਾ ਮਹਾਰਾਜ ਸਿੰਘ ਨੇ ਕਿਸ ਤਰ੍ਹਾਂ ਪੰਜਾਬ ਦੀ ਆਜ਼ਾਦੀ ਲਈ ਘੋਲ ਕੀਤਾ, ਗੋਰਾ ਸ਼ਾਹੀ ਨੇ ਉਨ੍ਹਾਂ ਨੂੰ ਕਿਸ ਤਰ੍ਹਾਂ ਜਲਾਵਤਨ ਕਰਕੇ ਮਾਰਿਆ ? ਇਹ ਦਰਦਨਾਕ ਵਾਰਤਾ ਅਗਲੇ ਕਾਂਡ ਵਿਚ ਪੇਸ਼ ਕੀਤੀ ਗਈ ।

੨੦.

ਸੰਤ ਬਾਬਾ ਬੀਰ ਸਿੰਘ ਜੀ ਦੇ ਜਾਨਸ਼ੀਨ

ਬਾਬਾ ਮਹਾਰਾਜ ਸਿੰਘ ਜੀ

ਜਨਮ 1780 ਦੇਹਾਂਤ 5 ਜੁਲਾਈ 1856

ਜਿਸ ਵਕਤ ਸ਼ੇਰੇ ਪੰਜਾਬ ਮਾ: ਰਣਜੀਤ ਸਿੰਘ ਦੇ ਰਾਜ ਭਾਗ ਦਾ ਸੂਰਜ ਡੁਬ ਰਿਹਾ ਸੀ, ਲਾਹੌਰ ਦਰਬਾਰ ਵਿਚ ਡੋਗਰਿਆਂ ਦੀਆਂ ਸਾਜ਼ਸਾਂ ਦੇ ਕਾਰਨ ਆਪਾ ਧਾਪੀ ਮਚੀ ਹੋਈ ਸੀ, ਸਿਖਾਂ ਦਾ ਕੋਈ ਯੋਗ ਆਗੂ ਨਹੀਂ ਰਹਿ ਗਿਆ ਸੀ, ਅੰਗਰੇਜ਼ਾਂ ਦੀ ਕੁਟਲ ਨੀਤੀ ਸਫਲ ਹੋ ਰਹੀ ਸੀ, ਪੰਜਾਬ ਵਿਚ ਬਦਅਮਨੀ ਤੇ ਬੇਚੈਨੀ ਫੈਲੀ ਹੋਈ ਸੀ, ਉਸ ਵਕਤ ਜਿਨ੍ਹਾਂ ਸੰਤਾਂ, ਮਹਾਤਮਾਂ, ਸੂਰਬੀਰ ਅਤੇ ਦੇਸ ਭਗਤਾਂ ਨੇ ਉਸ ਹਾਲਤ ਨੂੰ ਬਦਲਣ ਲਈ ਜਤਨ ਕੀਤਾ, ਸਿਖ ਰਾਜ ਦੇ ਬੁਝਦੇ ਦੀਵੇ ਨੂੰ ਆਪਣੇ ਲਹੂ ਦਾ ਤੇਲ ਪਾ ਕੇ ਟਿਮਟਿਮਾਉਂਦਾ ਰਖਣ ਦਾ ਉਦਮ ਕੀਤਾ, ਉਨ੍ਹਾਂ ਵਿਚੋਂ ਸੰਤ ਬਾਬਾ ਬੀਰ ਸਿੰਘ ਜੀ ਦੇ ਉਤਰ ਅਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਇਕ ਸਨ । ਆਪ ਉਚੇ ਦਰਜੇ ਦੇ ਭਜਨੀਕ ਸੇਵਕ ਅਤੇ ਸੰਤ ਸਿਪਾਹੀ ਸਨ । ਆਪ ਬਾਬਾ ਬੀਰ ਸਿੰਘ ਜੀ ਦੇ ਮੁਖੀ ਚੇਲਿਆਂ ਵਿਚੋਂ ਇਕ ਬਾਬਾ ਖੁਦਾ ਸਿੰਘ ਜੀ, ਸੰਤ ਮਹਿਤਾਬ ਸਿੰਘ, ਸੰਤ ਹੀਰਾ ਸਿੰਘ, ਭਾਈ ਮੋਹਰ ਸਿੰਘ ਅਤੇ ਬਾਬਾ ਪਤਾਸਾ ਸਿੰਘ ਗੁਜਰਾਂ ਵਾਲੇ ਦੇ ਗੁਰਭਾਈ ਸਨ ।

ਬਾਬਾ ਮਹਾਰਾਜ ਸਿੰਘ ਦਾ ਜਨਮ ਸੰਨ 1780 ਵਿਚ ਜ਼ਿਲਾ ਲੁਧਿਆਣੇ ਦੇ ਨਗਰ ਮਲੋਧ ਦੇ ਪਾਸ ਇਕ ਪਿੰਡ ਰਬੋਂ ਵਿਚ ਹੋਇਆ ।

ਪੰਡਤ ਸ਼ੇਰ ਸਿੰਘ ਨੇ "ਬੀਰ ਮ੍ਰਿਗੇਸ਼" ਵਿਚ ਲਿਖਿਆ ਹੈ ਕਿ ਬਾਬਾ ਜੀ ਦੇ ਜਨਮ ਮੈਨੂੰ ਦੁਆਬ ਦੇ ਉਰੇ ਇਲਾਕੇ ਪੁਆਧ 'ਚ ਹੋਇਆ । ਉਸ ਅਨੁਸਾਰ ਪਿੰਡ ਰਬੋਂ ਜ਼ਿਲਾ ਲੁਧਿਆਣਾ ਠੀਕ ਜਾਪਦਾ ਹੈ । ਮਾਤਾ ਪਿਤਾ ਨੇ ਇਨਾ ਦਾ ਨਾਂ ਨਿਹਾਲ ਸਿੰਘ ਰਖਿਆ ।

ਇਕ ਸਜਣ ਨੇ ਦਸਿਆ ਹੈ ਕਿ ਬਾਬਾ ਜੀ ਦਾ ਜਨਮ ਪਿੰਡ ਖਤੌਲੀ ਜ਼ਿਲਾ ਅੰਬਾਲਾ 'ਚ ਹੋਇਆ । ਪਰ ਬਾਬਾ ਜੀ ਦੇ ਗੁਰਭਾਈ ਤੇ ਬਾਬਾ ਖੁਦਾ ਸਿੰਘ ਜੀ ਦੇ ਸੇਵਕ ਪੰਡਤ ਸ਼ੇਰ ਸਿੰਘ ਜੀ ਲਿਖਤ "ਬੀਰ ਮ੍ਰਿਗੇਸ਼" ਵਿਚ ਜਨਮ ਪਿੰਡ ਰਬੋਂ ਵਿਚ ਹੀ ਲਿਖਿਆ ਹੈ,

ਇਸ ਲਈ ਇਹੀ ਦਰੁਸਤ ਸਮਝਣਾ ਚਾਹੀਦਾ ਹੈ।

ਮਹੰਤ ਦਿਆਲ ਸਿੰਘ "ਨਿਰਮਲ ਪੰਥ ਦਰਸ਼ਨ" ਵਿਚ ਲਿਖਦੇ ਹਨ ਕਿ ਬਾਬਾ ਮਹਾਰਾਜ ਸਿੰਘ ਜੀ ਦਾ ਜਨਮ ਇਲਾਕਾ "ਪੁਆਧ" ਵਿਚ ਹੋਇਆ। ਮਾਤਾ ਪਿਤਾ ਨੇ ਆਪ ਦਾ ਨਾਂ ਨਿਹਾਲ ਸਿੰਘ ਰਖਿਆ।

ਬਚਪਨ ਵਿਚ ਆਪ ਦੀ ਸੰਗਤ ਨਿਰਮਲੇ ਸੰਤਾਂ ਨਾਲ ਹੋਈ। ਆਪ ਨੇ ਠੀਕਰੀ ਵਾਲੇ ਵਿਚ ਬਾਬਾ ਤੋਤਾ ਸਿੰਘ ਦੇ ਡੇਰੇ ਵਿਚ ਅੰਮ੍ਰਿਤ ਛਕਿਆ। ਆਪ ਦਾ ਨਾਂ ਟਹਿਲ ਸਿੰਘ ਰਖਿਆ ਗਿਆ। (ਦੇਖੋ ਵਰਤਮਾਨ 8 ਜੂਨ 1953 ਲੇਖ "ਅਸ਼ੋਕ" ਜੀ)

ਭਾਈ ਸਮੁੰਦ ਸਿੰਘ ਨੌਰੰਗਾਬਾਦ ਦੀ ਸੰਗਤ ਕਰਕੇ ਆਪ ਦਾ ਸੰਤ ਬਾਬਾ ਬੀਰ ਸਿੰਘ ਜੀ ਨਾਲ ਮਿਲਾਪ ਹੋਇਆ।

ਕਹਿੰਦੇ ਹਨ ਕਿ ਜਦ ਭਾਈ ਸਮੁੰਦ ਸਿੰਘ ਨਿਹਾਲ ਸਿੰਘ ਨੂੰ ਨਾਲ ਲੈ ਕੇ ਨੌਰੰਗਾਬਾਦ ਵਿਚ ਬਾਬਾ ਬੀਰ ਸਿੰਘ ਜੀ ਦੀ ਸੇਵਾ ਵਿਚ ਪੁਜੇ, ਤਦ ਉਨਾਂ ਨੇ ਪੁਛਿਆ—

"ਇਹ ਨੌਜਵਾਨ ਕਿਸ ਤਰ੍ਹਾਂ ਆਇਆ ਹੈ?"

ਭਾਈ ਸਮੁੰਦ ਸਿੰਘ ਨੇ ਉਤਰ ਦਿਤਾ—"ਮਹਾਰਾਜ, ਇਹ ਆਪ ਦੀ ਸੇਵਾ ਵਿਚ ਭਜਨ, ਸਿਮਰਨ, ਸਤਿਸੰਗ ਤੇ ਨਿਸ਼ਕਾਮ ਸੇਵਾ ਕਰਨ ਲਈ ਹਾਜ਼ਰ ਹੋਇਆ ਹੈ।"

ਬਾਬਾ ਜੀ ਨੇ ਫੁਰਮਾਇਆ "ਇਸ ਨੂੰ ਲੰਗਰ ਦੀ ਸੇਵਾ ਲਾ ਦਿਓ।"

ਨਿਹਾਲ ਸਿੰਘ ਨੇ ਬਾਬਾ ਜੀ ਦੇ ਲੰਗਰ ਵਿਚ ਅਤੁਟ ਸੇਵਾ ਕੀਤੀ। ਪੰਡਤ ਸ਼ੇਰ ਸਿੰਘ ਜੀ "ਬੀਰ ਮ੍ਰਿਗੇਸ਼" ਵਿਚ ਲਿਖਦੇ ਹਨ ਕਿ ਸੰਤ ਬਾਬਾ ਬੀਰ ਸਿੰਘ ਜੀ ਦੇ ਡੇਰੇ ਨੌਰੰਗਾਬਾਦ ਦੇ ਲੰਗਰ ਵਿਚ ਕਈ ਵੇਰ ਵੀਹ ਵੀਹ ਹਜ਼ਾਰ ਆਦਮੀ ਪ੍ਰਸ਼ਾਦ ਛਕਦੇ ਸਨ। ਸੱਤ ਸੌ ਮਣ ਆਟਾ ਅਤੇ ਢਾਈ ਸੌ ਮਣ ਦਾਲ ਖਰਚ ਹੁੰਦੀ ਸੀ।

(ਪੰਨਾ 1885)

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਾਬਾ ਬੀਰ ਸਿੰਘ ਜੀ ਦੇ ਡੇਰੇ ਦੇ ਲੰਗਰ ਦੀ ਸੇਵਾ ਕਿਤਨੀ ਮੁਸ਼ਕਲ ਸੀ।

ਨਿਹਾਲ ਸਿੰਘ ਜੀ ਲੰਗਰ ਦੀ ਸੇਵਾ ਵਿਚ ਹਰ ਵਕਤ ਜੁਟੇ ਰਹਿੰਦੇ ਸਨ। ਦਾਲਾ ਪ੍ਰਸ਼ਾਦਾ ਵਰਤਾਉਣ ਸਮੇਂ ਆਪ ਛਕਣ ਵਾਲਿਆਂ ਨੂੰ ਕਹਿੰਦੇ ਸਨ–"ਲਓ ਮਹਾਰਾਜ ਜੀ, ਛਕੋ ਮਹਾਰਾਜ ਜੀ। ਇਸ ਲਈ ਆਪ ਦਾ ਨਾਂ ਹੀ ਮਹਾਰਾਜ ਸਿੰਘ ਪ੍ਰਚਲਤ ਹੋ ਗਿਆ।

ਬਾਬਾ ਬੀਰ ਸਿੰਘ ਜੀ ਆਪ ਦੀ ਅਤੁਟ ਸੇਵਾ, ਮਨ ਨੀਵਾਂ ਤੇ ਮਤਿ ਉਚੀ ਵੇਖ ਕੇ ਬਹੁਤ ਪ੍ਰਸੰਨ ਸਨ।

ਬਾਬਾ ਮਹਾਰਾਜ ਸਿੰਘ ਜੀ ਬੜੇ ਸੁੰਦਰ ਅਤੇ ਸਡੌਲ ਜਵਾਨ ਸਨ। ਭਜਨ ਸਿਮਰਨ, ਸਤਿਸੰਗ ਅਤੇ ਲੰਗਰ ਦੀ ਸੇਵਾ ਕਰਨ ਦੇ ਨਾਲ ਆਪ ਚੰਗੇ ਘੋੜ ਸਵਾਰ ਤੇ ਸਸ਼ਤ੍ਰ ਅਭਿਆਸੀ ਸਨ। ਇਸ ਲਈ ਸਿਖ ਸੰਗਤਾਂ ਵਿਚ ਵੀ ਆਪ ਦਾ ਬੜਾ ਮਾਣ ਸਤਕਾਰ ਸੀ।

ਹਰੇਕ ਮਨੁਖ ਆਪਣੇ ਆਲੇ ਦੁਆਲੇ ਦੇ ਹਾਲਾਤ ਅਤੇ ਵਾਤਾਵਰਣ ਤੋਂ ਬਹੁਤ ਪ੍ਰਭਾਵਤ ਹੁੰਦਾ ਹੈ। ਉਸ ਵਕਤ ਲਾਹੌਰ ਦਰਬਾਰ ਵਿਚ ਆਪਾ ਧਾਪੀ ਮਚੀ ਹੋਈ ਸੀ। ਡੋਗਰਿਆਂ ਤੇ ਅੰਗਰੇਜ਼ਾਂ ਦੀਆਂ ਕੁਟਲ ਚਾਲਾਂ ਨਾਲ ਰਾਜ ਘਰਾਣੇ ਦੇ ਸਾਰੇ ਆਦਮੀ ਇਕ ਇਕ ਕਰਕੇ ਮਾਰੇ ਜਾ ਰਹੇ ਸਨ। ਸੰਤ ਬਾਬਾ ਬੀਰ ਸਿੰਘ ਜੀ ਵਰਗੇ ਮਹਾਂ ਪੁਰਸ਼ਾਂ ਨੂੰ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ ਸੀ।

ਇਹ ਸਾਰੇ ਦ੍ਰਿਸ਼ ਬਾਬਾ ਮਹਾਰਾਜ ਸਿੰਘ ਜੀ ਨੇ ਅੱਖੀਂ ਵੇਖੇ ਸਨ। ਉਸ ਵਕਤ ਸਿਖ ਰਾਜ ਦੀ ਬੇੜੀ ਵਿਚ ਅੰਦਰੋਂ ਛੇਕ

ਪੈ ਚੁਕੇ ਸਨ ਤੇ ਬਾਹਰੋਂ ਛੱਲਾਂ ਪੈ ਰਹੀਆਂ ਸਨ । ਕਿਸੇ ਉਰਦੂ ਦੇ ਸ਼ਾਇਰ ਦਾ ਕਥਨ ਹੈ--

ਅਗਰ ਕਿਸ਼ਤੀ ਹੋ ਤੂਫਾਂ ਮੇਂ ਤੋ ਕਾਮ ਆਤੀ ਹੈਂ ਤਦਬੀਰੇਂ ।
ਮਗਰ ਕਿਸ਼ਤੀ ਮੇਂ ਤੂਫਾਂ ਹੋ ਤੋ ਮਿਟ ਜਾਤੀ ਹੈਂ ਤਕਦੀਰੇਂ ।

ਬਾਬਾ ਜੀ ਦੀ ਸ਼ਹੀਦੀ ਉਪ੍ਰੰਤ ਨੌਰੰਗਾਬਾਦ ਵਿਚ ਸਿਖ ਸੰਗਤਾਂ ਸੰਤਾਂ ਮਹੰਤਾਂ ਦਾ ਭਾਰੀ ਸਮਾਗਮ ਹੋਇਆ । ਉਨ੍ਹਾਂ ਨਮਿਤ ਰਖੇ ਗਏ ਗੁਰਬਾਣੀ ਦੇ ਪਾਠ ਦੀ ਸਮਾਪਤੀ ਸਮੇਂ ਉਤਰ ਅਧਿਕਾਰੀ ਤੇ ਡੇਰੇ ਦਾ ਮੁਖੀ ਨੀਯਤ ਕਰਨ ਪਰ ਵਿਚਾਰ ਹੋਈ । ਬਾਬਾ ਖੁਦਾ ਸਿੰਘ ਜੀ ਨੇ ਕਿਹਾ--"ਮਹਾਰਾਜ ਸਿੰਘ ਜੀ ਨੇ ਲੰਗਰ ਅਤੇ ਡੇਰੇ ਦੀ ਅਤੁਟ ਕਰੜੀ ਸੇਵਾ ਕੀਤੀ ਹੈ । ਇਸ ਲਈ ਇਨਾਂ ਨੂੰ ਦਸਤਾਰ ਦਿਤੀ ਜਾਵੇ ।"

ਸਰਬਤ ਸੰਗਤ ਨੇ ਬਾਬਾ ਖੁਦਾ ਸਿੰਘ ਜੀ ਦੀ ਇਸ ਤਜਵੀਜ਼ ਨੂੰ ਪ੍ਰਵਾਨ ਕੀਤੀ । ਬਾਬਾ ਮਹਾਰਾਜ ਸਿੰਘ ਨੂੰ ਦਸਤਾਰ ਦਿਤੀ ਗਈ । ਉਹ ਡੇਰੇ ਦੇ ਮੁਖੀ ਤੇ ਬਾਬਾ ਸਿੰਘ ਜੀ ਦੇ ਜਾਨਸ਼ੀਨ ਨੀਯਤ ਕੀਤੇ ਗਏ ।

ਬਾਬਾ ਮਹਾਰਾਜ ਸਿੰਘ ਨੇ ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਪਿਛੋਂ ਇਕ ਸਾਲ ਨੌਰੰਗਾਬਾਦ ਵਿਚ ਨਿਵਾਸ ਕੀਤਾ । ਸਤਿਸੰਗ ਤੇ ਸੇਵਾ ਦਾ ਪ੍ਰਵਾਹ ਚਲਾਇਆ । ਫਿਰ ਡੇਰੇ ਦਾ ਪ੍ਰਬੰਧ ਬਾਬਾ ਖੁਦਾ ਸਿੰਘ ਜੀ ਤੇ ਛੋਟੇ ਬਾਬਾ ਬੀਰ ਸਿੰਘ ਦੇ ਸਪੁਰਦ ਕਰਕੇ ਆਪ ਮੁਠਿਆਂ ਵਾਲੇ ਚਲੇ ਗਏ । ਉਥੇ ਆਪ ਨੇ ਬਾਬਾ ਬੀਰ ਸਿੰਘ ਦੀ ਯਾਦ ਵਿਚ ਅਸਥਾਨ ਬਣਵਾਇਆ ।

ਬਾਬਾ ਜੀ ਮੁਠਿਆਂ ਵਾਲੇ ਦਾ ਅਸਥਾਨ ਬਨਾਉਣ ਦੇ ਉਪ੍ਰੰਤ ਗੁਰੂ ਕੀ ਨਗਰੀ ਅੰਮ੍ਰਿਤਸਰ ਆ ਗਏ । ਇਥੇ ਵੀ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ ।

ਅੰਮ੍ਰਿਤਸਰ ਵਿਚ ਆਪ ਨੇ ਇਕ ਬਹੁਤ ਵਡਾ ਭੰਡਾਰਾ ਕੀਤਾ । ਜਿਸ ਵਿਚ ਹਜ਼ਾਰਾਂ ਸਾਧੂ ਸੰਤ, ਹਿੰਦੂ ਮੁਸਲਮਾਨ ਤੇ ਸਿਖ

ਸ਼ਾਮਲ ਹੋਏ । ਉਸ ਮਹਾਨ ਇਕੱਠ ਨੂੰ ਵੇਖਕੇ ਅੰਗਰੇਜ਼ ਬਾਬਾ ਜੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲਗ ਪਏ । ਉਹ ਕਿਸੇ ਵਿਅਕਤੀ ਦੁਆਲੇ ਏਨੇ ਲੋਕਾਂ ਦਾ ਇਕੱਤ੍ਰ ਹੋਣਾ ਆਪਣੇ ਲਈ ਖਤਰਨਾਕ ਸਮਝਦੇ ਸਨ । ਉਨ੍ਹਾਂ ਨੇ ਪੁਲੀਸ ਤਾਈਨਾਤ ਕਰਕੇ ਆਪ ਦੀ ਨਿਗਰਾਨੀ ਸ਼ੁਰੂ ਕਰ ਦਿਤੀ ।

ਸੰਨ ੧੮੪੫ ਵਿਚ ਸਿਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਸ਼ੁਰੂ ਹੋ ਗਈਆਂ । ਪਹਿਲੀ ਲੜਾਈ ੧੯ ਦਸੰਬਰ ੧੮੪੬ ਨੂੰ ਮੁਦਕੀ ਵਿਚ ਹੋਈ । ਦੂਜੀ ੨੧ ਦਸੰਬਰ ਨੂੰ ਫੇਰੂ ਸ਼ਹਿਰ ਅਤੇ ਤੀਜੀ ਲੜਾਈ ੧੦ ਫਰਵਰੀ ੧੮੪੬ ਨੂੰ ਸਭਰਾਵਾਂ ਵਿਚ ਹੋਈ, ਜਿਸ ਵਿਚ ਸ: ਸ਼ਾਮ ਸਿੰਘ ਅਟਾਰੀ ਸ਼ਹੀਦ ਹੋਏ ।

ਇਨ੍ਹਾਂ ਲੜਾਈਆਂ ਵਿਚ ਅੰਗਰੇਜ਼ਾਂ ਨੂੰ ਬੀਰਤਾ ਦੇ ਕਾਰਨ ਨਹੀਂ, ਬਲਕਿ ਕੂਟਲ ਨੀਤੀ ਲਾਲ ਸਿੰਘ, ਤੇਜਾ ਸਿੰਘ ਤੇ ਪਹਾੜਾ ਸਿੰਘ ਵਰਗੇ ਗਦਾਰਾਂ ਦੀ ਸਹਾਇਤਾ ਨਾਲ ਜਿੱਤ ਤੇ ਸਿਖਾਂ ਨੂੰ ਹਾਰ ਹੋਈ । ਇਨ੍ਹਾਂ ਲੜਾਈਆਂ ਤੋਂ ਪਿਛੋਂ ਲਾਹੌਰ ਦਰਬਾਰ ਉਤੇ ਅੰਗਰੇਜ਼ਾਂ ਦਾ ਪੂਰਾ ੨ ਕਬਜ਼ਾ ਹੋ ਗਿਆ । ਉਨ੍ਹਾਂ ਨੇ ਰਾਣੀ ਜਿੰਦਾਂ ਨੂੰ ਕੈਦ ਕਰ ਦਿਤਾ ।

ਰਾਣੀ ਜਿੰਦਾਂ ਜਦ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਉਂਦੀ ਸੀ, ਉਹ ਦਲੀਪ ਸਿੰਘ ਨੂੰ ਨਾਲ ਲੈਕੇ ਬਾਬਾ ਮਹਾਰਾਜ ਸਿੰਘ ਦੀ ਸੇਵਾ ਵਿਚ ਵੀ ਹਾਜ਼ਰ ਹੁੰਦੀ ਸੀ । ਇਸ ਲਈ ਅੰਗਰੇਜ਼ ਬਾਬਾ ਜੀ ਨੂੰ ਕੈਰੀ ਅੱਖ ਨਾਲ ਤਕਦੇ ਸਨ । ਸਿਖਾਂ ਵਿਚ ਉਨ੍ਹਾਂ ਦੇ ਅਸਰ ਰਸੂਖ ਨੂੰ ਆਪਣੇ ਲਈ ਹਾਨੀਕਾਰਕ ਸਮਝਦੇ ਸਨ ।

ਗੋਰੇ ਹਾਕਮਾਂ ਨੇ ਬਾਬਾ ਮਹਾਰਾਜ ਸਿੰਘ ਜੀ ਵਿਰੁਧ ਇਕ ਸਾਜ਼ਸ਼ ਕੇਸ ਬਨਾਉਣ ਲਈ ਇਕ ਪਹਾੜੀਏ "ਪ੍ਰੇਮੇ" ਨੂੰ ਕਾਬੂ ਕੀਤਾ । ਉਹ ਰਾਜਾ ਗੁਲਾਬ ਸਿੰਘ ਦਾ ਬਾਡੀ ਗਾਡ ਰਹਿ ਚੁਕਾ ਸੀ । ਪ੍ਰੇਮੇ ਨੇ ਅੰਗਰੇਜ਼ ਅਫਸਰਾਂ ਕੋਲ ਬਿਆਨ ਦਿਤਾ ਕਿ ਬਾਬਾ ਮਹਾਰਾਜ ਸਿੰਘ ਰੈਜੀਡੈਂਟ ਲਾਰੰਸ ਤੇ ਉਸਦੇ ਸਾਥੀਆਂ ਨੂੰ ਕਤਲ

ਕਰਨਾ ਚਾਹੁੰਦਾ ਹੈ। ਉਸਦੀ ਮਹਾਰਾਣੀ ਜਿੰਦਾਂ ਨਾਲ ਗੁਪਤ ਗੰਢ ਤ੍ਰੁਪ ਹੈ। ਉਸ ਬਾਰੇ ਲੈਫਟੀਨੈਂਟ ਕਰਨਲ ਐਚ. ਐਮ. ਲਾਰੰਸ ਨੇ 1 ਜੂਨ 1847 ਨੂੰ ਲਾਹੌਰ ਤੋਂ ਇਕ ਚਿਠੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਲਿਖੀ। ਜਿਸ ਵਿਚ ਦਰਜ ਹੈ–

"ਪ੍ਰੇਮਾ ਚਾਰ ਵੇਰ ਮੈਨੂੰ ਮਿਲ ਚੁਕਾ ਹੈ। ਉਹ ਕਹਿੰਦਾ ਹੈ ਕਿ ਭਾਈ ਮਹਾਰਾਜ ਸਿੰਘ ਅੰਮ੍ਰਿਤਸਰ ਦਾ ਪ੍ਰਭਾਵਸ਼ਾਲੀ ਸਿਖ ਹੈ। ਉਸਦੇ ਸ਼ੱਕੀਆਂ ਵਿਹਾਰ ਬਾਰੇ ਮੈਨੂੰ ਕਈ ਰਪੋਰਟਾਂ ਮਿਲ ਚੁਕੀਆਂ ਹਨ ਕਿ ਉਹ ਹਰ ਅਜੇਹਾ ਕੰਮ ਕਰ ਦਿੰਦਾ ਹੈ, ਜੇਹੜਾ ਕਿ ਉਸਨੂੰ ਮਹਾਰਾਣੀ ਕਹਿੰਦੀ ਹੈ। ਉਦਾਹਰਨ ਦੇ ਤੌਰ ਤੇ ਉਸ ਨੇ ਦੀਵਾਨ ਦੀਨਾ ਨਾਥ, ਸੰ: ਤੇਜਾ ਸਿਹੁੰ ਤੇ ਸ: ਸ਼ੇਰ ਸਿੰਘ ਨੂੰ ਮਾਰਨ ਲਈ ਕਿਹਾ।"

"ਮਹਾਰਾਣੀ (ਜਿੰਦਾਂ) ਦਾ ਇਕ ਮੁਣਸ਼ੀ ਉਸਦਾ ਸੁਨੇਹਾ ਲੈਕੇ ਉਨ੍ਹਾਂ ਨੂੰ ਮਿਲਿਆ ਹੈ। ਉਸਨੇ ਇਹ ਦਸਿਆ ਹੈ ਕਿ ਫਲਾਣਾ ਫਲਾਣਾ ਸ੍ਰਦਾਰ ਅਤੇ ਫੌਜਾਂ ਸਾਡੇ ਨਾਲ ਮਿਲ ਗਈਆਂ ਹਨ।

ਇਕ ਗਰੰਥੀ ਜਿਸ ਦਾ ਨਾਮ ਪ੍ਰੇਮੇ ਨੇ ਦਸਿਆ ਹੈ, ਉਸ ਨੇ ਬੜੇ ਅਨਮੰਨੇ ਜੇਹੇ ਦਿਲ ਨਾਲ ਦਸਿਆ ਹੈ ਕਿ ਜਿੰਦਾਂ ਦੇ ਮੁਨਸ਼ੀ ਦੀ ਇਕ ਮੁਲਾਕਾਤ ਮਹਾਰਾਜ ਸਿੰਘ ਨਾਲ ਹੋਈ। ਦੋ ਅਜੇਹੇ ਨੇਤਾ ਹਨ, ਜਿੰਨ੍ਹਾਂ ਦਾ ਅਜੇ ਪਤਾ ਨਹੀਂ ਲਗ ਸਕਿਆ।

"ਅਸੀਂ ਪ੍ਰੇਮੇ ਨੂੰ ਬਾਰਾਂ ਸਰਦਾਰਾਂ ਦੇ ਪੇਸ਼ ਕੀਤਾ ਹੈ, ਉਹ ਇਹ ਸਮਝਦੇ ਹਨ ਕਿ ਪ੍ਰੇਮਾ ਬੂਟਾ ਸਿੰਘ ਨੂੰ ਮਿਲਿਆ ਸੀ ਤੇ ਉਸ ਨੂੰ ਰਾਣੀ ਨੇ ਹੀ ਮਹਾਰਾਜ ਸਿੰਘ ਕੋਲ ਭੇਜਿਆ ਸੀ।

ਇਸ ਚਿਠੀ ਵਿਚ ਅਗੇ ਚਲਕੇ ਲਿਖਿਆ ਹੈ–

"ਪ੍ਰੇਮਾ ਗਲਾਂ ਤੇ ਕਰਦਾ ਹੈ ਕਿ ਕਈ ਸਰਦਾਰ ਇਸ ਨਾਲ ਸੰਬੰਧ ਰਖਦੇ ਹਨ, ਪਰ ਸਬੂਤ ਕੋਈ ਨਹੀਂ ਦੇ ਸਕਦਾ।*

*ਭਾਈ ਮਹਾਰਾਜ ਸਿੰਘ ਲਿਖਤ ਨਾਹਰ ਸਿੰਘ ਪੰਨਾ 1–3

ਜਿਸ ਕੇਸ ਦਾ ਸੂਕਾਰੀ ਮੁਖਬਰ ਪ੍ਰੇਮਾ ਕੋਈ ਸਬੂਤ ਨਹੀਂ ਦੇ ਸਕਿਆ, ਉਸਦੇ ਆਧਾਰ ਪਰ ਗੋਰਾ ਸ਼ਾਹੀ ਨੇ ਬਾਬਾ ਮਹਾਰਾਜ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਚੜ੍ਹਾ ਦਿਤਾ।

ਇਕ ਜੈਮਲ ਸਿੰਘ ਥਾਣੇਦਾਰ ਪੰਜਾਹ ਸਿਪਾਹੀ ਲੈਕੇ 15 ਜੂਨ 1847 ਨੂੰ ਬਾਬਾ ਜੀ ਦੇ ਡੇਰੇ ਅੰਮ੍ਰਿਤਸਰ ਪੁਜਾ, ਪਰ ਉਹ ਅਲੋਪ ਹੋ ਚੁਕੇ ਸਨ। ਥਾਣੇਦਾਰ ਨੇ ਉਨਾਂ ਦੀ ਨਿਗਰਾਨੀ ਲਈ ਤਾਈਨਾਤ ਜੀਵਨ ਸਿੰਘ ਪੁਲੀਸ ਇੰਚਾਰਚ ਨੂੰ ਗ੍ਰਿਫਤਾਰ ਕਰ ਲਿਆ। ਉਸ ਵਿਰੁਧ ਇਹ ਦੂਸ਼ਨ ਲਾਇਆ ਕਿ ਉਸ ਨੇ ਬਾਬਾ ਜੀ ਨੂੰ ਨਠਾ ਦਿਤਾ ਹੈ। ਜੀਵਨ ਸਿੰਘ ਨੂੰ ਉਸ ਵਕਤ ਰਿਹਾ ਕੀਤਾ ਗਿਆ, ਜਦ ਕਿ ਉਸ ਨੇ ਉਨ੍ਹਾਂ ਦੀ ਗ੍ਰਿਫਤਾਰੀ ਦਾ ਭਰੋਸਾ ਦੁਆਇਆ।

ਸ: ਤੇਜਾ ਸਿਹੁੰ ਨੇ ਅੰਗਰੇਜ਼ਾਂ ਨੂੰ ਰਾਇ ਦਿਤੀ ਕਿ ਭਾਈ ਮਹਾਰਾਜ ਸਿੰਘ ਦਾ ਅਲੋਪ ਹੋਣਾ ਇਸ ਗਲ ਦਾ ਸਬੂਤ ਹੈ ਕਿ ਉਹ ਪ੍ਰੇਮੇ ਦੀ ਸਾਜ਼ਸ਼ ਵਿਚ ਸ਼ਾਮਲ ਹੈ।

ਸੂਕਾਰ ਅੰਗਰੇਜ਼ੀ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ ਜੇਹੜਾ ਭਾਈ ਮਹਾਰਾਜ ਸਿੰਘ ਨੂੰ ਪਨਾਹ ਦੇਵੇਗਾ ਉਸ ਦਾ ਘਰ ਘਾਟ, ਜਾਇਦਾਦ ਤੇ ਜਗੀਰ ਆਦਿਕ ਜ਼ਬਤ ਕੀਤੀ ਜਾਏਗੀ। ਉਨਾਂ ਦੀ ਗ੍ਰਿਫਤਾਰੀ ਲਈ ਇਕ ਹਜ਼ਾਰ ਰੁਪਏ ਇਨਾਮ ਵੀ ਰਖਿਆ ਗਿਆ।

21 ਜੂਨ 1847 ਨੂੰ ਸੂਕਾਰ ਨੂੰ ਇਤਲਾਹ ਮਿਲੀ ਕਿ ਭਾਈ ਮਹਾਰਾਜ ਸਿੰਘ ਨਗਰ ਹੁਡਿਆਰਾ ਜ਼ਿਲਾ ਲਾਹੌਰ ਵਿਚ ਹਨ। ਹੁਡਿਆਰਾ ਲਾਲ ਹੰਸ ਰਾਜ ਦੇ ਇਲਾਕੇ ਵਿਚ ਸੀ। ਉਸ ਨੂੰ ਹੁਕਮ ਦਿਤਾ ਗਿਆ ਕਿ ਭਾਈ ਮਹਾਰਾਜ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਉਥੋਂ ਦੇ ਜ਼ਿਮੀਂਦਾਰਾਂ ਪਰ ਦਬਾ ਪਾਇਆ ਜਾਵੇ। ਇਕ ਸੌ ਸਵਾਰ ਮਾਝੇ ਦੇ ਪਿੰਡਾਂ ਵਿਚ ਬਾਬਾ ਜੀ ਦੀ ਭਾਲ ਲਈ

ਭੇਜੇ ਗਏ, ਪਰ ਉਹ ਨਾ ਮਿਲ ਸਕੇ । ਪਿੰਡਾਂ ਵਿਚ ਕਾਫੀ ਸਖਤੀ ਕੀਤੀ ਗਈ।

੨੩ ਜੂਨ ੧੯੪੭ ਨੂੰ ਸ: ਲਹਿਣਾ ਸਿੰਘ ਮਜੀਠੀਏ ਨੂੰ ਹੁਕਮ ਦਿਤਾ ਗਿਆ ਕਿ ਉਹ ਅੰਮ੍ਰਿਤਸਰ ਜਾ ਕੇ ਬਾਬਾ ਮਹਾਰਾਜ ਸਿੰਘ ਦੀ ਜਾਇਦਾਦ ਤੇ ਮਾਲ ਡੰਗਰ ਨੀਲਾਮ ਕਰ ਦੇਵੇ। ਸਰਦਾਰ ਨੇ ਛੇ ਹਜ਼ਾਰ ਰੁਪਏ ਵਿਚ ਜਾਇਦਾਦ ਨੀਲਾਮ ਕਰ ਦਿਤੀ ਅਤੇ ਪ੫ ਗਊਆਂ ਮਹੀਆਂ ਗਰੰਥੀਆਂ ਤੇ ਨਿਹੰਗਾਂ ਸਿੰਘਾਂ ਨੂੰ ਦੇ ਦਿਤੀਆਂ।

ਲਾਹੌਰ ਦੇ ਲਾਗੇ ਇਕ ਪਿੰਡ ਵਿਚ ਬਰੂਦ ਫਟ ਗਿਆ। ਗੋਰਿਆਂ ਨੂੰ ਸ਼ੱਕ ਪਿਆ ਕਿ ਇਹ ਭਾਈ ਮਹਾਰਾਜ ਸਿੰਘ ਦਾ ਕਾਰਾ ਹੈ । ਉਨ੍ਹਾਂ ਨੇ ਪੁਲੀਸ ਤੇ ਫ਼ੌਜ ਭੇਜ ਕੇ ਪਿੰਡਾਂ ਵਿਚ ਵਧੇਰੇ ਸਖਤੀ ਦਾ ਚੱਕਰ ਚਲਾ ਦਿਤਾ । ਕਈ ਪੰਚ ਗ੍ਰਿਫਤਾਰ ਕਰਕੇ ਜੇਹਲ ਵਿਚ ਬੰਦ ਕਰ ਦਿਤੇ । ਇਹ ਨਾਦਰਸ਼ਾਹੀ ਹੁਕਮ ਵੀ ਦਿਤਾ ਗਿਆ ਕਿ ਬਾਗੀ ਆਗੂ ਨਾਲ ਸਬੰਧ ਰਖਣ ਵਾਲੇ ਦੇ ਨੱਕ ਤੇ ਕੰਨ ਕਟ ਦਿਤੇ ਜਾਣਗੇ।

ਅੰਗਰੇਜ਼ਾਂ ਨੂੰ ਇਹ ਵੀ ਸ਼ੱਕ ਸੀ ਕਿ ਰਾਣੀ ਜਿੰਦਾਂ ਤੇ ਮਹਾਰਾਜ ਸਿੰਘ ਮਿਲਕੇ ਉਨ੍ਹਾਂ ਵਿਰੁਧ ਜਹਾਦ ਕਰ ਰਹੇ ਹਨ। ਇਸ ਲਈ ੧੯ ਅਗਸਤ ੧੯੪੭ ਨੂੰ ਰਾਣੀ ਜਿੰਦਾਂ ਨੂੰ ਕੈਦੀ ਬਣਾ ਕੇ ਲਾਹੌਰ ਤੋਂ ਕਿਲ੍ਹਾ ਸ਼ੇਖੂਪੁਰਾ ਵਿਚ ਪੁਚਾ ਦਿਤਾ ਗਿਆ।

ਅੰਗਰੇਜ਼ ਬਾਬਾ ਮਹਾਰਾਜ ਸਿੰਘ ਜੀ ਦੇ ਅਸਰ ਰਸੂਖ ਤੋਂ ਚੰਗੀ ਤਰ੍ਹਾਂ ਵਾਕਫ ਸਨ, ਇਸ ਲਈ ਉਹਨਾਂ ਦੀ ਸਖਤ ਨਿਗਰਾਨੀ ਰਖਦੇ ਸਨ । ਬਾਬਾ ਜੀ ਨੇ ਲਾਹੌਰ ਦਰਬਾਰ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਦੇ ਬਾਅਦ ਵੀ ਸਿੱਖ ਫੌਜੀਆਂ ਨੂੰ ਜਥੇਬੰਦ ਕਰਕੇ ਵਿਦੇਸ਼ੀ ਸਾਮਰਾਜ ਵਿਰੁਧ ਖੜੇ ਕਰਨ ਦੀ ਕੋਸ਼ਿਸ਼ ਕੀਤੀ।

ਕਿਸੇ ਨੇ ਸਰ ਜਾਨ ਲਾਰੰਸ ਰੈਜ਼ੀਡੈਂਟ ਪਾਸ ਚੁਗਲੀ ਕੀਤੀ ਕਿ ਬਾਬਾ ਮਹਾਰਾਜ ਸਿੰਘ ਤੇ ਗੰਡਾ ਸਿੰਘ ਨਿਹੰਗ ਉਸ ਨੂੰ ਮਾਰਨਾ ਚਾਹੁੰਦੇ ਹਨ। ਅੰਗਰੇਜ਼ਾਂ ਨੇ ਗੰਡਾ ਸਿੰਘ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਕੇ ਫਾਂਸੀ ਦੇ ਦਿਤਾ। ਬਾਬਾ ਜੀ ਲਾਰੰਸ ਨੂੰ ਮਿਲਣ ਲਈ ਲਾਹੌਰ ਗਏ ਸਨ, ਪਰ ਸਮੱਦੂ ਦੇ ਤਲਾ ਤੋਂ ਲੋਪ ਹੋ ਗਏ। ਲੋਕਾਂ ਨੇ ਸਮਝਿਆ ਕਰਾਮਾਤੀ ਹਨ, ਇਸ ਲਈ ਫੜੇ ਗਏ।

ਉਨ੍ਹਾਂ ਦਿਨਾਂ ਵਿਚ ਕੁਝ ਆਦਮੀ ਸੌ ਸਾਖੀ ਦੇ ਅਧਾਰ ਤੇ ਕਹਿੰਦੇ ਸਨ ਕਿ 'ਅੰਗਰੇਜ਼ਾਂ ਦਾ ਰਾਜ ਨਹੀਂ ਰਹਿਣਾ।'' ਉਹਨਾਂ ਵਿਚੋਂ ਚੇਤ ਸਿੰਘ, ਜੀਵਨ ਸਿੰਘ ਤੇ ਬੁਧ ਸਿੰਘ ਕਾਲੇ ਪਾਣੀ ਭੇਜੇ ਗਏ। ਅੰਗਰੇਜ਼ਾਂ ਨੇ ਬਾਬਾ ਜੀ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਲਈ ਭਾਰੀ ਇਨਾਮ ਰਖੇ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਦਸ ਹਜ਼ਾਰ ਰੁਪਿਆ ਇਨਾਮ ਰਖਿਆ। ਬਾਬਾ ਜੀ ਪੰਜਾਬ ਵਿਚ ਅੰਗਰੇਜ਼ਾਂ ਵਿਰੁਧ ਫੌਜੀ ਬਗਾਵਤ ਕਰਾਉਣੀ ਚਾਹੁੰਦੇ ਸਨ। ਉਨ੍ਹਾਂ ਨੇ ਇਸ ਕੰਮ ਲਈ ਇਕ ਤਾਰੀਖ ਵੀ ਨੀਯਤ ਕਰ ਦਿਤੀ ਸੀ, ਜੋ ਸਿਰੇ ਨਾ ਚੜ੍ਹੀ।

ਬਾਬਾ ਜੀ ਸਾਥੀਆਂ ਸਮੇਤ ਸ਼ੇਖੂਪੁਰਾ ਤੇ ਗੁਜਰਾਂ ਵਾਲੇ ਦੇ ਇਲਾਕੇ ਵਿਚ ਵਿਚਰ ਰਹੇ ਸਨ। ਗੋਰਾ ਸ਼ਾਹੀ ਨੇ ਇਕ ਫੌਜੀ ਕਪਤਾਨ ਕਾਕਸ਼ ਨੂੰ ਉਨ੍ਹਾਂ ਦੇ ਫੜਨ ਲਈ ਨੀਯਤ ਕੀਤਾ। ਪਰ ਬਾਬਾ ਜੀ ਸਾਵਧਾਨ ਸਨ। ਉਹ ਮੁਲਤਾਨ ਦੇ ਹਾਕਮ ਦੀਵਾਨ ਮੂਲ ਰਾਜ ਨੂੰ ਮਿਲਣਾ ਚਾਹੁੰਦੇ ਸਨ। ਜੋ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਰਿਹਾ ਸੀ, ਉਸ ਨੇ ਆਪ ਨੂੰ ਸਦਿਆ ਵੀ ਸੀ।

ਕਪਤਾਨ ਕਾਕਸ ਨੇ ਜ਼ਿਲਾ ਸ਼ੇਖੂਪੁਰ ਵਿਚ ਬਾਬਾ ਜੀ ਨੂੰ ਘੇਰਨ ਦਾ ਜਤਨ ਕੀਤਾ, ਪਰ ਸਫਲ ਨਾ ਹੋਇਆ। ਉਸ ਨੇ ਜੰਡਿਆਲਾ ਸ਼ੇਰ ਖਾਂ (ਸ਼ੇਖੂਪੁਰਾ) ਵਿਚ ਆਪਣਾ ਭਾਰੀ ਸਾਮਾਨ ਛਡ ਕੇ ਇਕ ਪਲਟਨ ਤੇ ੪੦੦ ਗੋਰੇ ਸਿਪਾਹੀਆਂ ਸਮੇਤ ਬਾਬਾ

ਜੀ ਦਾ ਪਿਛਾ ਕੀਤਾ, ਪਰ ਉਹ ਅਗੇ ਨਿਕਲ ਗਏ । ਖਾਨਗਾਹ ਡੋਗਰਾਂ ਤੋਂ ਉਨ੍ਹਾਂ ਨੇ ਝੰਗ ਵਲ ਰੁਖ ਕਰ ਲਿਆ । ਅੰਗਰੇਜ਼ਾਂ ਨੇ ਇਕ ਮਾਲੀ ਸਿੰਘ ਨੂੰ ਦੋ ਸੌ ਰੁਹੇਲੇ ਸਵਾਰ ਦੇ ਕੇ ਉਨ੍ਹਾਂ ਨੂੰ ਝੰਗ ਦੇ ਲਾਗੇ ਰੋਕਣ ਲਈ ਭੇਜਿਆ, ਪਰ ਬਾਬਾ ਜੀ ਸ਼ੇਰ ਕੋਟ ਵਲ ਨਿਕਲ ਗਏ, ਫਿਰ ਝੰਗ ਪੁਜੇ, ਉਥੇ ਜਨਤਾ ਨੇ ਆਪ ਦਾ ਸਵਾਗਤ ਕੀਤਾ। ਪੰਜੀ ਹਜ਼ਾਰ ਰੁਪਏ ਤੇ ਹੋਰ ਸਾਮਾਨ ਭੇਟ ਕੀਤਾ।

ਲਾਹੌਰ ਵਿਚ ਇਹ ਖਬਰ ਵੀ ਪੁਜੀ ਕਿ ਬਾਬਾ ਮਹਾਰਾਜ ਸਿੰਘ ਅਠ ਸੌ ਸਾਥੀਆਂ ਸਮੇਤ ਝਨਾਂ ਵਿਚ ਡੁਬ ਗਏ ਹਨ, ਪਰ ਇਹ ਗਲਤ ਸੀ।

ਝੰਗ ਤੋਂ ਬਾਬਾ ਜੀ ਮੁਲਤਾਨ ਨੂੰ ਚਲ ਪਏ । ਰਾਹ ਵਿਚ ਕਮਾਲੀਏ ਦੇ ਪਾਸ ਕਪਤਾਨ ਕਾਕਸ ਨੇ ਉਹਨਾਂ ਨੂੰ ਘੇਰਨ ਦਾ ਜਤਨ ਕੀਤਾ ਪਰ ਉਹ ਸਫਲ ਨਾ ਹੋ ਸਕਿਆ । ਇਸ ਤੋਂ ਸਪਸ਼ਟ ਹੈ ਕਿ ਉਹ ਸੈਨਕ ਤੌਰ ਤੇ ਕਾਕਸ ਨਾਲੋਂ ਬਹੁਤ ਸੂਝਵਾਨ ਅਤੇ ਤਿਖੇ ਸਨ । ਮੁਲਤਾਨ ਪੁਜ ਕੇ ਉਹਨਾਂ ਨੇ ਮੂਲਰਾਜ ਨਾਲ ਮੁਲਾਕਾਤ ਕੀਤੀ, ਜੋ ਅੰਗਰੇਜ਼ਾਂ ਵਿਰੁਧ ਲੜ ਰਿਹਾ ਸੀ । ਲਾਹੌਰ ਦਰਬਾਰ ਵਲੋਂ ਸ: ਸ਼ੇਰ ਸਿੰਘ ਨੂੰ ਮੂਲ ਰਾਜ ਵਿਰੁਧ ਭੇਜਿਆ ਗਿਆ । ਉਹ ਦੋਵੇਂ ਮਿਲਕੇ ਅੰਗਰੇਜ਼ਾਂ ਵਿਰੁਧ ਲੜਨਾ ਚਾਹੁੰਦੇ ਸਨ । ਗੋਰਿਆਂ ਨੇ ਇਕ ਜਾਅਲੀ ਚਿੱਠੀ ਬਣਾਈ, ਜਿਸ ਵਚ ਸ਼ੇਰ ਸਿੰਘ ਨੂੰ ਲਿਖਿਆ ਕਿ ਤੂੰ ਦੀਵਾਨ ਮੂਲ ਰਾਜ ਨੂੰ ਧੋਖਾ ਦੇਣ ਲਈ ਚੰਗਾ ਕੀਤਾ ਹੈ । ਇਸ ਕਾਰਨ ਦੋਹਾਂ ਵਿਚ ਏਕਤਾ ਨਾ ਹੋ ਸਕੀ।

ਦੂਜੇ ਪਾਸੇ ਸ: ਚਤਰ ਸਿੰਘ ਦੀ ਹਜ਼ਾਰੇ ਤੋਂ ਸ: ਸ਼ੇਰ ਸਿੰਘ ਨੂੰ ਇਤਲਾਹ ਪੁਜੀ ਕਿ ਅੰਗਰੇਜ਼ਾਂ ਨੇ ਉਸ ਨੂੰ ਹਟਾ ਦਿਤਾ ਹੈ ਤੇ ਉਸਦੀ ਜਗੀਰ ਜ਼ਬਤ ਕਰ ਲਈ ਹੈ । ਇਸ ਕਰਕੇ ਸ਼ੇਰ ਸਿੰਘ ਫੌਜ ਸਮੇਤ ਰਾਵਲੀਪਿੰਡੀ ਵਲ ਤੁਰ ਪਿਆ । ਅੰਗਰੇਜ਼ ਨੇ ਮੁਲਤਾਨ ਦੀ ਲੜਾਈ ਵਿਚ ਦੀਵਾਨ ਮੂਲ ਰਾਜ ਨੂੰ ਹਾਰ ਦੇ

ਦਿਤੀ। ਉਸ ਨੂੰ ਕੈਦੀ ਬਣਾ ਕੇ ਲਾਹੌਰ ਭੇਜ ਦਿਤਾ।

ਸ: ਜਵਾਹਰ ਸਿੰਘ ਨਲੂਏ ਨੇ ਰਾਮ ਨਗਰ ਤੋਂ ਗੁਰੂ ਦੀ ਸੁਗੰਧ ਪਾ ਕੇ ਬਾਬਾ ਖੁਦਾ ਨੂੰ ਨੌਰੰਗਬਾਦ ਚਿਠੀ ਲਿਖੀ, ਉਹ ਵੀ ਰਾਮ ਨਗਰ ਪੁਜ ਗਏ। ਬਾਬਾ ਮਹਾਰਾਜ ਸਿੰਘ ਤੇ ਖੁਦਾ ਸਿੰਘ ਜੀ ਦੇ ਪੁਜਣ ਨਾਲ ਸਿਖ ਫੌਜਾਂ ਨੂੰ ਬੜੀ ਪ੍ਰਸੰਨਤਾ ਹੋਈ। ਪਰ ਹਾਲਾਤ ਸਿਖਾਂ ਦੇ ਹੱਕ ਵਿਚ ਨਹੀਂ ਸਨ।

ਸਿਖਾਂ ਤੇ ਅੰਗਰੇਜ਼ਾਂ ਦੀ ਤੀਜੀ ਲੜਾਈ ਦੇ ਬਾਅਦ ਮੁਲਤਾਨ, ਰਾਮ ਨਗਰ, ਗੁਜਰਾਤ ਤੇ ਚੇਲੀਆਂ ਵਾਲੇ ਦੀਆ ਲੜਾਈਆਂ ਹੋਈਆਂ, ਉਨ੍ਹਾਂ ਵਿਚ ਵੀ ਅੰਗਰੇਜ਼ਾਂ ਨੂੰ ਜਿੱਤ ਪ੍ਰਾਪਤ ਹੋਈ। ਇਸ ਜਿੱਤ ਦਾ ਕਾਰਨ ਅੰਗਰੇਜ਼ਾਂ ਦੀ ਬੀਰਤਾ ਨਹੀਂ ਸੀ, ਬਲਕਿ ਕੁਟਲ ਨੀਤੀ ਤੇ ਸਾਜਸ਼ਾਂ ਸਨ।

ਜਦ ਤੋਪ ਮਾਣਕਿਆਲਾ ਜ਼ਿਲਾ ਰਾਵਲਪਿੰਡੀ ਦੇ ਕੋਲ ਹਜ਼ਾਰਾਂ ਸਿਖ ਫੌਜੀਆਂ ਤੇ ਸਰਦਾਰਾਂ ਨੇ ਅੰਗਰੇਜ਼ਾਂ ਦੇ ਸਾਹਮਣੇ ਹਥਿਆਰ ਸੁਟੇ, ਉਸ ਵਕਤ ਬਾਬਾ ਮਹਾਰਾਜ ਸਿੰਘ ਜੀ, ਬੇਦੀ ਬਿਕ੍ਰਮ ਸਿੰਘ ਜੀ ਊਨਾ ਤੇ ਕਰਨਲ ਰਛਪਾਲ ਸਿੰਘ ਜੀ ਨੇ ਹਥਿਆਰ ਸੁਟਣ ਤੋਂ ਇਨਕਾਰ ਕਰ ਦਿਤਾ। ਬਾਬਾ ਮਹਾਰਾਜ ਸਿੰਘ ਜੀ ਅਟਕ ਦੇ ਪਾਸ ਅੰਗਰੇਜ਼ਾਂ ਨਾਲ ਮੁੜ ਲੜਾਈ ਕਰਨਾ ਚਾਹੁੰਦੇ ਸਨ, ਪਰ ਸ: ਚਤਰ ਸਿੰਘ ਤੇ ਸ਼ੇਰ ਸਿੰਘ ਇਸ ਨਾਲ ਸਹਿਮਤ ਨਹੀਂ ਸਨ। ਬਾਬਾ ਜੀ ਉਹਨਾਂ ਦੀ ਇਸ ਨੀਤੀ ਨੂੰ ਪਸੰਦ ਨਹੀਂ ਕਰਦੇ ਸਨ। ਇਸ ਲਈ ਉਹ ਰਾਵਲਪਿੰਡੀ ਤੋਂ ਅਲੋਪ ਹੋ ਕੇ ਸਿਖ ਫੌਜਾਂ ਨੂੰ ਮੁੜ ਜਥੇਬੰਦ ਕਰਨ ਲਈ ਦੇਵੀ ਵਟਾਲਾ ਤੇ ਚੰਬੀ (ਕਸ਼ਮੀਰ) ਵਲ ਚਲੇ ਗਏ।

ਬਾਬਾ ਜੀ ਕਈ ਲੜਾਈਆਂ ਵਿਚ ਵੀ ਸ਼ਾਮਲ ਹੋਏ ਸਨ। ਮਾਝੇ, ਮਾਲਵੇ, ਦੁਆਬੇ ਤੇ ਧਨੀ ਪੋਠੋਹਾਰ ਦੇ ਲੋਕ ਉਨ੍ਹਾਂ ਦੀ ਇਜ਼ਤ ਕਰਦੇ ਸਨ। ਅਮੀਰ ਕਾਬਲ ਨਾਲ ਉਹਨਾਂ ਦੀ ਜਾਣ ਪਛਾਣ ਸੀ, ਜਿਸ ਕਰਕੇ ਅਮੀਰ ਨੇ ਗੁਜਰਾਤ ਦੀ ਲੜਾਈ ਵਿਚ

ਸਿਖਾਂ ਦੀ ਮਦਦ ਲਈ ਕੁਝ ਫੌਜ ਭੇਜੀ ਸੀ।

ਜੰਮੂ ਦੇ ਇਲਾਕੇ ਵਿਚ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਝਨਾਂ ਦੇ ਬੇਲਿਆਂ ਤੇ ਜੰਗਲ ਵਿਚ ਗੁਪਤ ਵਾਸ ਰਖਦੇ ਸਨ। ਬਾਬਾ ਜੀ ਦੀ ਰਾਖੀ ਖਾਸ ਸਿੰਘ ਕਰ ਰਹੇ ਸਨ। ਉਹਨਾਂ ਦਿਨਾਂ ਵਿਚ ਮਹਾਰਾਜਾ ਗੁਲਾਬ ਸਿਹੁੰ ਦੇ ਪੁਤਰ ਕੰਵਰ ਰਣਬੀਰ ਸਿੰਘ ਨੇ ਉਨ੍ਹਾਂ ਦੀ ਕੁਝ ਮਦਦ ਕੀਤੀ। ਉਸ ਨੇ ਮੰਡੀਆਂ ਅਤੇ ਪਿੰਡਾਂ ਦੇ ਲੋਕਾਂ ਨੂੰ ਲਿਖਿਆ ਕਿ ਉਹ ਰਾਸ਼ਨ ਤੇ ਦਾਣੇ ਪੱਠੇ ਦੀ ਮਦਦ ਕਰਨ।

ਮਹਾਰਾਜਾ ਗੁਲਾਬ ਸਿਹੁੰ ਜੰਮੂ ਕਸ਼ਮੀਰ ਬਹੁਤ ਹੁਸ਼ਿਆਰ ਸੀ। ਉਹ ਇਕ ਪਾਸੇ ਸਿਖਾਂ ਵਲੋਂ ਸੱਚਾ ਬਣਨਾ ਚਾਹੁੰਦਾ ਸੀ। ਦੂਜੇ ਪਾਸੇ ਅੰਗਰੇਜ਼ਾਂ ਦਾ ਹਮੈਤੀ ਸੀ। ਆਪਣੀ ਪੋਜ਼ੀਸ਼ਨ ਸੁਰਖਿਅਤ ਕਰਨ ਦਾ ਚਾਹਵਾਨ ਸੀ।

ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ ਨੂੰ ਕੈਦ ਕਰਕੇ ਪਹਿਲੇ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਰਖਿਆ। ਫਿਰ ਅਲਾਹਬਾਦ ਤੇ ਬਨਾਰਸ ਭੇਜਿਆ, ਜਿਥੋਂ ਉਹ ਨਠ ਕੇ ਨਿਪਾਲ ਚਲੀ ਗਈ।

ਬਾਬਾ ਜੀ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰੋਂ ਗੋਰਾ ਸ਼ਾਹੀ ਦੇ ਪੰਜੇ ਵਿਚੋਂ ਕਢਕੇ ਆਜ਼ਾਦੀ ਦੀ ਲੜਾਈ ਜਾਰੀ ਰਖਣਾ ਚਾਹੁੰਦੇ ਸਨ। ਲਾਰਡ ਡਲਹੌਜ਼ੀ ਨੇ ਰਾਜਾ ਗੁਲਾਬ ਸਿਹੁੰ ਜੰਮੂ ਕਸ਼ਮੀਰ ਨੂੰ ਤਾੜ ਕੇ ਚਿੱਠੀ ਲਿਖੀ ਕਿ ਜੇ ਉਹ ਸਰਕਾਰ ਅੰਗਰੇਜ਼ੀ ਦੀ ਮਦਦ ਨਹੀਂ ਕਰੇਗਾ, ਤਾਂ ਉਸਦੀ ਮਦਦ ਨਹੀਂ ਕੀਤੀ ਜਾਵੇਗੀ। ਇਸ ਲਈ ਗੁਲਾਬ ਸਿੰਘ ਯਰਕ ਗਿਆ।

ਬਾਬਾ ਜੀ ਜੰਮੂ ਦੇ ਇਲਾਕੇ ਵਿਚੋਂ ਸੂਜੋਵਾਲ ਜ਼ਿਲਾ ਹੁਸ਼ਿਆਰਪੁਰ ਵਿਚ ਆ ਗਏ। ਉਹ ਦੁਆਬੇ ਤੇ ਮਾਝੇ ਵਿਚ ਸਿਖਾਂ ਨੂੰ ਮੁੜ ਜਥੇਬੰਦ ਕਰਕੇ ਵਿਦੇਸ਼ੀ ਸਾਮਰਾਜ ਵਿਰੁਧ ਲੜਨਾ ਚਾਹੁੰਦੇ ਸਨ। ਉਨ੍ਹਾਂ ਨੂੰ ਇਹ ਪਤਾ ਸੀ ਕਿ ਦੁਸ਼ਮਨ ਨਾਲ ਰਣ ਖੇਤਰ ਵਿਚ ਬੜਕੇ ਲੜਾਈ ਕਰਨੀ ਕਠਨ ਹੈ, ਕਿਉਂਕਿ ਸਾਰਾ

ਹਿੰਦੁਸਤਾਨ ਅੰਗਰੇਜ਼ਾਂ ਦੇ ਅਧਿਕਾਰ ਵਿਚ ਸੀ। ਪੰਜਾਬ ਪਰ ਵੀ ਉਹਨਾਂ ਦਾ ਕਬਜ਼ਾ ਹੋ ਚੁਕਾ ਸੀ। ਏਨੇ ਵਡੇ ਸਾਮਰਾਜ ਦੇ ਮੁਕਾਬਲੇ ਪਰ ਬਾਬਾ ਜੀ ਪਾਸ ਕੋਈ ਫੌਜੀ ਤਾਕਤ ਨਹੀਂ ਸੀ। ਉਹ ਗੁਰੀਲਾ ਢੰਗ ਦੀ ਲੜਾਈ ਕਰਕੇ ਸਰਕਾਰੀ ਮਸ਼ੀਨਰੀ ਨੂੰ ਕਮਜ਼ੋਰ ਕਰਨ ਲਈ ਸੋਚ ਰਹੇ ਸਨ।

ਉਹ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਗੋਰਿਆਂ ਦੇ ਪੰਜੇ ਵਿਚੋਂ ਛੁਡਾਕੇ ਆਜ਼ਾਦੀ ਦੀ ਲੜਾਈ ਕਰਨੀ ਸੋਚ ਰਹੇ ਸਨ। ਇਸ ਦੇ ਉਲਟ ਗੋਰੇ ਪੰਜਾਬ ਪਰ ਕਬਜ਼ਾ ਕਰਕੇ ਮਹਾਰਾਜਾ ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦੇਣ ਦੀ ਸਕੀਮ ਬਣਾਈ ਬੈਠੇ ਸਨ। ਤਾਕਿ ਉਸਦੀ ਆੜ ਵਿਚ ਮੁੜ ਬਗਾਵਤ ਦੀ ਅਗਨੀ ਪ੍ਰਚੰਡ ਨਾ ਹੋ ਸਕੇ। ਉਨ੍ਹਾਂ ਨੇ ਮ: ਦਲੀਪ ਸਿੰਘ ਦੇ ਚੁਕਣ ਦੇ ਦੋਸ਼ ਵਿਚ ਕਈ ਆਦਮੀਆਂ ਨੂੰ ੭-੭ ਸਾਲ ਕੈਦ ਦੀ ਸਜ਼ਾ ਵੀ ਦਿਤੀ। "ਡਾਢੇ ਦਾ ਸੌ ਸਤੀ ਵੀਹੀਂ ਹੁੰਦਾ ਹੈ।"

੧ ਨਵੰਬਰ ਸੰਨ ੧੮੪੮ ਨੂੰ ਲਾਹੌਰ ਦਰਬਾਰ ਨਾਲ ਅੰਗਰੇਜ਼ਾਂ ਨੇ ਜੋ ਸੰਧੀ ਕੀਤੀ ਸੀ, ਉਸ ਵਿਚ ਦਰਜ ਸੀ ਕਿ ਜਦ ਮਹਾਰਾਜਾ ਦਲੀਪ ਸਿੰਘ ਬਾਲਗ ਹੋ ਜਾਏਗਾ, ਪੰਜਾਬ ਦਾ ਰਾਜ ਉਸਦੇ ਸਪੁਰਦ ਕੀਤਾ ਜਾਏਗਾ। ਦਲੀਪ ਸਿੰਘ ਨੇ ੧੮੫੪ ਵਿਚ ਬਾਲਗ ਹੋਣਾ ਸੀ। ਗੋਰਾ ਸ਼ਾਹੀ ਪਹਿਲੇ ਹੀ ਪੰਜਾਬ ਨੂੰ ਬਰਤਾਨਵੀ ਰਾਜ ਵਿਚ ਸ਼ਾਮਲ ਕਰਨਾ ਚਾਹੁੰਦੀ ਸੀ।

ਇਸ ਮੰਤਵ ਦੀ ਪੂਰਤੀ ਲਈ ੨੮ ਮਾਰਚ ੧੮੪੯ ਨੂੰ ਲਾਰਡ ਡਲਹੌਜ਼ੀ ਗਵਰਨਰ ਜਨਰਲ ਨੇ ਆਪਣੇ ਸਕੱਤਰ ਸਰ ਇਲੀਅਟ ਨੂੰ ਲਾਹੌਰ ਭੇਜਿਆ। ਉਸ ਨੇ ਦਰਬਾਰ ਦੇ ਮੁਖੀ ਸਰਦਾਰਾਂ ਰਾਜਾ ਤੇਜਾ ਸਿੰਘ, ਦੀਵਾਨ ਦੀਨਾ ਨਾਥ, ਸ਼ੇਖ ਇਮਾਮ ਦੀਨ ਤੇ ਭਾਈ ਨਿਧਾਨ ਸਿੰਘ ਨਾਲ ਗਲਬਾਤ ਕੀਤੀ।

ਦੂਜੇ ਦਿਨ ੨੯ ਮਾਰਚ ੧੮੪੯ ਨੂੰ ਦਰਬਾਰ ਕਰਕੇ ਮ: ਦਲੀਪ ਸਿੰਘ ਤੋਂ ਲਾਰਡ ਡਲਹੌਜ਼ੀ ਦੇ ਭੇਜੇ ਹੋਏ ਸੰਧੀ ਪਤਰ

ਪਰ ਦਸਖਤ ਕਰਵਾ ਲਏ । ਜਿਸ ਵਿਚ ਦਰਜ ਸੀ–

"ਪੰਜਾਬ ਬਰਤਾਨਵੀ ਰਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ। ਮ: ਦਲੀਪ ਸਿੰਘ ਤੇ ਉਸਦੇ ਵਾਰਸਾਂ ਨੇ ਪੰਜਾਬ ਦੇ ਸਾਰੇ ਅਧਿਕਾਰ ਛਡ ਦਿਤੇ ਹਨ । ਲਾਹੌਰ ਦਰਬਾਰ ਦੇ ਧਨ ਸੰਪਤੀ ਪਰ ਈਸਟ ਇੰਡੀਆ ਕੰਪਨੀ ਦਾ ਕਬਜ਼ਾ ਹੋ ਗਿਆ ਹੈ । ਦਲੀਪ ਸਿੰਘ ਨੂੰ ਪੰਜ ਲੱਖ ਸਾਲਾਨਾ ਗੁਜ਼ਾਰਾ ਮਿਲੇਗਾ । ਉਸ ਨਾਲ ਸਰਕਾਰ ਅੰਗਰੇਜ਼ੀ ਚੰਗਾ ਵਰਤਾਉ ਕਰੇਗੀ।"

ਉਸ ਵਕਤ ਦਰਬਾਰ ਵਿਚੋਂ ਦੀਵਾਨ ਦੀਨਾ ਨਾਥ ਨੇ ਉਠ ਕੇ ਕਿਹਾ–

"ਇਸ ਵਕਤ ਬ੍ਰਿਟਸ਼ ਸਰਕਾਰ ਨੂੰ ਖੁਲ੍ਹ-ਦਿਲੀ ਦਾ ਸਬੂਤ ਦੇਣਾ ਚਾਹੀਦਾ ਹੈ । ਨਾਬਾਲਗ ਮ: ਦਲੀਪ ਸਿੰਘ ਦਾ ਰਾਜ ਖੋਹਣਾ ਨਹੀਂ ਚਾਹੀਦਾ।"

ਪਰ ਇਲੀਅਟ ਤੇ ਗੋਰਾ ਹਾਕਮਾਂ ਨੇ ਦੀਵਾਨ ਨੂੰ ਜਾਇਦਾਦ ਜ਼ਬਤ ਕਰਨ ਤੇ ਕੈਦ ਦਾ ਡਰ ਦੇ ਕੇ ਚੁਪ ਕਰਵਾ ਦਿਤਾ।

ਅੰਗਰੇਜ਼ਾਂ ਨੇ ਇਕ ਡਾਕਟਰ ਲਾਗਨ ਤੇ ਉਹਦੀ ਪਤਨੀ ਨੂੰ ੧੨੦੦) ਮਾਹਵਾਰ ਪਰ ਮ: ਦਲੀਪ ਸਿੰਘ ਦਾ ਟੀਊਟਰ ਨੀਯਤ ਕੀਤਾ । ਅਖੀਰ ੧ ਦਸੰਬਰ ੧੮੪੯ ਨੂੰ ਗੋਰਾ ਸ਼ਾਹੀ ਨੇ ਮ: ਦਲੀਪ ਸਿੰਘ ਨੂੰ ਡਾ: ਲਾਗਨ ਸਹਿਤ ਪੰਜਾਬ ਵਿਚੋਂ ਕਢਕੇ ਫਤਹਿ ਗੜ੍ਹ, ਜ਼ਿਲਾ ਫਰਖਾਬਾਦ (ਯੂ ਪੀ.) ਭੇਜ ਦਿਤਾ। ਉਸ ਤੋਂ ਬਾਅਦ ਉਸਨੂੰ ਵਲੈਤ ਲਿਜਾਕੇ ਈਸਾਈ ਬਣਾਇਆ ਗਿਆ।

ਇਸ ਤਰ੍ਹਾਂ ਬਾਬਾ ਮਹਾਰਾਜ ਸਿੰਘ ਦੀ ਮ: ਦਲੀਪ ਸਿੰਘ ਨੂੰ ਅੰਗਰੇਜ਼ਾਂ ਕੋਲੋਂ ਛੁਡਾ ਕੇ ਆਜ਼ਾਦੀ ਦੀ ਲੜਾਈ ਲੜਨ ਦੀ ਵਿਉਂਤ ਵੀ ਸਫਲ ਨਾ ਹੋਈ । ਪਰ ਉਨ੍ਹਾਂ ਦੇ ਮਨ ਵਿਚ ਸੁਤੰਤ੍ਰਤਾ ਦੀ ਤੀਬਰ ਇੱਛਾ ਤੇ ਵਿਦੇਸ਼ੀ ਗੁਲਾਮੀ ਵਿਰੁਧ ਬਗਾਵਤ ਦੀ ਜੁਆਲਾ ਅੰਤਮ ਸੁਆਸਾਂ ਤੀਕ ਮਘਦੀ ਰਹੀ, ਜਿਸ ਨੂੰ ਅੰਗਰੇਜ਼ ਨਹੀਂ ਬੁਝਾ ਸਕੇ।

੨੧.

ਗ੍ਰਿਫਤਾਰੀ, ਦੇਸ਼ ਨਿਕਾਲਾ ਤੇ ਸ਼ਹੀਦੀ

ਜਿਸ ਮਹਾਨ ਪੁਰਸ਼, ਭਜਨੀਕ, ਤਪਸਵੀ, ਅਤੁਟ ਸੇਵਕ, ਭਾਈ ਮਹਾਰਾਜ ਸਿੰਘ ਨੇ ਸੰਤਾ ਬਾਬਾ ਬੀਰ ਸਿੰਘ ਨੌਰੰਗਾਬਾਦ ਦੀ ਚਰਨ ਛੋਹ ਅਤੇ ਸੰਗਤ ਕਰਕੇ ਅਥਾਹ ਆਤਮਿਕ ਬਲ ਪ੍ਰਾਪਤ ਕੀਤਾ ਸੀ, ਉਸ ਨੇ ਪੰਜਾਬ ਦੀ ਆਜ਼ਾਦੀ ਲਈ ਸੂਰਬੀਰ ਆਗੂ, ਜਰਨੈਲ ਤੇ ਮਹਾਨ ਦੇਸ਼ ਭਗਤ ਦੇ ਰੂਪ ਵਿਚ ਸੁਤੰਤ੍ਰਤਾ ਦੀ ਬੜੀ ਦ੍ਰਿੜਤਾ ਨਾਲ ਲੜਾਈ ਲੜੀ। ਕਿਸੇ ਸ਼ਾਇਰ ਦਾ ਕਥਨ ਹੈ--

ਫਤਹਿ ਔ ਸ਼ਿਕਸਤ ਕਿਸਮਤ ਕੇ ਹਾਥੋਂ ਵਲੇ ਅਮੀਰ
ਮੁਕਾਬਲਾ ਤੋ ਦਿਲੇ ਨਾਤਵਾਂ ਨੇ ਖੂਬ ਕੀਆ।

ਬਾਬਾ ਜੀ ਤੇ ਉਨ੍ਹਾਂ ਦੇ ਕੁਝ ਸਾਥੀ ਆਦਮਪੁਰ ਜ਼ਿਲਾ ਜਲੰਧਰ ਦੀ ਇਕ ਝਿੜੀ ਵਿਚ ਠਹਿਰੇ ਹੋਏ ਸਨ। ਉਹ ਅੰਮ੍ਰਿਤਸਰ ਜਾਣਾ ਚਾਹੁੰਦੇ ਸਨ ਕਿ ਇਕ ਮੁਖਬਰ ਨੇ ੨੮ ਦਸੰਬਰ ੧੮੪੦ ਨੂੰ ਹੈਨਰੀ ਵੈਨਸਟਾਰਟ ਡਿਪਟੀ ਕਮਿਸਨਰ ਜਲੰਧਰ ਨੂੰ ਜਾ ਕੇ ਇਤਲਾਹ ਦਿਤੀ। ਉਹ ਤੀਹ ਚਾਲੀ ਘੋੜ ਸਵਾਰ ਨੇ ਕੋਤਵਾਲ ਨੂੰ ਨਾਲ ਲੈਕੇ ਸ਼ਾਮ ਨੂੰ ਆਦਮਪੁਰ ਪੁਜ ਗਿਆ। ਉਸਨੇ ਝਿੜੀ ਨੂੰ ਜਾ ਘੇਰਾ ਪਾਇਆ। ਚਾਰ ਆਦਮੀਆਂ ਨੂੰ ਕਿਹਾ ਕਿ ਉਹ ਰੌਲਾ ਪਾਉਣ 'ਫੜ ਲਉ।" ਰਾਤ ਪੈ ਚੁਕੀ ਸੀ। ਚੰਨ ਦੀ ਚਾਨਣੀ ਵਿਚ ਛੇ ਆਦਮੀ ਝਿੜੀ ਵਿਚੋਂ ਨਿਕਲੇ। ਉਨ੍ਹਾਂ ਵਿਚੋਂ ਇਕ ਨੇ ਬਰਛੀ ਨਾਲ ਡੀ. ਸੀ. ਪਰ ਹਮਲਾ ਕੀਤਾ। ਉਸ ਨੂੰ ਅੰਗਰੇਜ਼ ਨੇ

ਪਸਤੌਲ ਮਾਰਕੇ ਜ਼ਖਮੀ ਕਰ ਦਿਤਾ। ਬਾਅਦ ਵਿਚ ਉਹ ਸਾਰੇ ਸਿੰਘ ਫੜੇ ਗਏ। ਉਸ ਤੋਂ ਉਪ੍ਰੰਤ ਡੀ. ਸੀ. ਦੀ ਹਦੈਤ ਅਨੁਸਾਰ ਸ੍ਰਕਾਰੀ ਆਦਮੀ ਝਿੜੀ ਵਿਚ ਬਣੇ ਹੋਏ ਹਾਤੇ ਵਲ ਵਧੇ। ਉਥੇ ਉਨ੍ਹਾਂ ਨੇ ਬਾਬਾ ਮਹਾਰਾਜ ਸਿੰਘ ਸਮੇਤ ੨੧ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਵਿਚੋਂ ਬਹੁਤੇ ਦੁਆਬੇ ਦੇ ਸਨ।

ਬਾਬਾ ਜੀ ਨੂੰ ਫੜਾਉਣ ਲਈ ਮੁਖਬਰੀ ਕਿਸਨੇ ਕੀਤੀ? ਇਸ ਬਾਰੇ ਇਕ ਮਨੌਤ ਹੈ ਕਿ ਨਗਰ ਢੋਟੀਆਂ ਤਹਿਸੀਲ ਤਰਨ ਤਾਰਨ ਦੇ ਇਕ ਦਰੋਹੀ ਰਤਨ ਸਿੰਘ ਸੁਨਿਆਰੇ ਨੇ ਫੜਾਉਣ ਲਈ ਅੰਗਰੇਜ਼ ਪਾਸ ਮੁਖਬਰੀ ਕੀਤੀ। ਸ੍ਰੀ ਐਮ. ਐਲ. ਆਹਲੂ-ਵਾਲੀਆ ਨੈਸ਼ਨਲ ਆਰਕਾਈਵਜ਼ ਦਿਲੀ ਨੇ ਸ: ਨਾਹਰ ਸਿੰਘ ਦੀ ਸ੍ਰਕਾਰੀ ਰੀਕਾਰਡ 'ਚੋਂ ਸੰਗ੍ਰਹਿ ਕੀਤੀ ਗਈ ਅੰਗਰਜ਼ੀ ਦੀ ਪੁਸਤਕ "ਡਾਕੂਮੈਂਟ ਰੀਲੇਟਿੰਗ ਟੂ ਭਾਈ ਮਹਾਰਾਜ ਸਿੰਘ" ਦੀ ਭੂਮਿਕਾ ਦੇ ਪੰਨਾ ੨੯ ਪਰ ਲਿਖਿਆ ਹੈ ਕਿ ਇਕ ਮੁਸਲਮਾਨ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਇਤਲਾਹ ਦਿਤੀ। ਮਿਸਟਰ ਵੈਨਸਟਾਰਟ ਨੇ ਜੋ ਚਿਠੀ ਕਮਿਸ਼ਨਰ ਨੂੰ ਲਿਖੀ, ਉਸ ਵਿਚ ਮੁਖਬਰ ਦਾ ਨਾਮ ਦਰਜ ਨਹੀਂ।

ਬਾਬਾ ਜੀ ਨੂੰ ਜੇਹਲ ਵਿਚ ਬੰਦ ਕਰਨ ਸਮੇਂ ਜਾਮਾ ਤਲਾਸ਼ੀ ਲਈ ਗਈ, ਉਸ ਵਿਚੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਇਕ ਛੋਟੀ ਬੀੜ ਅਤੇ ਇਕ ਚਿੱਠੀ ਦੋਸਤ ਮੁਹੰਮਦ ਖਾਂ ਅਮੀਰ ਕਾਬਲ ਦੀ ਨਿਕਲੀ। ਡਿਪਟੀ ਕਮਿਸ਼ਨਰ ਜਲੰਧਰ ਨੇ ੨੯ ਅਤੇ ੩੦ ਦਸੰਬਰ ੧੮੪੯ ਨੂੰ ਮਿਸਟਰ ਡੀ. ਐਫ. ਮੈਕਲੋਡ ਕਮਿਸ਼ਨਰ ਤੇ ਸੁਪ੍ਰੰਡੰਟ ਜਲੰਧਰ ਡਵੀਜ਼ਨ ਨੂੰ ਦੋ ਚਿੱਠੀਆਂ ਲਿਖੀਆਂ। ਉਹਨਾਂ ਵਿਚ ਦਰਜ ਹੈ ਕਿ ਭਾਈ ਮਹਾਰਾਜ ਸਿੰਘ ਨੂੰ ੨੧ ਸਾਥੀਆਂ ਸਮੇਤ ਜੇਹਲ ਵਿਚ ਬੰਦ ਕਰ ਦਿਤਾ ਗਿਆ ਹੈ। ਸਿਖ ਗਾਰਦ ਨੇ ਉਨ੍ਹਾਂ ਨੂੰ ਨਮਸ਼ਕਾਰ ਕੀਤੀ। ਸਾਰਾ ਦਿਨ ਬਹੁਤ ਸਾਰੇ ਹਿੰਦੂ ਉਹਨਾਂ ਦੇ ਦਰਸ਼ਨਾਂ ਲਈ ਜੇਹਲ ਦੁਆਲੇ ਘੁੰਮਦੇ ਰਹੇ ਹਨ।"

ਇਥੇ ਇਕ ਗਲ ਦਸਣੀ ਚਾਹੁੰਦੇ ਹਾਂ ਕਿ ਸਰਕਾਰ ਅੰਗਰੇਜ਼ੀ ਦੇ ਰੀਕਾਰਡ ਵਿਚ ਬਹੁਤੀ ਥਾਈਂ ਬਾਬਾ ਜੀ ਲਈ ਭਾਈ ਮਹਾਰਾਜ ਸਿੰਘ ਸ਼ਬਦ ਵਰਤਿਆ ਗਿਆ ਹੈ। ਪਰ ਜਲੰਧਰ ਜੇਹਲ ਦਾ ਦ੍ਰਿਸ਼ ਵੇਖਕੇ ਡੀ. ਸੀ. ਤੇ ਕਈ ਅੰਗਰੇਜ਼ਾਂ ਨੇ ਉਹਨਾਂ ਲਈ ਗੁਰੂ ਸ਼ਬਦ ਵੀ ਵਰਤਿਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਵੈਨਸਟਾਰਟ ਤੇ ਅੰਗਰੇਜ਼ ਅਫਸਰ "ਭਾਈ" ਤੇ "ਗੁਰੂ" ਦਾ ਫਰਕ ਨਹੀਂ ਸਮਝਦੇ ਸਨ।

ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਤੇ ਉਹਨਾਂ ਦੇ ਉਤਰ ਅਧਿਕਾਰੀ ਭਾਈ ਮਹਾਰਾਜ ਸਿੰਘ ਜੀ ਸਦਾ ਆਪਣੇ ਆਪ ਨੂੰ ਦਸਾਂ ਸਤਿਗੁਰੂਆਂ ਦਾ ਸਿਖ ਅਤੇ ਸਿਖੀ ਦਾ ਪ੍ਰਚਾਰਕ ਤੇ ਸੇਵਕ ਸਮਝਦੇ ਰਹੇ ਹਨ।

ਜਦ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਜਲੰਧਰ ਜੇਹਲ ਵਿਚ ਸਨ, ਗੋਰਾ ਸ਼ਾਹੀ ਨੂੰ ਸ਼ੱਕ ਪਿਆ, ਕਿਤੇ ਸਿਖ ਸਿਪਾਹੀ ਬਗਾਵਤ ਨਾ ਕਰ ਦੇਣ, ਉਨ੍ਹਾਂ ਦੀ ਥਾਂ ਮੁਸਲਮਾਨਾਂ ਤੇ ਗੋਰੇ ਫੌਜੀਆਂ ਨੂੰ ਲਾਇਆ ਗਿਆ। ਦੋ ਦਿਨ ਪਿਛੋਂ ਜਲੰਧਰ ਛਾਉਣੀ ਵਿਚ ਗੋਰਿਆਂ ਦੇ ਕਰੜੇ ਪਹਿਰੇ ਵਿਚ ਰਖਿਆ ਗਿਆ।

ਬਾਗੀ ਤੇ ਇਨਕਲਾਬੀ ਆਗੂ ਬਾਬਾ ਜੀ ਦੀ ਗ੍ਰਿਫਤਾਰੀ ਅਤੇ ਜੇਹਲ ਵਿਚ ਬੰਦ ਹੋਣ ਦੀ ਸਰਕਾਰ ਅੰਗਰੇਜ਼ੀ ਨੇ ਬੜੀ ਖੁਸ਼ੀ ਮਨਾਈ।

ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ੧੩ ਜਨਵਰੀ ਸੰਨ ੧੯੫੦ ਦੇ ਇਕ ਨੋਟ ਵਿਚ ਲਿਖਿਆ-"ਮੈਂ ਇਹ ਖਬਰ ਦਿਲੋਂ ਤਸੱਲੀ ਨਾਲ ਸੁਣੀ ਹੈ ਕਿ ਭਾਈ ਮਹਾਰਾਜ ਸਿੰਘ ਨੂੰ ਮਿਸਟਰ ਵੈਨਸਟਾਰਟ ਡਿਪਟੀ ਕਮਿਸ਼ਨਰ ਜਲੰਧਰ ਨੇ ਫੜ ਲਿਆ ਹੈ। ਜਿਸ ਹਿੰਮਤ ਅਤੇ ਦਲੇਰੀ ਤੋਂ ਕੰਮ ਲੈ ਕੇ ਉਸ ਨੇ ਮਹਾਨ ਬਾਗੀ ਨੂੰ ਫੜਿਆ ਹੈ, ਉਹ ਸ਼ਲਾਘਾ ਯੋਗ ਹੈ।

ਅਗੇ ਚਲਕੇ ਡਲਹੌਜ਼ੀ ਲਿਖਦਾ ਹੈ-

"ਮੇਰੀ ਆਪਣੀ ਖਾਹਸ਼ ਹੈ ਕਿ ਅਜੇਹੇ ਖਤਰਨਾਕ ਦਰੋਹੀ ਨੂੰ ਕਚਹਿਰੀ ਰਾਹੀਂ ਸਖਤ ਤੋਂ ਸਖਤ ਸਜ਼ਾ ਦਿਤੀ ਜਾਵੇ।"

"ਮੇਰਾ ਬੋਰਡ ਨਾਲ ਇਸ ਗਲੋਂ ਮਤ ਭੇਦ ਹੈ ਕਿ ਭਾਈ ਸਾਹਿਬ ਨੂੰ ਖੁਲ੍ਹੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਇਸ ਨਾਲ ਗੈਰ ਯਕੀਨੀ ਹਾਲਾਤ ਵਧਣਗੇ ਅਤੇ ਭੜਕਾਹਟ ਵਰ ਸਕਦੀ ਹੈ।"

ਸ਼ਨਾਖਤ ਹੋ ਚੁਕਣ ਉਪ੍ਰੰਤ ਭਾਈ ਜੀ ਨੂੰ ਅਲਾਹਬਾਦ ਕਿਲ੍ਹੇ ਵਿਚ ਭੇਜਿਆ ਜਾਵੇ, ਜੋ ਚੇਲਾ ਉਨ੍ਹਾਂ ਦੇ ਨਾਲ ਹੈ, ਉਹ ਵੀ ਉਥੇ ਜਾਵੇ। ਫਿਰ ਜਦੋਂ ਭਾਈ ਸਾਹਿਬ ਨੂੰ ਅਲਾਹਬਾਦ ਤੋਂ ਕਲਕਤੇ ਭੇਜਿਆ ਜਾਵੇਗਾ, ਉਸ ਵਕਤ ਬੋਰਡ ਇਸ ਯੋਗ ਹੋ ਸਕੇਗਾ ਕਿ ਉਨ੍ਹਾਂ ਲਈ ਕੋਈ ਸਰਦਾਰ ਹੀ ਪਹਿਰਾ ਦੇ ਸਕੇ।"

ਗਵਰਨਰ ਜਨਰਲ ਸਹਿਤ ਕੌਂਸਲ ਦੇ ਹੁਕਮ ਨਾਲ ਬਾਬਾ ਜੀ ਤੇ ਦੀਵਾਨ ਮੂਲ ਰਾਜ ਨੂੰ ਸੰਨ ੧੮੧੮ ਰੈਗੂਲੇਸ਼ਨ ਬੰਗਾਲ ਦੇ ਅਧੀਨ ਅਲਾਹਬਾਦ ਦੇ ਕਿਲ੍ਹੇ ਵਿਚ ਭੇਜਿਆ ਗਿਆ। ਫਿਰ ਉਥੋਂ ਬਦਲ ਕੇ ਫੋਰਟ ਵਿਲੀਅਮ ਕਲਕਤੇ ਵਿਚ ਭੇਜ ਦਿਤਾ।

ਅੰਗਰੇਜ਼ ਨੂੰ ਬਾਬਾ ਜੀ ਦੀ ਗ੍ਰਿਫਤਾਰੀ ਦੀ ਕਿਤਨੀ ਪ੍ਰਸੰਨਤਾ ਹੋਈ। ਇਸਦਾ ਇਕ ਹੋਰ ਸਬੂਤ ਪ੍ਰਧਾਨ ਈਸਟ ਇੰਡੀਆ ਕੰਪਨੀ ਸ਼ਹਿਤ ਕੌਂਸਲ ਦੀ ਇਕ ਚਿੱਠੀ ੧੪ ਜਨਵਰੀ ੧੮੫੦ ਤੋਂ ਮਿਲਦਾ ਹੈ। ਕੰਪਨੀ ਵਲੋਂ ਲਾਰਡ ਡਲਹੌਜੀ ਗਵਰਨਰ ਜਨਰਲ ਨੂੰ ਲਿਖਿਆ ਗਿਆ—

"ਅਸੀਂ ਅਤੀ ਪ੍ਰਸੰਨ ਹਾਂ ਕਿ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਤੋਂ ਲੈ ਆਂਦਾ ਗਿਆ ਹੈ। ਉਹ ਛੇਤੀ ਹੀ ਅਸਲ ਟਿਕਾਣੇ ਪੁਚਾ ਦਿਤਾ ਜਾਵੇਗਾ।

ਸਾਨੂੰ ਇਸ ਗੱਲ ਨਾਲ ਅਤੀ ਦਿਲੀ ਤਸੱਲੀ ਹੋਈ ਹੈ ਕਿ ਆਖਰ ਜਾਰੀ ਮੁਹਿੰਮ ਸਰ ਹੋ ਗਈ ਹੈ।

ਅਸੀਂ ਸਮਝਦੇ ਹਾਂ ਕਿ ਭਾਈ ਮਹਾਰਾਜ ਸਿੰਘ ਦਾ ਫੜਿਆ ਜਾਣਾ ਕਿਸੇ ਤਰ੍ਹਾਂ ਵੀ ਉਹਨਾਂ ਗੱਲਾਂ ਨਾਲੋਂ ਘਟ ਮਹਾਨਤਾ ਨਹੀਂ

ਰਖਦਾ। ਅਸੀਂ ਗਵਰਨਰ ਜਨਰਲ ਦੀ ਸਫਾਰਸ਼ ਨਾਲ ਜੋ ਉਸ ਨੇ ਮਿਸਟਰ ਵੈਨਸਟਾਰਟ ਬਾਰੇ ਕੀਤੀ ਹੈ, ਸ਼ਲਾਘਾ ਤੇ ਮਾਣ ਦੇਣ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਐਸੇ ਕੈਦੀਆਂ ਦੀ ਸੰਭਾਲ ਤੇ ਉਹਨਾਂ ਦੀ ਰਖਿਆ ਕਰਨੀ ਐਸੇ ਸਮੇਂ ਸਾਡੇ ਨੀਤੀਵਾਨ ਤੇ ਤਦੱਬਰ ਸਹਿਤ ਹੋਣ ਦਾ ਚਿੰਨ੍ਹ ਹੈ।

ਈਸਟ ਇੰਡੀਆ ਕੰਪਨੀ ਹਾਊਸ
ਅਸੀਂ ਤੁਹਾਡੇ ਸ਼ੁਭ ਚਿੰਤਕ
ਸਹੀ—ਐਚ. ਗੋਲਵੇ,
ਰਾਬਰਟ ਕੈ ਪਬੈਲ, ਤੇ ਜੋਹਨ ਸ਼ੈਫਰਲਡ

ਅਖੀਰ ਵਿਚ ੨੩ ਮਾਰਚ ੧੯੫੦ ਨੂੰ ਗਵਰਨਰ ਜਨਰਲ ਨੇ ਇਹ ਹੁਕਮ ਸਾਦਰ ਕੀਤਾ ਕਿ ਦੀਵਾਨ ਮੂਲ ਰਾਜ ਨੂੰ ਫੋਰਟ ਵਿਲੀਆਮ ਵਿਚ ਹੀ ਰਹਿਣ ਦਿਉ ਤੇ ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਲੈ ਜਾਇਆ ਜਾਵੇ। ਉਥੇ ਬਾਹਰਲੇ ਦਰਵਾਜ਼ੇ ਦੇ ਉਪਰਲੇ ਕਮਰੇ ਵਿਚ ਉਹਨਾਂ ਲਈ ਯੋਗ ਜਗਾ ਹੈ। ਤਾਂਕਿ ਬਾਕੀ ਕੈਦੀਆਂ ਤੋਂ ਅਲੱਗ ਹੀ ਰਹਿ ਸਕਣ।''

੭ ਮਈ ੧੯੫੦ ਨੂੰ ਬਾਬਾ ਜ਼ੀ 'ਮੁਹੰਮਦ ਸ਼ਾਹ'' ਨਾਮੀ ਸਮੁੰਦਰੀ ਜਹਾਜ਼ ਪਰ ਸਿੰਘਾਪੁਰ ਨੂੰ ਰਵਾਨਾ ਕੀਤੇ ਗਏ ਤੇ ਉਥੋਂ ਦੇ ਇੰਚਾਰਚ ਨੂੰ ਗਵਰਨਰ ਜਨਰਲ ਹਿੰਦ ਦੇ ਸਕੱਤ੍ਰ ਵਲੋਂ ਲਿਖਿਆ ਗਿਆ—

''ਮੈਨੂੰ ਇਤਲਾਹ ਦੇਣ ਦੀ ਆਗਿਆ ਹੋਈ ਹੈ ਕਿ ਭਾਈ ਮਹਾਰਾਜ ਸਿੰਘ ਦੀ ਨਿਗਰਾਨੀ ਅੰਗਰੇਜ਼ ਸਰਕਾਰ ਲਈ ਖਾਸ ਸਥਾਨ ਰਖਦੀ ਹੈ, ਇਸ ਲਈ ਇਹ ਅਤੀ ਜ਼ਰੂਰੀ ਹੈ ਕਿ ਉਸਨੂੰ ਨੇੜਿਓਂ ਤਕੇ ਜਾਣ ਵਾਲੀ ਥਾਂ ਤੇ ਪ੍ਰਬੰਧ ਹੇਠਾਂ ਰਖਿਆ ਜਾਵੇ। ਪਰ ਇਹ ਯਾਦ ਰਹੇ ਕਿ ਉਹ ਸ਼ਾਹੀ ਕੈਦੀ ਹੈ। ਉਸ ਨਾਲ ਕੋਈ ਗੈਰ ਵਾਜਬੀ ਭਰਤਾਉ ਨਾ ਹੋਵੇ।''

ਗਵਰਨਰ ਜਨਰਲ ਜਦੋਂ ਪਿਛੇ ਸਿੰਘਾਪੁਰ ਗਏ ਸਨ

ਸਾਨੂੰ ਇਹ ਯਾਦ ਹੈ ਕਿ ਸਿੰਘਾਪੁਰ ਜੇਹਲ ਦੀ ਉਪਰਲੀ ਮੰਜਲ ਦਾ ਕਮਰਾ ਬਹੁਤ ਹੀ ਅੱਛਾ ਹੈ, ਉਹ ਰਾਖੀ ਦੇ ਖਿਆਲ ਨਾਲ ਦਰੁਸਤ ਹੈ । ਆਸ ਹੈ ਕਿ ਇਹਨਾਂ ਲਈ ਠੀਕ ਰਹੇਗਾ । ਮੈਨੂੰ ਹਦਾਇਤ ਹੈ ਕਿ ਇੰਤਜ਼ਾਮ ਹੋ ਸ਼ਕੇ ਤਦ ਜ਼ਰੂਰ ਕੀਤਾ ਜਾਵੇ। ਆਉਣ ਵਾਲੇ ਸਮੇਂ ਤਕ ਗੋਰੇ ਫੌਜੀ ਤੇ ਕਮਿਸ਼ਨਰ ਆਫੀਸਰ ਇਸ ਕੰਮ ਪਰ ਲਗਾਏ ਜਾਣ । ਭਾਵੇਂ ਉਹਨਾਂ ਨੂੰ ਹੋਰ ਅਲਾਊਂਸ ਹੀ ਦਿਤਾ ਜਾਵੇ । ਇਹ ਗਵਰਨਰ ਜਨਰਲ ਸਾਹਿਬ ਦੀ ਹਦਾਇਤ ਹੈ।

"ਕੈਦੀਆਂ ਦੀ ਰਿਹਾਇਸ਼ ਗਾਹ ਪਰ ਕਮਾਂਡਰ ਦੀ ਆਗਿਆ ਬਿਨਾਂ ਕੋਈ ਨਾ ਜਾਵੇ । ਕਮਾਂਡਰ ਵੀ ਹਫਤੇ ਵਿਚ ਘਟੋ ਘਟ ਤਿੰਨ ਚਾਰ ਵਾਰੀ ਆਪ ਜਾ ਕੇ ਸਾਰੀ ਦੇਖ ਭਾਲ ਕਰੇ ।"

ਰੇਜੀਡੈਂਟ ਦਾ ਅਸਿਸਟੈਂਟ, ਹਫਤੇ ਵਿਚ ਇਕ ਵਾਰੀ ਜ਼ਰੂਰੀ ਜਾਵੇ ਤੇ ਜੇਕਰ ਉਹਨਾਂ ਨੇ ਕਿਸੇ ਨਾਲ ਚਿੱਠੀ ਪੱਤਰ ਕਰਨਾ ਹੋਵੇ, ਤਦ ਤੁਹਾਨੂੰ ਦਸਣ।

ਕੈਦੀਆਂ ਬਾਰੇ ਸਮੇਂ ਸਮੇਂ ਇਤਲਾਹ ਭੇਜਦੇ ਰਹਿਣਾ।

ਬਾਬਾ ਮਹਾਰਾਜ ਸਿੰਘ ਤੇ ਉਹਨਾਂ ਦੇ ਨਿਕਟ ਵਰਤੀ ਬਾਬਾ ਖੜਕ ਸਿੰਘ ਨੂੰ ਸਿੰਘਾਪੁਰ ਜੇਹਲ ਦੀ ਉਪਰਲੀ ਛੱਤ ਦੇ ਕਮਰੇ ਵਿਚ ਰਖਿਆ ਗਿਆ । ਉਸਦੇ ਆਲੇ ਦੁਆਲੇ ਉਚੀ ਚਾਰ ਦੀਵਾਰੀ ਕਰ ਦਿਤੀ ਗਈ । ਕਮਰੇ ਦੀਆਂ ਖਿੜਕੀਆਂ ਤੀਕ ਬੰਦ ਕਰ ਦਿਤੀਆਂ ਗਈਆਂ । ਕੇਵਲ ਰੌਸ਼ਨ ਦਾਨ ਖੁਲ੍ਹੇ ਰਖੇ ਗਏ। ਕਾਲ ਕੋਠੜੀ ਵਿਚ ਨਿਵਾਸ ਕਰਦਿਆਂ ਬਾਬਾ ਜੀ ਦੀ ਸੁਰਤ ਚੜ੍ਹਦੀ ਕਲਾਂ ਵਿਚ ਸੀ । ਉਨ੍ਹਾਂ ਨੇ ਇਕ ਬ੍ਰਹਮ ਗਿਆਨੀ ਦੇ ਰੂਪ ਵਿਚ ਮਹਿਸੂਸ ਹੀ ਨਹੀਂ ਕੀਤਾ ਕਿ ਉਹ ਜੇਹਲ ਦੀ ਕਾਲ ਕੋਠੜੀ ਵਿਚ ਬੰਦ ਹਨ । ਉਹ ਪਾਵਨ ਗੁਰਬਾਣੀ ਦੇ ਇਸ ਵਾਕ ਨੂੰ ਮੰਨਦੇ ਸਨ—

ਆਪੇ ਹਰ ਇਕ ਰੰਗੁ ਹੈ ਆਪੇ ਬਹੁ ਰੰਗੀ।
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ।

ਵਾਹਿਗੁਰੂ ਦੀ ਰਜ਼ਾ ਤੇ ਭਾਣੇ ਵਿਚ ਉਹ ਪ੍ਰਸੰਨਤਾ ਨਾਲ ਦਿਨ ਕਟ ਰਹੇ ਸਨ। ਕਿਸੇ ਸ਼ਾਇਰ ਨੇ ਅਜਿਹੇ ਜੀਵਨ ਮੁਕਤ ਪੁਰਸ਼ਾਂ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਕਿਹਾ ਹੈ—

ਗੁਜ਼ਰ ਜਾ ਸਬਰ ਰਜਾ ਬੇਨਿਆਜ਼ਾਨਾ,
ਕਿ ਇਸਕੇ ਬਾਅਦ ਕੋਈ ਇਮਤਹਾਂ ਬਾਕੀ ਨਹੀ ਰਹਿਤਾ।

ਬਾਬਾ ਜੀ ਨੂੰ ਜੇਹਲ ਕਰਮਚਾਰੀਆਂ ਵਲੋਂ ਰਾਸ਼ਨ ਤਾਂ ਦਿਤਾ ਗਿਆ ਪਰ ਲਾਂਗਰੀ ਨਹੀਂ ਦਿਤਾ। ਇਸ ਪਰ ਆਪ ਦੇ ਸੇਵਕ ਬਾਬਾ ਖੜਕ ਸਿੰਘ ਜੀ ਜੇਹਲ ਵਾਲਿਆਂ ਨਾਲ ਖਹਿਬੜ ਪਏ। ਪਰ ਭਾਈ ਮਹਾਰਾਜ ਸਿੰਘ ਜੀ ਅਡੋਲ ਅਤੇ ਸ਼ਾਂਤ ਚਿਤ ਰਹੇ। ਜੇਹਲਰ ਨੂੰ ਉਨ੍ਹਾਂ ਨੇ ਕਿਹਾ—"ਅਸੀਂ ਸਰਕਾਰ ਅੰਗਰੇਜ਼ੀ ਦੇ ਵਿਰੁਧ ਲੜੇ ਹਾਂ। ਜਿਸ ਸਰਕਾਰ ਨੂੰ ਅਸੀਂ ਭਾਰਤ ਵਰਸ਼ ਵਿਚੋਂ ਕਢਣਾ ਚਾਹੁੰਦੇ ਸਾਂ, ਉਸ ਤੋਂ ਸਾਨੂੰ ਕਿਸੇ ਚੰਗੇ ਵਰਤਾਉ ਦੀ ਆਸ ਨਹੀਂ ਹੋ ਸਕਦੀ। ਪਰ ਫਿਰ ਵੀ ਤੁਹਾਨੂੰ ਸਾਨੂੰ ਕੋਈ ਤੰਗੀ ਨਹੀਂ ਦੇਣੀ ਚਾਹੀਦੀ।

ਬਾਬਾ ਜੀ ਦੀ ਨਿਗਰਾਨੀ ਲਈ ਨੀਯਤ ਗੋਰੇ ਕਮਾਂਡਰ ਨੇ ਉਹਨਾਂ ਨੂੰ ਕਿਹਾ—"ਜੇ ਤੁਸੀਂ ਇਹ ਲਿਖ ਦਿਉ ਕਿ ਅਸੀਂ ਆਪਣੇ ਡੇਰੇ ਵਿਚ ਆਰਾਮ ਨਾਲ ਰਹਾਂਗੇ, ਧਰਮ ਦਾ ਪਰਚਾਰ ਕਰਾਂਗੇ। ਸਰਕਾਰ ਅੰਗਰੇਜ਼ੀ ਦੇ ਕੰਮਾਂ ਵਿਚ ਕੋਈ ਦਖਲ ਨਹੀਂ ਦੇਵਾਂਗੇ ਤਦ ਰਿਹਾ ਕੀਤੇ ਜਾ ਸਕਦੇ ਹੋ।"

ਪਰ ਬਾਬਾ ਜੀ ਨੇ ਗੋਰੇ ਹਾਕਮਾਂ ਦੀ ਇਹ ਗਲ ਨਾ ਮੰਨੀ। ਬਾਬਾ ਮਹਾਰਾਜ ਸਿੰਘ ਜੀ ਦੇ ਬਚਨ ਸੁਣਕੇ ਜੇਹਲਰ ਬਹੁਤ ਪ੍ਰਭਾਵਤ ਹੋਇਆ, ਉਸ ਨੇ ਆਪਣੀ ਰਪੋਰਟ ਵਿਚ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਲਿਖਿਆ—

"ਜੇਹਲ ਵਿਚ ਭਾਈ ਮਹਾਰਾਜ ਸਿੰਘ ਦਾ ਵਤੀਰਾ ਬਹੁਤ

ਚੰਗਾ ਹੈ । ਪਰ ਖੜਕ ਸਿੰਘ ਨੇ ਮੇਰੀ ਨਿਰਾਦਰੀ ਕੀਤੀ ਹੈ । ਜਿਸ ਕਰਕੇ ਜੇਹਲ ਦੇ ਕਰਮਚਾਰੀ ਮੈਨੂੰ ਹਾਸੇ ਭਰੀਆਂ ਨਜ਼ਰਾਂ ਨਾਲ ਤਕਦੇ ਹਨ ।"

ਬਾਬਾ ਜੀ ਨੂੰ ਜਿਸ ਕਮਰੇ ਵਿਚ ਰਖਿਆ ਗਿਆ, ਉਸਦੇ ਅਗੇ ਤੁਰਨ ਫਿਰਨ ਲਈ ਕੋਈ ਵੇਹੜਾ ਨਹੀਂ ਸੀ । ਖੁਲੀ ਰੋਸ਼ਨੀ ਤੇ ਹਵਾ ਵਿਚ ਉਹ ਤੁਰ ਫਿਰ ਨਹੀ ਸਕਦੇ ਸਨ । ਕਈ ਸਾਲ ਕਮਰੇ ਵਿਚ ਨਜ਼ਰਬੰਦ ਰਹਿਣ ਕਰਕੇ ਹੌਲੀ ਹੌਲੀ ਉਹਨਾਂ ਦੀ ਸਿਹਤ ਖੀਣ ਹੋਣੀ ਸੁਰੂ ਹੋ ਗਈ । ਬਾਬਾ ਜੀ ਦੇ ਗੋਡਿਆਂ ਵਿਚ ਪੀੜ ਹੋਣ ਲਗ ਪਈ। ਅੱਖਾਂ ਵਿਚ ਮੋਤੀਆਬਿੰਦ ਉਤਰ ਆਇਆ ਇਸ ਲਈ ਦਿਸਣੋ ਵੀ ਰਹਿ ਗਿਆ । ਕੋਈ ਆਦਮੀ ਉਹਨਾਂ ਨਾਲ ਗਲਬਾਤ ਅਤੇ ਮੁਲਾਕਾਤ ਨਹੀਂ ਕਰ ਸਕਦਾ ਸੀ ।

ਮਿਲਟਰ ਚਰਚ ਰੇਜੀਡੰਟ ਸਹਿਤ ਕੌਂਸਲ ਦੀ ਚਿੱਠੀ ਵਿਚ ਦਰਜ ਹੈ ਕਿ ਭਾਈ ਮਹਾਰਾਜ ਸਿੰਘ ਨੂੰ ੧੯੫੦ ਵਿਚ ਕਾਲ ਕੋਠੜੀ ਵਿਚ ਬੰਦ ਕੀਤਾ ਗਿਆ । ੩੦ ਜੂਨ ੧੯੫੩ ਨੂੰ ਤਿੰਨ ਸਾਲ ਕਾਲ ਕੋਠੜੀ ਵਿਚ ਰਹਿਣ ਕਰਕੇ ਉਹਨਾਂ ਨੂੰ ਗੋਡਿਆਂ ਦੀ ਪੀੜ ਹੋ ਗਈ । ਅੱਖਾਂ ਦੀ ਨਜ਼ਰ ਜਾਂਦੀ ਰਹੀ ।

ਚਰਚ ਨੇ ਆਪਣੀ ਰਪੋਰਟ ਦੇ ਅੰਤ ਵਿਚ ਲਿਖਿਆ— "ਚੰਗਾ ਹੋਵੇ ਜੇ ਭਾਈ ਮਹਾਰਾਜ ਸਿੰਘ ਨੂੰ ਬਾਹਰ ਤੁਰਨ ਫਿਰਨ ਦੀ ਆਗਿਆ ਦਿਤੀ ਜਾਵੇ । ਉਸ ਨਾਲ ਕੋਈ ਕੈਦੀ ਗਲਬਾਤ ਨਹੀਂ ਕਰ ਸਕੇਗਾ । ਕਿਉਂਕਿ ਗੋਰੇ ਸਿਪਾਹੀ ਤੇ ਅਫਸਰ ਨਾਲ ਹੁੰਦੇ ਹਨ ।"

ਜੇਹੜਾ ਗਵਰਨਰ ਜਨਰਲ ਲਾਰਡ ਡਲਹੌਜ਼ੀ ਇਹ ਕਹਿੰਦਾ ਸੀ ਕਿ ਭਾਈ ਮਹਾਰਾਜ ਸਿੰਘ ਸ਼ਾਹੀ ਕੈਦੀ ਹਨ, ਇਹਨਾਂ ਨਾਲ ਚੰਗਾ ਵਰਤਾਉ ਕੀਤਾ ਜਾਵੇ, ਉਸੇ ਦੇ ਕਰਮਚਾਰੀ ਸਿੰਘਾ ਪੁਰ ਜੇਹਲ ਵਿਚ, ਬਾਬਾ ਜੀ ਨਾਲ ਸਖਤੀ ਦਾ ਵਰਤਾਉ ਕਰ ਰਹੇ ਸਨ । ਕਿਤਨਾ ਨਿਰਦਈ ਪੁਣਾ ਹੈ ਕਿ ਗਵਰਨਰ ਜਨਰਲ

ਦੇ ਚਰਚਾ ਦੀ ਸਿਫਾਰਸ਼ ਅਤੇ ਡਾਕਟਰ ਦੀ ਰਪੋਰਟ ਪ੍ਰਵਾਨ ਨਾ ਕੀਤੀ ਅਤੇ ਸਿੰਘਾਪੁਰ ਜੇਹਲ ਦੇ ਕਰਮਚਾਰੀਆਂ ਨੂੰ ਲਿਖਿਆ—"ਸ਼ਾਹੀ ਕੈਦੀਆਂ ਬਾਰੇ ਕਾਨੂੰਨ ਦੀ ਸਖਤੀ ਨਾਲ ਵਰਤੋਂ ਕੀਤੀ ਜਾਵੇ।"

੧੪ ਜਨਵਰੀ ਸੰਨ ੧੯੫੪ ਨੂੰ ਗਵਰਨਰ ਸਿੰਘਾਪੁਰਾ ਦੇ ਸਕੱਤ੍ਰ ਨੇ ਸਰਕਾਰ ਹਿੰਦ ਨੂੰ ਫਿਰ ਲਿਖਿਆ—

"ਮੈਂ ਆਪ ਦੀ ਸੇਵਾ ਵਿਚ ਭਾਈ ਮਹਾਰਾਜ ਸਿੰਘ ਸਬੰਧੀ ਅਸਿਸਟੈਂਟ ਸਰਜਨ ਦੀ ਰਿਪੋਰਟ ਭੇਜ ਰਿਹਾ ਹਾਂ। ਜਿਸ ਵਿਚ ਭਾਈ ਮਹਾਰਾਜ ਸਿੰਘ ਤੇ ਖੜਕ ਸਿੰਘ ਦੀ ਸੇਹਤ ਦਾ ਵੇਰਵਾ ਹੈ। "ਭਾਈ ਮਹਾਰਾਜ ਸਿੰਘ ਬਿਲਕੁਲ ਨੇਤਰ ਹੀਣ ਹੋ ਚੁਕੇ ਹਨ। ਹੁਣ ਉਹਨਾਂ ਲਈ ਕੋਈ ਉਪ੍ਰੇਸ਼ਨ ਵੀ ਸਫਲ ਨਹੀਂ ਹੋ ਸਕਦਾ।"

ਇਸ ਪੱਤ੍ਰਕਾ ਦੇ ਉਤਰ ਵਿਚ ਹਿੰਦ ਸਰਕਾਰ ਦੇ ਸਕੱਤ੍ਰ ਨੇ ਲਿਖਿਆ—

"ਭਾਈ ਮਹਾਰਾਜ ਸਿੰਘ ਦੀ ਸਿਹਤ ਲਈ ਜੋ ਯੋਗ ਪ੍ਰਬੰਧ ਹੋ ਸਕਣ ਜ਼ਰੂਰ ਕੀਤੇ ਜਾਣ।" ਪਰ ਕੁਝ ਨਾ ਕੀਤਾ ਗਿਆ। ੧ ਜੁਲਾਈ ੧੯੫੬ ਨੂੰ ਅਸਿਸਟੈਂਟ ਸਰਜਨ ਮਿ: ਜੈਮਸ ਕੂਪਰ ਸਿੰਘਾਪੁਰ ਜੇਹਲ ਨੇ ਸ਼ਾਹੀ ਕੈਦੀਆਂ ਬਾਰੇ ਆਪਣੀ ਛਿਮਾਹੀ ਰਿਪੋਰਟ ਵਿਚ ਗਵਰਨਰ ਜਨਰਲ ਨੂੰ ਲਿਖਿਆ—

"ਮੈਂ ਬੇਨਤੀ ਕਰਦਾ ਹਾਂ ਕਿ ਖੜਕ ਸਿੰਘ ਦੀ ਸੇਹਤ ਬਿਲਕੁਲ ਠੀਕ ਹੈ, ਪਰ ਭਾਈ ਮਹਾਰਾਜ ਸਿੰਘ ਦੀ ਹਾਲਤ ਚਿੰਤਾਜਨਕ ਹੋ ਚੁਕੀ ਹੈ। ਪਿਛਲੇ ਦੋ ਮਹੀਨਿਆਂ ਤੋਂ ਉਸਦੀ ਸਿਹਤ ਬਹੁਤ ਗਿਰਦੀ ਜਾ ਰਹੀ ਹੈ। ਉਹਦੀ ਜੀਭ ਪਰ ਖਬੇ ਪਾਸੇ ਕੈਂਸਰ ਹੋ ਗਿਆ ਹੈ, ਜਿਸ ਵਿਚੋਂ ਲਹੂ ਰਸਦਾ ਰਹਿੰਦਾ ਹੈ। ਇਸ ਨਾਲ ਉਸਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਉਸ ਨੇ ਦੋ ਮਹੀਨਿਆਂ ਤੋਂ ਕੋਈ ਖੁਰਾਕ ਨਹੀਂ

ਖਾਧੀ । ਉਹ ਕਈ ਹਫਤਿਆਂ ਤੋਂ ਪਾਨੀ ਵਿਚ ਲੂਣ ਤੇ ਨਿੰਬੂ ਦਾ ਰਸ ਮਿਲਾ ਕੇ ਲੈ ਰਿਹਾ ਹੈ ।

"ਮੈਂ ਸਿਫਾਰਸ਼ ਕਰਦਾ ਹਾਂ ਕਿ ਦੋਹਾਂ ਕੈਦੀਆਂ ਨੂੰ ਬਾਹਰ ਸੈਰ ਕਰਨ ਦੀ ਖੁਲ੍ਹ ਦਿਤੀ ਜਾਵੇ । ਗੰਦੇ ਖੂਨ ਦੇ ਡਿਗਣ ਕਾਰਨ ਕਮਰੇ ਅੰਦਰ ਦੁਰਗੰਧੀ ਫੈਲ ਗਈ ਹੈ । ਕਮਰੇ ਵਿਚ ਤਾਜ਼ਾ ਹਵਾ ਦਾ ਪ੍ਰਵੇਸ਼ ਨਹੀਂ ਹੋ ਸਕਦਾ। ਇਸ ਲਈ ਕਮਰਾ ਬਹੁਤ ਗੰਦਾ ਹੋ ਗਿਆ ਹੈ । ਖੁਲ੍ਹੀ ਹਵਾ ਲਈ ਇੰਨਾ ਦੀ ਹਵਾਲਾਤ ਵਿਚ ਤਬਦੀਲੀ ਕਰਨੀ ਜ਼ਰੂਰੀ ਹੈ ।" ਜੇਕਰ ਹੋਰ ਕੁਝ ਨਹੀਂ ਤਾਂ ਇਹਨਾਂ ਨੂੰ ਕਿਸੇ ਘੋੜਾ ਗੱਡੀ ਵਿਚ ਬਿਠਾ ਕੇ ਖੁਲ੍ਹੀ ਹਵਾ ਵਿਚ ਫਿਰਾਇਆ ਜਾਵੇ ।

"ਭਾਈ ਮਹਾਰਾਜਾ ਸਿੰਘ ਦੀ ਹਾਲਤ ਅਤਿ ਚਿੰਤਾ ਜਨਕ ਹੈ। ਉਸ ਲਈ ਸੈਰ ਬਹੁਤ ਜ਼ਰੂਰੀ ਹੈ ।' ਇਹ ਹਫਤੇ ਵਿਚ ਘਟ ਤੋਂ ਘਟ ਦੋ ਵੇਰ ਹੋਣੀ ਚਾਹੀਦੀ ਹੈ ।

ਅਸਿਸਟੈਂਟ ਸਰਜਨ ਜੈਮਸ ਕੂਪਰ ਦੀ ਇਸ ਰਿਪੋਟਰ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਗਈ । ਬਾਬਾ ਜੀ ਦੀ ਹਾਲਤ ਦਿਨ ਬਦਿਨ ਖਰਾਬ ਹੁੰਦੀ ਚਲੀ ਜਾ ਰਹੀ ਸੀ ।

ਸਿੰਘਾਪੁਰ ਜੇਹਲ ਵਿਚ ਬਾਬਾ ਜੀ ਦੀ ਨਿਗਰਾਨੀ ਲਈ ਗੋਰਿਆਂ ਦਾ ਪਹਿਰਾ ਰਖਿਆ ਗਿਆ । ਕੋਈ ਹਿੰਦੁਸਤਾਨੀ ਉਹਨਾਂ ਨਾਲ ਮੁਲਾਕਾਤ ਨਹੀਂ ਸੀ ਕਰ ਸਕਦਾ ।

ਸੂਰਜ ਚੰਨ ਅਤੇ ਤਾਰਿਆਂ ਦੇ ਪ੍ਰਕਾਸ਼ ਵਿਚ ਉਹਨਾਂ ਨੂੰ ਤੁਰਨ ਫਿਰਨ ਦੀ ਆਗਿਆ ਨਹੀਂ ਸੀ ਸਵੱਛ ਹਵਾ ਉਹਨਾਂ ਦੇ ਕਮਰੇ ਵਿਚ ਪ੍ਰਵੇਸ ਨਹੀਂ ਕਰ ਸਕਦੀ ਸੀ, ਉਹ ਪਿੰਜਰੇ ਵਿਚ ਪਏ ਸ਼ੇਰ ਵਾਂਗ ਸਨ, ਜੋ ਬੁਕਦਾ ਤਾਂ ਹੈ ਪਰ ਦੁਸ਼ਮਨ ਪਰ ਝਪਟ ਨਹੀਂ ਮਾਰ ਸਕਦਾ ।

ਸ਼ਾਹੀ ਕੈਦੀਆਂ ਨੂੰ ਚਿੱਠੀ ਪੱਤਰ ਕਰਨ ਦੀ ਆਗਿਆ ਹੁੰਦੀ ਹੈ, ਪਰ ਬਾਬਾ ਜੀ ਨੂੰ ਇਸ ਦੀ ਵੀ ਖੁਲ੍ਹ ਨਹੀਂ ਦਿਤੀ

ਗਈ । ਪੰਜਾਬ ਵਿਚ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਉਹ ਕਿਥੇ ਕੈਦ ਕੀਤੇ ਗਏ ਹਨ । ਡੇਰਾ ਨੌਰੰਗਾਬਾਦ ਦੇ ਸੇਵਾਦਾਰਾਂ ਨੂੰ ਉਹਨਾਂ ਬਾਰੇ ਕੋਈ ਇਲਮ ਨਹੀਂ ਸੀ ।

ਇਸੇ ਲਈ ਪੰਡਤ ਸ਼ੇਰ ਸਿੰਘ ਨੇ "ਬੀਰ ਮ੍ਰਿਗੇਸ਼" ਦੇ ਪੰਨਾ ੧੫੯੩ ਪਰ ਲਿਖਿਆ ਹੈ ਕਿ ਅੰਗਰੇਜਾਂ ਨੇ ਸੰਮਤ ੧੯੦੫ ਬਿਕ੍ਰਮੀ ਵਿਚ ਬਾਬਾ ਜੀ ਨੂੰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ । ਉਥੇ ਹੀ ਉਹਨਾਂ ਦਾ ਦੇਹਾਂਤ ਹੋਇਆ ਅਤੇ ਸਮਾਧ ਬਣੀ ਹੋਈ ਹੈ । ਵਾਸਤਵ ਵਿਚ ਬਾਬਾ ਜੀ ਸਿੰਘਾਪੁਰ ਦੀ ਜੇਹਲ ਵਿਚ ਤਸੀਹੇ ਸਹਾਰ ਰਹੇ ਸਨ ।

ਅੰਗਰੇਜ਼ਾਂ ਨੇ ਇਹ ਦਰਦਨਾਕ ਵਰਤਾਉ ਉਸ ਮਹਾਂਪੁਰਸ਼ ਨਾਲ ਕੀਤਾ, ਜਿਸਦਾ ਸਤਕਾਰ ਪੰਜਾਬ ਦੇ ਸਾਰੇ ਲੋਕ ਕਰਦੇ ਸਨ । ਜਿਨ੍ਹਾਂ ਨੂੰ ਆਦਮਪੁਰ (ਦੁਆਬੇ) ਦੀ ਝਿੜੀ ਵਿਚੋਂ ਗ੍ਰਿਫਤਾਰ ਕਰਨ ਵਾਲੇ ਮਿ: ਵੈਨਸਟਾਰਟ ਡਿਪਟੀ ਕਮਿਸ਼ਨਰ ਜਲੰਧਰ ਨੇ ਆਪਣੀ ਇਕ ਚਿਠੀ ਵਿਚ ਮਿ: ਮੈਕਲੋਡ ਕਮਿਸ਼ਨਰ ਦੁਆਬਾ ਨੂੰ ਇਹ ਲਿਖਿਆ ਸੀ—

"ਇਹ ਸੋਚਣਾ ਕਾਫੀ ਹਦ ਤੀਕ ਦਰੁਸਤ ਹੈ ਕਿ ਮਹਾਰਾਜ ਸਿੰਘ ਨੇ ਤਿੰਨ ਹਫਤੇ ਦੁਆਬੇ ਵਿਚ ਠਹਿਰਨ ਦੇ ਨਾਲ ਜੇਹੜੀ ਗੜਬੜ ਹੋਈ ਹੈ, ਮਾਝੇ ਵਿਚ ਇਸ ਤੋਂ ਹੋਰ ਵਧੀਕ ਹੋ ਸ਼ਕਦੀ ਸੀ । ਕਿਉਂਕਿ ਭਾਈ ਮਹਾਰਾਜ ਸਿੰਘ ਨੇ ਉਸ ਇਲਾਕੇ ਵਿਚ ਕਈ ਮਹੀਨੇ ਗੁਜ਼ਾਰੇ ਹਨ ਅਤੇ ਉਹ ਉਥੋਂ ਦੇ ਹਾਲਾਤ ਤੋਂ ਬਹੁਤ ਜਾਣੂ ਹਨ । ਅਸੀਂ ਉਸ ਇਲਾਕੇ ਵਿਚ ਹੋਣ ਵਾਲੇ ਸੰਘਰਸ਼ ਨੂੰ ਵਧੇਰੇ ਖਤਰਨਾਕ ਸਮਝਦੇ ਹਾਂ ।"

ਅਗੇ ਚਲਕੇ ਵੈਨਸਟਾਰਟ ਭਾਈ ਮਹਾਰਾਜ ਸਿੰਘ ਜੀ ਦੇ ਆਚਰਨ ਬਾਰੇ ਲਿਖਦਾ ਹੈ—

"ਭਾਈ ਮਹਾਰਾਜ ਸਿੰਘ ਕੋਈ ਸਾਧਾਰਨ ਪੁਰਸ਼ ਨਹੀਂ ਹਨ । ਉਹ ਆਪਣੇ ਦੇਸ ਵਾਸੀਆਂ ਵਿਚ ਉਤਨਾ ਹੀ ਸਤਕਾਰਿਆ

ਜਾਂਦੇ ਹਨ, ਜਿਤਨਾ ਕਿ ਈਸਾਈ ਈਸਾ ਮਸੀਹ ਨੂੰ ਸਤਕਾਰੇ ਹਨ । ਹਜ਼ਾਰਾਂ ਲੋਕਾਂ ਨੇ ਉਹਨਾਂ ਦੀਆਂ ਕਰਾਮਾਤਾਂ ਵੇਖੀਆਂ ਹਨ । ਉਹ ਨਿਰਸੰਦੇਹ ਇਹ ਮੰਨਦੇ ਹਨ ਕਿ ਉਹਨਾਂ ਨੇ ਪੁਰਾਤਨ ਪੈਗੰਬਰਾਂ ਵਾਂਗ ਕੰਮ ਕੀਤਾ ਹੈ।"

ਮਿਸਟਰ ਮੈਕਲੋਡ ਕਮਿਸ਼ਨਰ ਦੁਆਬੇ ਨੇ ੧੧ ਅਕਤੂਬਰ ਸੰਨ ੧੯੫੦ ਨੂੰ ਆਪਣੀ ਰਪੋਰਟ ਵਿਚ ਬਾਬਾ ਮਹਾਰਾਜ ਸਿੰਘ ਦੇ ਉਤਮ ਗੁਣਾਂ ਦੀ ਅਲੋਚਨਾ ਕਰਦੇ ਹੋਏ ਲਿਖਿਆ ਸੀ—"ਮੈਨੂੰ ਨਿਸਚਤ ਤੌਰ ਤੇ ਮਾਲੂਮ ਹੁੰਦਾ ਹੈ ਕਿ ਭਾਈ ਮਹਾਰਾਜ ਸਿੰਘ ਸਤਿਕਾਰ ਯੋਗ ਤੇ ਮਾਰਕੇ ਦੇ ਪੁਰਸ਼ ਹਨ । ਉਹਨਾਂ ਨੇ ਬਹੁਤ ਸਿਆਣਪ ਤੇ ਸਵੈ-ਭਰੋਸਾ ਪ੍ਰਗਟ ਕੀਤਾ ਹੈ।

"ਉਹ ਆਪਣੇ ਅੰਦਰ ਸੰਤ ਪੁਣੇ ਤੇ ਸਵੈ-ਭਰੋਸੇ ਦੇ ਗੁਣ ਚਿਤ ਰਹਿਣ ਵਾਲੇ ਸਨ । ਉਹਨਾਂ ਦੇ ਜੋ ਵਿਚਾਰ ਸਨ ਉਹਨਾਂ ਦਾ ਇਲਮ ਉਹਨਾਂ ਨੂੰ ਹੀ ਸੀ । ਉਹਨਾਂ ਵਿਚ ਇਕ ਵਿਸ਼ੇਸ਼ ਗੁਣ ਇਹ ਸੀ ਕਿ ਉਹ ਆਪਣੇ ਇਰਾਦਿਆਂ ਨੂੰ ਦੂਜਿਆਂ ਪਾਸੋਂ ਕਰਵਾ ਸਕਦੇ ਸਨ। ਕਿਸੇ ਵਾਪਰਨ ਵਾਲੀ ਘਟਨਾ ਦਾ ਉਨ੍ਹਾਂ ਨੂੰ ਪਹਿਲੇ ਹੀ ਗਿਆਨ ਹੁੰਦਾ ਸੀ । ਜੇਹੜਾ ਕਿ ਮਹਾਂ ਪੁਰਖ ਵਿਚ ਹੋਣਾ ਜ਼ਰੂਰੀ ਹੈ । ਇੰਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਉਨ੍ਹਾਂ ਦੀ ਹਿਸਟਰੀ ਤੋਂ ਪਤਾ ਲਗਦਾ ਹੈ।"

ਮਿਸਟਰ ਮੈਕਲੋਡ ਦੀ ਰਾਇ ਹੈ ਕਿ ਬਾਬਾ ਮਹਾਰਾਜ ਸਿੰਘ ਵਿਚ ਇਖਲਾਕੀ ਦਲੇਰੀ ਬਹੁਤ ਸੀ, ਜਿਸਨੇ ਉਹਨਾਂ ਨੂੰ ਆਗੂ ਹੋਣ ਯੋਗ ਬਣਾਇਆ ।

ਆਪਣੀ ਰਪੋਰਟ ਦੇ ਅੰਤ ਵਿਚ ਮਿ: ਮੈਕਲੋਡ ਲਿਖਦਾ ਹੈ—

"ਬਾਬਾ ਜੀ ਦਾ ਪਵਿਤ੍ਰ ਆਚਰਨ ਇਕ ਅਜਿਹਾ ਗੁਣ ਸੀ ਜਿਸ ਨੇ ਲੋਕਾਂ ਵਿਚ ਉਹਨਾਂ ਦਾ ਸਤਕਾਰ ਹੁਣ ਤੀਕ ਸਦੀਵ ਕਾਇਮ ਰਖਿਆ । ਉਨ੍ਹਾਂ ਨੇ ਕਈ ਇਲਾਕਿਆਂ ਵਿਚੋਂ ਹਜ਼ਾਰਾਂ ਆਦਮੀਆਂ ਨੂੰ ਇਕਤ੍ਰ ਕੀਤਾ, ਜੇਹੜੇ ਇਕੋ ਉਦੇਸ਼ ਲਈ ਲੜੇ ਹਨ ।"

"ਜੰਮੂ ਦੇ ਇਲਾਕੇ ਵਿਚ ਜਦ ਉਹ ਘੁੰਮ ਰਹੇ ਸਨ, ਹਜ਼ਾਰਾਂ ਆਦਮੀ ਉਹਨਾਂ ਦੇ ਨਾਲ ਸਨ । ਇਹ ਗਲ ਸਾਬਤ ਕਰਦੀ ਹੈ ਕਿ ਉਹਨਾਂ ਦਾ ਕੇਵਲ ਦੁਆਬੇ ਵਿਚ ਹੀ ਪ੍ਰਭਾਵ ਨਹੀਂ ਸੀ, ਬਲਕਿ ਨਿਸਚਤ ਤੌਰ ਤੇ ਮਾਝੇ ਅਤੇ ਮਾਲਵੇ ਵਿਚ ਵੀ ਉਨ੍ਹਾਂ ਦੀ ਲਹਿਰ ਦਾ ਅਸਰ ਸੀ ।"

ਮਿਸਟਰ ਮੈਕਲੋਡ ਦੀ ਉਪ੍ਰੋਕਤ ਰਪੋਰਟ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਬਾਬਾ ਮਹਾਰਾਜ ਸਿੰਘ ਜੀ ਕਿਤਨੇ ਸਤ ਪੁਰਸ਼ ਸਨ । ਸਿਖ ਜਨਤਾ ਅਤੇ ਪੰਜਾਬ ਵਿਚ ਉਹਨਾਂ ਦਾ ਕਿਤਨਾ ਡੂੰਘਾ ਤੇ ਵਿਆਪਕ ਪ੍ਰਭਾਵ ਸੀ ।

ਸੰਸਾਰ ਵਿਚ ਲੱਖਾਂ ਆਦਮੀ ਬੁਢਾਪੇ ਅਤੇ ਰੋਗਾਂ ਨਾਲ ਮਰਦੇ ਹਨ । ਕਈ ਜ਼ਿੰਦਗੀ ਤੇ ਤੰਗ ਆ ਕੇ ਆਤਮਘਾਤ ਕਰਦੇ, ਹਾਦਸਿਆਂ ਅਤੇ ਲੜਾਈ ਝਗੜਿਆਂ ਦਾ ਸ਼ਿਕਾਰ ਹੁੰਦੇ ਹਨ । ਕਾਇਰ ਆਦਮੀ ਮਰਨ ਤੋਂ ਬਚਣ ਲਈ ਤਰਲੇ ਲੈਂਦੇ, ਰੋਂਦੇ ਚੀਕਦੇ ਅਤੇ ਹਉਕੇ ਭਰਦਿਆਂ ਜਾਨ ਦੇਂਦੇ ਹਨ । ਪਰ ਸੂਰਬੀਰ ਅਤੇ ਸ਼ਹੀਦ ਮੌਤ ਨੂੰ ਖਿੜੇ ਮਥੇ ਕਬੂਲ ਕਰਦੇ ਹਨ । ਉਸ ਨੂੰ ਗਲਵਕੜੀ ਪਾਉਂਦੇ ਹਨ । ਪ੍ਰਸਿਧ ਕਵੀ ਸ਼ੈਕਸਪੀਅਰ ਦਾ ਕਥਨ ਹੈ—ਕਾਇਰ ਆਦਮੀ ਮਰਨ ਤੋਂ ਪਹਿਲੇ ਕਈ ਵਾਰ ਮਰਦੇ ਹਨ । ਸੂਰਬੀਰ ਤੇ ਬਹਾਦਰ ਇਕੋ ਵੇਰ ਹੀ ਮਰਦੇ ਹਨ । ਬਾਬਾ ਮਹਾਰਾਜ ਸਿੰਘ ਜੀ ਅਜਿਹੇ ਸੂਰਬੀਰਾਂ ਤੇ ਸ਼ਹੀਦਾਂ ਚੋਂ ਇਕ ਹਨ ।

ਜਿਸ ਤਰ੍ਹਾਂ ਠੰਡਾ ਜਲ ਵਰਸਾਉਣ ਵਾਲੇ ਬਦਲਾਂ ਨੂੰ ਜਦ ਹਵਾ ਟਕਰਾਉਂਦੀ ਹੈ, ਉਨ੍ਹਾਂ ਵਿਚੋਂ ਵੀ ਬਿਜਲੀ ਪ੍ਰਗਟ ਹੁੰਦੀ ਹੈ। ਸੀਤਲ ਚੰਦਨ ਨੂੰ ਪਾਣੀ ਨਾਲ ਸਿਲ ਉਤੇ ਰਗੜੋ, ਉਸ ਵਿਚ ਵੀ ਗਰਮੀ ਪੈਦਾ ਹੋ ਜਾਂਦੀ ਹੈ। ਇਸੇ ਤਰ੍ਹਾਂ ਲਾਹੌਰ ਦਰਬਾਰ ਵਿਚ ਡੋਗਰਿਆਂ, ਸੰਧਾਵਾਲੀਆਂ ਤੇ ਅੰਗਰੇਜ਼ਾਂ ਦੀਆਂ ਸਾਜ਼ਸ਼ਾਂ ਕਰਕੇ ਜੋ ਅਗਨਿ ਪ੍ਰਚੰਡ ਹੋਈ, ਉਸ ਵਿਚ ਸੰਤ ਬਾਬਾ ਬੀਰ ਸਿੰਘ ਜੀ ਨੇ ਅਹੂਤੀ ਦੇ ਕੇ ਉਸ ਨੂੰ ਸ਼ਾਂਤ ਕਰਨ ਦਾ ਜਤਨ ਕੀਤਾ। ਉਨ੍ਹਾਂ ਦੇ ਚਰਨ ਸੇਵਕ, ਭਗਤੀ ਅਤੇ ਸੇਵਾ ਦੀ ਮੂਰਤਿ ਬਾਬਾ ਮਹਾਰਾਜ ਸਿੰਘ ਗੋਰਾ ਸ਼ਾਹੀ ਵਲੋਂ ਪੰਜਾਬ ਪਰ ਕਬਜ਼ਾ ਕਰਨ ਦੀਆਂ ਚਾਲਾਂ, ਮਹਾਰਾਣੀ ਜਿੰਦਾਂ ਨਾਲ ਕੀਤੀ ਗਈ ਬੇਤਰਸੀ, ਕੈਦ ਤੇ ਮਹਾਰਾਜਾ ਦਲੀਪ ਸਿੰਘ ਦਾ ਰਾਜ ਭਾਗ ਖੋਹ ਕੇ ਉਸਨੂੰ ਦੇਸ਼ ਨਿਕਾਲਾ ਦੇਣ ਦੇ ਹਾਲਾਤ ਨੂੰ ਬਰਦਾਸ਼ਤ ਨਹੀਂ ਕਰ ਸਕੇ। ਉਨ੍ਹਾਂ ਨੇ ਇਕ ਭਜਨੀਕ, ਤਪਸਵੀ, ਸੰਤ ਤੇ ਸੇਵਕ ਨੂੰ ਜਰਨੈਲ ਤੇ ਨੀਤੀਵਾਨ ਬਣਾ ਦਿਤਾ। ਵਿਦੇਸ਼ੀ ਗੁਲਾਮੀ ਵਿਰੁਧ ਅਤੁਟ ਸੰਗ੍ਰਾਮ ਕਰਦੇ ਹੋਏ ਉਹ ਰਣ ਖੇਤਰ ਵਿਚ ਲੜਦੇ ਰਹੇ। ਉਨ੍ਹਾਂ ਨੂੰ ਗੋਰਾ ਸ਼ਾਹੀ ਨੇ ਗ੍ਰਿਫਤਾਰ ਕਰਕੇ ਸਿੰਘਾਪੁਰ ਜੇਲ੍ਹ ਵਿਚ ਕੈਦ ਰਖਿਆ। ਬੜੀ ਦ੍ਰਿੜਤਾ, ਦਲੇਰੀ, ਸਿਖੀ ਸਿਦਕ, ਦੇਸ਼ ਦੀ ਆਜ਼ਾਦੀ ਦੇ ਜਜ਼ਬੇ ਨਾਲ ਭਰਪੂਰ ਹੋਕੇ ਉਨ੍ਹਾਂ ਨੇ ਜੇਹਲ ਦੇ ਅਕਹਿ ਤਸੀਹੇ ਸਹਾਰੇ। ਅਖੀਰ ਭਗਤੀ, ਸੇਵਾ ਤੇ ਬੀਰਤਾ ਦਾ ਜੀਵਨ ਸਫਲ ਕਰਦੇ ਹੋਏ ੫ ਜੁਲਾਈ ੧੯੫੬ ਨੂੰ ਅੰਮ੍ਰਿਤ ਵੇਲੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਅੰਗਰੇਜ਼ੀ ਸਾਮਰਾਜ ਵਿਰੁਧ ਚੇਲੀਆਂ ਵਾਲੇ ਤੇ ਗੁਜਰਾਤ ਵਿਚ ਲੜਨ ਵਾਲੇ ਸੂਰਬੀਰ ਸ: ਚਤਰ ਸਿੰਘ ਤੇ ਰਾਜਾ ਸ਼ੇਰ ਸਿੰਘ ਅਟਾਰੀ ਦਾ ਦੇਹਾਂਤ ਫੋਰਟ ਵਿਲੀਅਮ ਕਲਕਤੇ ਵਿਚ ਹੋਇਆ। ਸ: ਸੂਰਤ ਸਿੰਘ ਬਨਾਰਸ ਵਿਚ ਗੁਜ਼ਰੇ। ਬਾਬਾ ਬਿਕ੍ਰਮ ਸਿੰਘ ਬੇਦੀ ਦਾ ਚਲਾਣਾ ਢਾਬ ਵਸਤੀ ਰਾਮ ਅੰਮ੍ਰਿਤਸਰ ਵਿਚ ਤੇ ਬਾਬਾ

ਮਹਾਰਾਜ ਸਿੰਘ ਜੀ ਸਿੰਘਾਪੁਰ ਜੇਹਲ ਵਿਚ ਸ਼ਹੀਦ ਹੋਏ । ਦਸ਼ ਦੀ ਆਜ਼ਾਦੀ ਲਈ ਜਿੰਨਾਂ ਦੇਸ਼ ਭਗਤਾਂ ਨੇ ਅੰਗਰੇਜ਼ ਦੀਆਂ ਜੇਲ੍ਹਾਂ ਤੇ ਕਾਲੇ ਪਾਣੀ ਵਿਚ ਜਾਨਾਂ ਦਿਤੀਆਂ ਹਨ, ਬਾਬਾ ਜੀ ਉਨ੍ਹਾਂ ਦੇ ਸਰਦਾਰ ਹਨ ।

ਕਬੀਰ ਸਾਹਿਬ ਨੇ ਬਾਬਾ ਮਹਾਰਾਜ ਸਿੰਘ ਵਰਗੇ ਸੂਰਬੀਰਾਂ ਤੇ ਸ਼ਹੀਦਾਂ ਲਈ ਹੀ ਕਿਹਾ ਹੈ—

ਕਬੀਰ ਮਰਤਾ ਮਰਤਾ ਜਗ ਮੂਆ ਮਰ ਭੀ ਨ ਜਾਨੈ ਕੋਇ ।
ਐਸੀ ਮਰਨੀ ਜੋ ਮਰੈ ਬਹੁਰ ਨਾ ਮਰਨਾ ਹੋਇ ।

ਬਾਬਾ ਮਹਾਰਾਜ ਸਿੰਘ ਜੀ ਦੇ ਨਾਮ ਪਰ ਇਕ ਡੇਰਾ ਅੰਮ੍ਰਿਤਸਰ ਵਿਚ ਸੁਲਤਾਨ ਵਿੰਡ ਤੇ ਚਾਟੀਵਿੰਡ ਦਰਵਾਜ਼ੇ ਦੇ ਵਿਚਕਾਰ ਮੌਜੂਦ ਹੈ । ਇਸਦੇ ਮਹੰਤ ਆਸਾ ਸਿੰਘ, ਨਾਨਕ ਸਿੰਘ ਤੇ ਰਘੁਬੀਰ ਸਿੰਘ ਹੋ ਚੁਕੇ ਹਨ ।

ਇਸ ਵਕਤ ਰਘੁਬੀਰ ਸਿੰਘ ਜੀ ਦੀ ਸੰਤਾਨ ਬੀਰ ਬਿਕ੍ਰਮਾ ਜੀਤ ਸਿੰਘ ਤੇ ਬਲਬੀਰ ਸਿੰਘ ਡੇਰੇ ਦੀ ਸੇਵਾ ਕਰਦੇ ਹਨ ।

੨੨.

ਅੰਤਕਾ

ਪਹਿਲੀ ਵੇਰ ਇਹ ਪੁਸਤਕ ਮਈ ੧੯੬੨ ਵਿਚ ਪ੍ਰਕਾਸ਼ਤ ਹੋਈ ਸੀ, ਹੁਣ ਇਹ ਤੀਜੀ ਐਡੀਸ਼ਨ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤੀ ਜਾ ਰਹੀ ਹੈ । ਪਹਿਲੀ ਐਡੀਸ਼ਨ ਵਿਚ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਦੇ ਜੀਵਨ ਦੇ ੧੮ ਕਾਂਡ ਸਨ । ੧੯ਵਾਂ ਕਾਂਡ ਉਨ੍ਹਾਂ ਦੇ ਉਤਰ ਅਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਦੇ ਜੀਵਨ ਦਾ ਸੀ । ਇਸ ਐਡੀਸ਼ਨ ਵਿਚ ਇਕ ਕਾਂਡ ਬਾਬਾ ਬੀਰ ਸਿੰਘ ਜੀ ਅਤੇ ਇਕ ਕਾਂਡ ਬਾਬਾ ਮਹਾਰਾਜ ਸਿੰਘ ਜੀ ਦਾ ਵਧਾਇਆ ਗਿਆ ਹੈ ।

ਪਹਿਲੀ ਐਡੀਸ਼ਨ ਵਿਚ ਬਾਬਾ ਮਹਾਰਾਜ ਸਿੰਘ ਜੀ ਦੇ ਜੀਵਨ ਦੇ ਅੰਤ ਵਿਚ ਅਸੀਂ ਇਹ ਸਬਦ ਲਿਖੇ ਸਨ—

"ਇਸ ਵਕਤ ਜਦ ਕਿ ਇੰਡੀਅਨ ਹਿਸਟਾਰੀਕਲ ਰੀਕਾ-ਰਡ ਕਮੀਸ਼ਨ ਦੀ ਨਿਗਰਾਨੀ ਹੇਠ ਆਜ਼ਾਦ ਹਿੰਦੁਸਤਾਨ ਦਾ ਇਤਿਹਾਸ ਲਿਖਵਾਇਆ ਜਾ ਰਿਹਾ ਹੈ ਅਤੇ ਅੰਗਰੇਜ਼ੀ ਰਾਜ ਦੇ ਸਮੇਂ ਦੀਆਂ ਸਾਰੀਆਂ ਰਪੋਰਟਾਂ ਤੇ ਰੀਕਾਰਡਾਂ ਦੀ ਛਾਣ ਬੀਣ ਕੀਤੀ ਜਾ ਰਹੀ ਹੈ, ਇਸ ਹਾਲਤ ਵਿਚ ਬਾਬਾ ਮਹਾਰਾਜ ਸਿੰਘ ਦੀ ਨਜ਼ਰਬੰਦੀ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਦੀ ਖੋਜ ਪੜਤਾਲ ਹੋਣੀ ਜ਼ਰੂਰੀ ਹੈ, ਕਿਉਂਕਿ ਉਹ ਦੇਸ਼ ਦੇ ਇਕ ਸੂਰਬੀਰ ਸੰਤ

ਸਿਪਾਹੀ ਸਨ ।"

ਸਾਨੂੰ ਇਸ ਗਲ ਦੀ ਬੜੀ ਪ੍ਰਸੰਨਤਾ ਹੋਈ ਹੈ ਕਿ ਸਾਡੀ ਕੇਂਦਰੀ ਸ੍ਰਕਾਰ ਨੇ ਦਿਲੀ ਵਿਚ ਇਕ "ਨੈਸ਼ਨਲ ਆਰਕਾਈਵਜ਼' ਕਾਇਮ ਕੀਤੀ ਹੈ, ਜਿਸ ਵਿਚ ਅੰਗਰੇਜ਼ੀ ਰਾਜ ਦੇ ਸਮੇਂ ਦਾ ਰੀਕਾਰਡ ਵੀ ਰਖਿਆ ਹੈ।

ਉਸ ਵਿਚੋਂ ਸ: ਨਾਂਹਰ ਸਿੰਘ ਐਮ. ਏ. ਨੇ ਬਾਬਾ ਮਹਾਰਾਜ ਸਿੰਘ ਜੀ ਬਾਰੇ ਜਰੂਰੀ ਲਿਖਤਾਂ ਦੀ ਖੋਜ ਤੇ ਉਨ੍ਹਾਂ ਦਾ ਉਤਾਰਾ ਅਤੇ ਸੰਗ੍ਰਹਿ ਕੀਤਾ ਹੈ।

ਸੰਤ ਈਸ਼ਰ ਸਿੰਘ ਜੀ ਰਾੜੇਵਾਲੇ, ਜੋ ਸੰਤ ਬਾਬਾ ਬੀਰ ਸਿੰਘ ਜੀ ਤੇ ਬਾਬਾ ਮਹਾਰਾਜ ਸਿੰਘ ਜੀ ਦੀ ਸ਼ਾਖ ਵਿਚੋਂ ਹਨ, ਉਨ੍ਹਾਂ ਦੇ ਪੁਰਸ਼ਾਰਥ ਨਾਲ ਸ੍ਰਕਾਰੀ ਲਿਖਤਾਂ ਦਾ ਉਹ ਸੰਗ੍ਰਹਿ ਮਈ ੧੯੬੮ ਵਿਚ "ਡਾਕੂ ਮੈਂਟਜ਼ ਰੀਲੇਟਿੰਗ ਟੂ ਭਾਈ ਮਹਾਰਾਜ ਸਿੰਘ ਅੰਗਰੇਜ਼ੀ ਵਿਚ ਪ੍ਰਕਾਸ਼ਤ ਹੋਇਆ ਹੈ।" ਉਸ ਤੋਂ ਬਾਬਾ ਮਹਾਰਾਜ ਸਿੰਘ ਜੀ ਦੇ ਜੀਵਨ ਬਾਰੇ ਬਹੁਤ ਕੀਮਤੀ ਵਾਕਫੀਅਤ ਮਿਲਦੀ ਹੈ। ਉਸਦੇ ਆਧਾਰ ਉਤੇ ਹੀ ਇਸ ਪੁਸਤਕ ਵਿਚ ਬਾਬਾ ਜੀ ਦੇ ਜੀਵਨ ਸਬੰਧੀ ਵਾਧਾ ਕੀਤਾ ਗਿਆ ਹੈ।

ਪਾਠਕਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਉਹ ਇਸ ਪੁਸਤਕ ਨੂੰ ਗਹੁ ਅਤੇ ਵਿਚਾਰ ਨਾਲ ਪੜ੍ਹਨ। ਇਸ ਵਿਚ ਜੇ ਕੋਈ ਤਰੁਟੀ ਵੇਖਣ ਜਾਂ ਹੋਰ ਮੈਟਰ ਭੇਜਣਾ ਚਾਹੁੰਣ ਤਾਂ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ।

ਗੁਰੂ ਪੰਥ ਦਾ ਦਾਸ—

ਪ੍ਰਤਾਪ ਸਿੰਘ ਗਿਆਨੀ
ਸਾਬਕ ਜਥੇਦਾਰ ਸ੍ਰੀ ਅਕਾਲ ਤਖਤ
ਅੰਮ੍ਰਿਤਸਰ

੧੫ ਜੁਲਾਈ ੧੯੭੯)
ਮਿਤੀ ੧ ਹਾੜ)
ਸੰਮਤ ੨੦੩੬ ਬਿ:)